### ਅਧਿਆਇ 6

# ਮਸੀਹੀ ਚਾਲ

## (ਭਾਗ 2)

5:2–6:10 ਵਿਚ ਮਸੀਹੀ ਚਾਲ ਦੀ ਪੌਲੁਸ ਦੀ ਚਰਚਾ ਹੋਰਨਾਂ ਮਸੀਹੀਆਂ ਲਈ ਸਹਾਇਕ ਹੋਣ ਵਾਲੀਆਂ ਹਦਾਇਤਾਂ ਦੇ ਨਾਲ ਖ਼ਤਮ ਹੁੰਦੀ ਹੈ (6:1–10)। ਰਸੂਲ ਨੇ ਆਪਣੇ ਹੱਥ ਨਾਲ ਪ੍ਰਭੂ ਦੇ ਵਫ਼ਾਦਾਰ ਰਹਿਣ ਲਈ ਗਲਾਤੀਆਂ ਨੂੰ ਹੱਲਾਸ਼ੇਰੀ ਦਿੰਦਿਆਂ ਆਪਣੀਆਂ ਆਖਰੀ ਟਿੱਪਣੀਆਂ ਨਾਲ ਖ਼ਤ ਨੂੰ ਖ਼ਤਮ ਕੀਤਾ (6:11–18)।

### ਇਕ ਦੂਜੇ ਦਾ ਭਾਰ ਚੁੱਕਣਾ (6:1-10)

**1ਹੇ ਭਰਾਵੋ, ਜੇ ਕੋਈ ਮਨੁੱਖ ਕਿਸੇ ਅਪਰਾਧ ਵਿਚ ਫੜਿਆ ਵੀ ਜਾਵੇ ਤਾਂ ਤੁਸੀਂ ਜਿਹੜੇ ਆਤਮਕ ਹੋ**
**ਅਜਿਹੇ ਮਨੁੱਖ ਨੂੰ ਨਰਮਾਈ ਦੇ ਸੁਭਾਉ ਨਾਲ ਸੁਧਾਰੋ ਅਤੇ ਤੂੰ ਆਪਣੇ ਆਪ ਵੱਲ ਧਿਆਨ ਰੱਖ ਮਤੇ ਤੂੰ**
**ਵੀ ਪਰਤਾਵੇ ਵਿਚ ਪਵੇਂ। 2ਤੁਸੀਂ ਇਕ ਦੂਏ ਦੇ ਭਾਰ ਚੁੱਕ ਲਵੋ ਅਤੇ ਇਉਂ ਮਸੀਹ ਦੀ ਸ਼ਰਾ ਨੂੰ ਪੂਰਿਆਂ**
**ਕਰੋ। 3ਕਿਉਂਕਿ ਜੇ ਕੋਈ ਆਪਣੇ ਆਪ ਨੂੰ ਕੁਝ ਸਮਝੇ ਅਤੇ ਹੋਵੇ ਕੁਝ ਵੀ ਨਾ ਤਾਂ ਓਹ ਆਪਣੇ ਆਪ**
**ਨੂੰ ਧੋਖਾ ਦਿੰਦਾ ਹੈ। 4ਪਰ ਹਰੇਕ ਆਪਣੇ ਹੀ ਕੰਮ ਨੂੰ ਪਰਖੇ ਤਦ ਉਹ ਨੂੰ ਨਿਰੇ ਆਪਣੀ ਹੀ ਵੱਲ, ਨਾ**
**ਦੂਏ ਦੀ ਵੱਲ ਅਭਮਾਨ ਪਰਾਪਤ ਹੋਵੇਗਾ। 5ਕਿਉਂ ਜੋ ਹਰੇਕ ਨੂੰ ਆਪਣਾ ਹੀ ਭਾਰ ਚੁੱਕਣਾ ਪਵੇਗਾ।**
**6ਪਰ ਜਿਹੜਾ ਬਾਣੀ ਦੀ ਸਿੱਖਿਆ ਲੈਂਦਾ ਹੈ ਉਹ ਸਿਖਾਉਣ ਵਾਲੇ ਨੂੰ ਸਾਰਿਆਂ ਪਦਾਰਥਾਂ ਵਿਚ**
**ਸਾਂਝੀ ਕਰੇ। 7ਤੁਸੀਂ ਧੋਖਾ ਨਾ ਖਾਓ, ਪਰਮੇਸ਼ੁਰ ਠੱਠਿਆਂ ਵਿਚ ਨਹੀਂ ਉਡਾਈਦਾ ਕਿਉਂਕਿ ਮਨੁੱਖ ਜੋ**
**ਕੁਝ ਬੀਜਦਾ ਹੈ ਸੋਈਓ ਵੱਢੇਗਾ ਭੀ। 8ਜਿਹੜਾ ਆਪਣੇ ਸਰੀਰ ਲਈ ਬੀਜਦਾ ਹੈ ਉਹ ਸਰੀਰੋਂ ਬਿਨਾਸ**
**ਨੂੰ ਵੱਢੇਗਾ ਅਤੇ ਜਿਹੜਾ ਆਤਮਾ ਲਈ ਬੀਜਦਾ ਹੈ ਉਹ ਆਤਮਾ ਤੋਂ ਸਦੀਪਕ ਜੀਵਨ ਨੂੰ ਵੱਢੇਗਾ।**
**9ਅਤੇ ਭਲਿਆਈ ਕਰਦਿਆਂ ਅਸੀਂ ਅੱਕ ਨਾ ਜਾਈਏ ਕਿਉਂਕਿ ਜੇ ਹੌਸਲਾ ਨਾ ਹਾਰੀਏ ਤਾਂ ਵੇਲੇ ਸਿਰ**
**ਵੱਢਾਂਗੇ। 10ਉਪਰੰਤ ਜਿਵੇਂ ਸਾਨੂੰ ਮੌਕਾ ਮਿਲੇ ਅਸੀਂ ਸਭਨਾਂ ਨਾਲ ਭਲਾ ਕਰੀਏ ਪਰ ਨਿਜ ਕਰਕੇ**
**ਨਿਹਚਾਵਾਨਾਂ ਦੇ ਨਾਲ।**

ਇਕ ਲੇਖਕ ਦੇ ਰੂਪ ਵਿਚ ਪੌਲਸ ਦੀਆਂ ਸਭ ਤੋਂ ਵੱਧ ਮੇਲ ਖਾਂਦੀਆਂ ਖੂਬੀਆਂ ਵਿੱਚੋਂ ਇਕ ਇਹ ਸੀ ਕਿ ਲੇਖ ਦੇ ਮੁੱਖ ਭਾਗ ਵਿਚ ਵੱਖੋ ਵੱਖ ਹਦਾਇਤਾਂ, ਸਵਾਲ ਅਤੇ ਤਾੜਨਾਵਾਂ ਦੇਣ ਤੋਂ ਬਾਅਦ ਉਹ ਆਪਣੇ ਖ਼ਤਾਂ ਦੀ ਸਮਾਪਤੀ ''ਵਿਹਾਰਕ'' ਭਾਗ ਨਾਲ ਹੀ ਕਰਦਾ ਸੀ। ਉਹ ਆਪਣੇ ਪਾਠਕਾਂ ਨੂੰ ਜੋ ਕੁਝ ਉਸ ਨੇ ਸਿਖਾਇਆ ਹੁੰਦਾ ਸੀ ਉਸ ਨੂੰ ਅਮਲ ਵਿਚ ਲਿਆਉਣ ਲਈ ਹੌਸਲਾ–ਅਫ਼ਜਾਈ ਕਰਦਾ ਸੀ। 6:1–10 ਵਿਚ ਉਹ ਇਹ ਵਿਖਾਉਣ ਲਈਂ ਅੱਗੇ ਵਧਿਆ ਕਿ ਰੂਹਾਨੀ ਸੋਚ ਵਾਲੇ ਵਿਅਕਤੀ ਨੂੰ ਕਲੀਸੀਆ ਵਿਚ ਅਤੇ ਸੰਸਾਰ ਵਿਚ ਆਪਣੇ ਸਾਹਮਣੇ ਆਉਣ ਵਾਲੇ ਵੱਖੋ ਵੱਖ ਹਾਲਾਤ ਵਿਚ ਕਿਵੇਂ ਪ੍ਰਤੀਕਿਰਿਆ ਦੇਣੀ ਚਾਹੀਦੀ ਹੈ।

**ਆਇਤ 1.** ਇਕ ਵਾਰ ਫੇਰ ਤੋਂ ਪੌਲੁਸ ਨੇ ਗਲਾਤੀਆ ਦੇ ਮਸੀਹੀਆਂ ਨੂੰ **ਹੇ ਭਰਾਵੋ** ਆਖ ਕੇ ਸੰਬੋਧਿਤ ਕੀਤਾ (1:2, 11 ਤੇ ਟਿੱਪਣੀਆਂ ਵੇਖੋ)। ਕਲੀਸੀਆ ਵਿਚ ਹੁਣੇ ਹੁਣੇ ਝਗੜੇ ਅਤੇ ਈਰਖਾ

ਲਈ ਡਾਂਟਣ ਤੋਂ ਬਾਅਦ (5:26), ਉਸ ਨੇ ਇਕ ਦੂਜੇ ਦੀ ਪਰਵਾਹ ਅਤੇ ਫਿਕਰ ਕਰਨ ਦੀ ਵਕਾਲਤ ਕੀਤੀ। ਜੋ ਕਿ ਖ਼ੁਦਾ ਦੇ ਲੋਕਾਂ ਦੀ ਖੂਬੀ ਹੋਣੀ ਚਾਹੀਦੀ ਹੈ। ਉਸ ਨੇ ਇਕ ਅਜਿਹੇ ਹਾਲਾਤ ਦੀ ਕਲਪਨਾ ਕੀਤੀ ਜਿਸ ਵਿਚ ਸਾਥੀ ਮਸੀਹੀ **ਕਿਸੇ ਅਪਰਾਧ ਵਿਚ ਫੜਿਆ** ਜਾਂਦਾ ਹੈ। ''ਫੜਿਆ'' ਯੂਨਾਨੀ ਸ਼ਬਦ *prolambanō* (ਪ੍ਰੋਲੈਂਬਨੋ) ਤੋਂ ਨਿੱਕਲਿਆ ਹੈ ਜਿਹਨੂੰ ਇੱਥੇ ਦੋ ਤਰ੍ਹਾਂ ਨਾਲ ਸਮਝਿਆ ਜਾ ਸਕਦਾ ਹੈ: ਇਸ ਦਾ ਅਰਥ ਕਿਸੇ ਦੇ ਪਾਪ ਨਾਲ ''ਫੜੇ'' ਜਾਣਾ ਹੋ ਸਕਦਾ ਹੈ (KJV), ਜਾਂ ਇਸ ਦਾ ਅਰਥ ਇਹ ਹੋ ਸਕਦਾ ਹੈ ਕਿ ਕਿਸੇ ਦਾ ਪਾਪ ਹੋਰਨਾਂ ਲੋਕਾਂ ਵੱਲੋਂ ''ਪਤਾ ਲਾਇਆ'' ਗਿਆ ਹੈ (NRSV)। ਸੰਭਵ ਤੌਰ ਤੇ ਇੱਥੇ ਪਹਿਲਾਂ ਵਾਲਾ ਵਿਚਾਰ ਹੈ, ਭਾਵੇਂ ਬਾਅਦ ਵਾਲੇ ਵਿਚਾਰ ਦਾ ਅਰਥ ਕੱਢਿਆ ਜਾ ਸਕਦਾ ਹੈ ਕਿਉਂ ਜੋ ਦਖਲ ਦੇਣ ਲਈ ਦੂਜੇ ਮਸੀਹੀਆਂ ਨੂੰ ਪਾਪ ਦਾ ਪਤਾ ਹੋਣਾ ਜ਼ਰੂਰੀ ਹੈ। ''ਅਪਰਾਧ'' ਲਈ ਸ਼ਬਦ *paraptōma* (ਪੈਰਾਪਟੋਮਾ) ਹੈ ਜੋ ''ਗਲਤ'' ਜਾਂ ''ਵੱਡੀ ਭੁੱਲ'' ਹੁੰਦਾ ਹੈ। ਇਸ ਮੁਸ਼ਕਿਲ ਵਿਸ਼ੇ ਤੇ ਗੱਲ ਕਰਦਿਆਂ ਪੋਲੁਸ ਨੇ ਆਪਣੇ ਆਪ ਨੂੰ ਬੜੀ ਹੁਸ਼ਿਆਰੀ ਨਾਲ (ਅਤੇ ਧਿਆਨ ਨਾਲ) ਵਿਅਕਤ ਕੀਤਾ। ਉਸ ਨੇ ਅਜਿਹਾ ਇਸ ਕਰਕੇ ਕੀਤਾ ਕਿਉਂ ਜੋ ਇਸ ਵਿਚ ਮਸੀਹ ਦੀ ਦੇਹ ਦਾ ਸਾਥੀ ਮੈਂਬਰ ਭਾਵ ਕੋਈ ਭਾਈ ਜਾਂ ਭੈਣ ਸ਼ਾਮਿਲ ਕੀਤੇ ਗਏ।

ਇੱਥੇ ਮਸੀਹੀ ਭਾਸ਼ਾ ਯੂਹੰਨਾ 7:53–8:11[1] ਵਿਚਲੀ ਔਰਤ ਦੀ ਯਾਦ ਦੁਆਉਂਦੀ ਹੈ[1] ਜਿਹੜੀ ''ਠੀਕ ਜ਼ਨਾਹ ਦੇ ਵੇਲੇ ਫੜੀ ਗਈ *[katalambanō*, ਕੈਟਾਮੇਬਲੇਨੋ*]*'' ਸੀ (ਯੂਹੰਨਾ 8:4)। ਇਸ ਕਹਾਣੀ ਵਿਚ ਯਿਸੂ ਦਾ ਰਵੱਈਆ ਉਸ ਢੰਗ ਨੂੰ ਵਿਖਾਉਂਦਾ ਹੈ ਕਿ ਮਸੀਹੀ ਲੋਕਾਂ ਨੂੰ ਕਿਸੇ ਸਾਥੀ ਵਿਸ਼ਵਾਸੀ ਨੂੰ ਜਿਹੜਾ ਕਿਸੇ ਅਪਰਾਧ ਵਿਚ ਫੜਿਆ ਗਿਆ ਹੋਵੇ, ਬਹਾਲ ਕਰਨਾ ਚਾਹੁੰਦੇ ਹੋਣ ਤਾਂ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ। ਔਰਤ ਉੱਤੇ ਇਲਜ਼ਾਮ ਲਾਉਣ ਵਾਲੇ ਗ੍ਰੰਥੀ ਅਤੇ ਫ਼ਰੀਸੀ ਸਨ ਜਿਹੜੇ ਮੂਸਾ ਦੀ ਸ਼ਰ੍ਹਾ ਲਈ ਬੜੇ ਸਰਗਰਮ ਸਨ। ਉਨ੍ਹਾਂ ਨੇ ਯਿਸੂ ਨੂੰ ਇਹ ਆਖਦਿਆਂ ਪਰਖਿਆ ਕਿ ''ਮੂਸਾ ਨੇ ਤੁਰੇਤ ਵਿਚ ਸਾਨੂੰ ਹੁਕਮ ਦਿੱਤਾ ਹੈ ਜੋ ਏਹੋ ਜਹੀਆਂ ਨੂੰ ਪੱਥਰਾਂ ਨਾਲ ਮਾਰ ਸੁੱਟੇ। ਫੇਰ ਤੂੰ ਇਹ ਦੇ ਹੱਕ ਵਿਚ ਕੀ ਆਖਦਾ ਹੈਂ?'' (ਯੂਹੰਨਾ 8:5)। ਅਸਲ ਵਿਚ ਉਨ੍ਹਾਂ ਨੂੰ ਉਸ ਔਰਤ ਜਾਂ ਸ਼ਰ੍ਹਾ ਦੀ ਕੋਈ ਪਰਵਾਹ ਨਹੀਂ ਸੀ ਬਲਕਿ ਉਨ੍ਹਾਂ ਦਾ ਇਰਾਦਾ ਤਾਂ ਯਿਸੂ ਨੂੰ ਫਸਾਉਣ ਦਾ ਸੀ। ਉਹ ਉਸ ਔਰਤ ਉੱਤੇ ਇਲਜ਼ਾਮ ਲਾਉਣ ਵਾਲਿਆਂ ਦੇ ਸਭ ਪਾਪਾਂ ਸਣੇ ਉਨ੍ਹਾਂ ਦੇ ਮਨਾਂ ਦੀਆਂ ਗੁਪਤ ਗੱਲਾਂ ਨੂੰ ਵੀ ਜਾਣਦਾ ਸੀ। ਉਸ ਨੇ ਉਨ੍ਹਾਂ ਨੂੰ ਚੁਣੌਤੀ ਦਿੱਤੀ, ''ਜਿਹੜਾ ਤੁਹਾਡੇ ਵਿੱਚੋਂ ਨਿਰਦੋਖ ਹੋਵੇ ਉਹ ਪਹਿਲਾਂ ਉਸ ਨੂੰ ਪੱਥਰ ਮਾਰੇ'' (ਯੂਹੰਨਾ 8:7)। ਬੁੱਢੇ ਤੋਂ ਲੈ ਕੇ ਜਵਾਨ ਤਕ ਸਭ ਨੇ ਸਹੀ ਫੈਸਲਾ ਲਿਆ ਕਿ ਚੁੱਪ ਕਰਕੇ ਨਿੱਕਲ ਜਾਣ ਵਿਚ ਹੀ ਸਿਆਣਪ ਹੈ।

ਇਸ ਕਹਾਣੀ ਵਿਚ ਖੁੱਲ੍ਹਣ ਵਾਲੇ ਭੇਤ ਤੇ ਧਿਆਨ ਦੇ ਵਿਚ ਸਾਨੂੰ ਤਿੰਨ ਸਚਿਆਈਆਂ ਸਾਫ਼ ਪਤਾ ਲਗਦੀਆਂ ਹਨ। ਪਹਿਲੀ ਇਹ ਕਿ ਪਾਪੀ ਮਨੁੱਖ ਆਪਣੇ ਗੁਆਂਢੀ ਉੱਤੇ ਆਖ਼ਰੀ ਫੈਸਲਾ ਦੇਣ ਦੇ ਯੋਗ ਨਹੀਂ ਹੈ। ਦੂਜੀ ਇਹ ਕਿ ਸਾਡੇ ਧਰਮੀ ਪ੍ਰਭੂ ਨੇ ਜਿਹੜਾ ਗੁਆਚਿਆਂ ਹੋਇਆਂ ਨੂੰ ਲੱਭਣ ਅਤੇ ਉਨ੍ਹਾਂ ਨੂੰ ਬਚਾਉਣ ਲਈ ਆਇਆ ਸੀ (ਲੂਕਾ 19:10), ਸਜ਼ਾ ਦੇਣ ਵਾਲੇ ਨੇ ਫੈਸਲਾ ਦੇਣ ਤੋਂ ਇਨਕਾਰ ਕਰ ਦਿੱਤਾ, ਹਾਲਾਂਕਿ ਅਪਰਾਧੀ ਉਹਦੇ ਸਾਹਮਣੇ ਖਲੋਤਾ ਸੀ। ਅਜਿਹਾ ਨਹੀਂ ਸੀ ਕਿ ਉਸ ਔਰਤ ਦਾ ਦੋਸ਼ ਘੱਟ ਸੀ ਕਿਉਂ ਜੋ ਇਕ ਦਿਨ ਉਸ ਉੱਤੇ ਇਲਜ਼ਾਮ ਲਾਉਣ ਵਾਲਿਆਂ ਦੇ ਨਾਲ ਨਾਲ ਉਸ ਨੇ ਅਤੇ ਅਸਾਂ ਆਖ਼ਰੀ ਸਮੇਂ ਉਸ ਦੇ ਸਾਹਮਣੇ ਖਲੋਣਾ ਹੈ। ਸਾਨੂੰ ਇਹ ਤਸੱਲੀ ਹੈ ਕਿ ਉਹ ਜਿਹੜਾ ਸਾਡਾ ਨਿਆਂਈ ਹੈ, ਸਜ਼ਾ ਦੇਣ ਨਹੀਂ ਬਲਕਿ ਧਰਮੀ ਠਹਿਰਾਉਣ ਦਾ ਚਾਹਵਾਨ ਹੈ। ਅਸਲ ਵਿਚ ਇਹ ਯਿਸੂ ਜਿਹੜਾ ਸਾਡਾ ਦਿਆਲੂ ਛੁਡਾਉਣ ਵਾਲਾ ਹੈ, ਦੀ ਜ਼ਿੰਦਗੀ ਦਾ ਮਕਸਦ ਹੀ ਸੀ ਕਿ ਉਸ ਨੇ ਸਾਡੇ ਛੁਟਕਾਰੇ ਲਈ ਸਲੀਬ ਉੱਤੇ ਸਭ ਤੋਂ ਵੱਡੀ ਕੀਮਤ ਚੁਕਾ ਦਿੱਤੀ (ਰੋਮੀਆਂ 8:32–39)। ਤੀਜੀ ਗੱਲ ਯਿਸੂ ਨੇ ਉਸ ਔਰਤ ਨੂੰ ਉੱਥੇ ਹੀ ਨਹੀਂ ਛੱਡ ਦਿੱਤਾ ਜਿੱਥੇ ਉਹ ਰੂਹਾਨੀ ਤੌਰ ਤੇ ਪਹਿਲਾਂ ਹੀ ਤੋਂ ਸੀ। ਇਸ ਦੇ ਉਲਟ ਉਸ ਨੇ ਉਸ ਨੂੰ ਤੌਬਾ ਕਰਨ ਲਈ ਆਖਿਆ। ਉਸ ਨੇ

ਆਖਿਆ, ''ਜਾਹ, ਏਦੋਂ ਅੱਗੇ ਫੇਰ ਪਾਪ ਨਾ ਕਰੀਂ'' (ਯੂਹੰਨਾ 8:11ਅ)।

ਪੌਲੁਸ ਨੇ ਕਿਹਾ ਕਿ ''ਕਿਸੇ ਅਪਰਾਧ ਵਿਚ ਫੜਿਆ ਜਾਣ ਵਾਲੇ ਨਾਲ ਸਲੂਕ ਲਈ ਕੌਣ ਜਿੰਮੇਵਾਰ ਹੈ''? ਜਿਹੜੇ ਲੋਕ ''ਆਤਮਿਕ'' ਹਨ। ਖ਼ੁਦਾ ਦੇ ਭਗਤ ਦਾ ਟੀਚਾ ਦੂਜਿਆਂ ਨੂੰ ਦੋਸ਼ੀ ਠਹਿਰਾਉਣਾ ਨਹੀਂ ਹੁੰਦਾ। ਅਜਿਹਾ ਵਿਹਾਰ ਰੱਖਣ ਵਾਲੇ ਭਾਵੇਂ ਉਹ ਨੂੰ ਇਹ ਅਹਿਸਾਸ ਹੋਵੇ ਜਾਂ ਨਾ, ਇਲਜ਼ਾਮ ਲਾਉਣ ਵਾਲੇ ਭਾਵ ਸ਼ੈਤਾਨ ਨਾਲ ਮਿਲੇ ਹੋਏ ਹੁੰਦੇ ਹਨ (ਪ੍ਰਕਾਸ਼ ਦੀ ਪੋਥੀ 12:10; ਵੇਖੋ ਅੱਯੂਬ 1:6–12)। ਬਦਕਾਰ ਦੀ ਜ਼ਿੰਦਗੀ ਦਾ ਇਕ ਹੀ ਮਕਸਦ ਹੈ ਅਤੇ ਚੰਗੇ ਤੋਂ ਚੰਗੇ ਲੋਕਾਂ ਵਿਚ ਐਨਾ ਪਾਪ ਤਾਂ ਨਿੱਕਲ ਹੀ ਆਉਂਦਾ ਹੈ ਕਿ ਉਹ ਅਸਾਨੀ ਨਾਲ ਉਨ੍ਹਾਂ ਉੱਤੇ ਇਲਜ਼ਾਮ ਲਾ ਸਕੇ।

ਰੂਹਾਨੀ ਆਦਮੀ ਜਿਸ ਦੇ ਅੰਦਰ ਖ਼ੁਦਾ ਦਾ ਆਤਮਾ ਵੱਸਦਾ ਹੈ, ਲਈ ਕਿਹਾ ਗਿਆ ਹੈ ਕਿ ਅਜਿਹੇ ਭਾਈ ਨੂੰ ਜਿਹੜਾ ਪਾਪ ਵਿਚ ਫੜਿਆ ਗਿਆ ਹੋਵੇ **ਨਰਮਾਈ ਦੇ ਸੁਭਾਵ ਨਾਲ ਸੁਧਾਰੋ।** ''ਸੁਧਾਰੋ'' (*katartizō*) ਦਾ ਅਰਥ ਕਿਸੇ ਚੀਜ਼ ਨੂੰ ਉਸ ਦੀ ਪਹਿਲਾਂ ਵਾਲੀ ਹਾਲਤ ਵਿਚ ਲਿਆਉਣਾ ਹੁੰਦਾ ਹੈ। ਮੱਤੀ 4:21 ਅਤੇ ਮਰਕੁਸ 1:19 ਵਿਚ ਇਸ ਨੂੰ ਮੱਛੀਆਂ ਫੜਨ ਵਾਲੇ ਜਾਲ ''ਸੁਧਾਰਣ'' ਲਈ ਵਰਤਿਆ ਗਿਆ ਹੈ। ''ਨਰਮਾਈ'' ਲਈ *prautēs* (ਪਰਾਉਟੇਸਟ) ਦਾ ਅਨੁਵਾਦ ''ਹਲੀਮੀ'' (KJV) ਵੀ ਹੋਇਆ ਹੈ, ਇਹ ਉਹੀ ਸ਼ਬਦ ਹੈ ਜਿਹੜਾ ਆਤਮਾ ਦੇ ਫਲ ਦੇ ਰੂਪ ਵਿਚ ਮਿਲਦਾ ਹੈ (ਵੇਖੋ 5:23)।

ਪੌਲੁਸ ਨੇ ਅਜਿਹੇ ਭਾਈ ਨੂੰ ਜਿਸ ਨੇ ਪਾਪ ਕੀਤਾ ਹੋਵੇ, ਸੁਧਾਰਨ ਲਈ ਹੋਸ਼ਿਆਰੀ ਵਰਤਣ ਲਈ ਆਖਿਆ: **ਅਤੇ ਤੂੰ ਆਪਣੇ ਆਪ ਵੱਲ ਧਿਆਨ ਰੱਖ ਮਤੇ ਤੂੰ ਵੀ ਪਰਤਾਵੇ ਵਿਚ ਪਵੇਂ।** ਸ਼ੈਤਾਨ ਜਿਹੜਾ ਕਿ ਸਾਡਾ ਵਿਰੋਧੀ ਅਤੇ ਪਾਪ ਨੂੰ ਉਕਸਾਉਣ ਵਾਲਾ ਹੈ, ਨੂੰ ਪਤਾ ਹੈ ਕਿ ਖ਼ੁਦਾ ਦੇ ਲੋਕਾਂ ਵਿਚਕਾਰ ਜ਼ਰੂਰੀ ਫ਼ਰਜਾਂ ਨੂੰ ਪੂਰਾ ਕਰਦਿਆਂ ਉਨ੍ਹਾਂ ਨੂੰ ਪਾਪ ਕਰਨ ਦੇ ਪਰਤਾਵੇ ਵਿਚ ਕਿਵੇਂ ਪਾਉਣਾ ਹੈ। ਅਜਿਹੇ ਹਾਲਾਤ ਵਿਚ ਕੋਈ ਕਿਹੜੇ ਪਾਪ ਕਰਨ ਦੇ ''ਪਰਤਾਵੇ'' ਵਿਚ ਪੈ ਸਕਦਾ ਹੈ? ਆਪਣੇ ਧਾਰਮਿਕ ਹੋਣ ਦਾ ਘੁਮੰਡ ਜਾਂ ਮਾਣ ਵਖਾ ਕੇ ਇਸ ਫਹਿਰਿਸਤ ਵਿਚ ਸਭ ਤੋਂ ਉੱਪਰ ਆਇਆ ਜਾ ਸਕਦਾ ਹੈ। ਕੈਨਥ ਐਲ. ਬੋਲਸ ਨੇ ਧਿਆਨ ਦੁਆਇਆ ਹੈ ਕਿ ''ਆਤਮਿਕ'' ਮਸੀਹੀ ਦਾ ਟੀਚਾ ''ਸਜ਼ਾ ਦੇਣਾ, ਨਿਰਦੋਸ਼ ਸਾਬਿਤ ਕਰਨਾ, ਜਾਂ ਬਦਲਾ ਲੈਣਾ ਨਹੀਂ ਹੈ'' ਬਲਕਿ ''ਭਟਕੀਆਂ ਹੋਈਆਂ ਭੇਡਾਂ ਨੂੰ ਬਚਾ ਕੇ ਇੱਜੜ ਵਿਚ ਵਾਪਸ ਲਿਆਉਣਾ ਹੈ।''[2] ਇਸੇ ਕਰਕੇ ਇਸ ਕੰਮ ਲਈ ''ਨਰਮਾਈ ਦਾ ਸੁਭਾਅ'' ਹੋਣਾ ਜ਼ਰੂਰੀ ਹੈ।

**ਆਇਤ 2.** ਗਲਤੀ ਕਰਨ ਵਾਲੇ ਨੂੰ ਸੁਧਾਰਣ ਤੋਂ ਇਲਾਵਾ ਪੌਲੁਸ ਨੇ ਇਹ ਤਾਕੀਦ ਕੀਤੀ: **ਤੁਸੀਂ ਇਕ ਦੂਏ ਦੇ ਭਾਰ ਚੁੱਕ ਲਵੋ ਅਤੇ ਇਉਂ ਮਸੀਹ ਦੀ ਸ਼ਰਾ ਨੂੰ ਪੂਰਿਆਂ ਕਰੋ।** ਸੁਭਾਵਕ ਤੌਰ ਤੇ ਇਹ ਆਇਤ ਆਪਣੇ ਤੋਂ ਪਹਿਲਾਂ ਵਾਲੀ ਆਇਤ ਦੇ ਬਾਅਦ ਆਉਂਦੀ ਹੈ। ਦੂਜਿਆਂ ਦਾ ਭਾਰ ਚੁੱਕਣ ਦਾ ਵਿਚਾਰ ਧਾਰਣਾਦੇ ਰੂਪ ਵਿਚ ਸਲੀਬ ਉੱਤੇ ਯਿਸੂ ਦੀ ਮੌਤ ਨਾਲ ਮੇਲ ਖਾਂਦਾ ਹੈ। ਬੇਸ਼ੱਕ ਇਸ ਨੂੰ ਉਸ ਦੇ ਦਾਇਰੇ, ਅਹਿਮੀਅਤ ਜਾਂ ਨਤੀਜਿਆਂ ਵਿਚ ਉਹਦੇ ਨਾਲ ਨਹੀਂ ਮਿਲਾਇਆ ਜਾ ਸਕਦਾ। ਆਖ਼ਿਰ ਜਿਹੜਾ ਭਾਰ ਉਸ ਨੇ ਚੁੱਕਿਆ ਉਹ ਗੁਆਚੇ ਹੋਏ ਪੂਰੇ ਸੰਸਾਰ ਦੇ ਪਾਪ ਦਾ ਬੋਝ ਸੀ। ਉਸ ਦੀ ਸਲੀਬ ਰੂਹਾਨੀ ਹੋਣ ਦੇ ਨਾਲ ਨਾਲ ਖ਼ਤਰਨਾਕ ਤਰੀਕੇ ਨਾਲ ਸਰੀਰਕ ਵੀ ਸੀ। ਅਸੀਂ ਉਸ ਅਨੁਭਵ ਦੀ ਕਲਪਨਾ ਵੀ ਨਹੀਂ ਕਰ ਸਕਦੇ ਜਿਸ ਵਿਚ ਖ਼ੁਦਾ ਦਾ ਪਵਿੱਤਰ ਪਾਪ ਦਾ ਹੀ ਰੂਪ ਬਣ ਗਿਆ। ''ਉਸ ਨੇ ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ'' (2 ਕੁਰਿੰਥੀਆਂ 5:21)। ਪੂਰੀ ਬਾਈਬਲ ਵਿਚ ਇਹ ਸਭ ਤੋਂ ਅਨੋਖੀਆਂ ਅਤੇ ਸਮਝ ਤੋਂ ਬਾਹਰ ਗੱਲਾਂ ਵਿੱਚੋਂ ਇਕ ਹੈ।

ਆਪਣੀ ਸੇਵਕਾਈ ਦੇ ਦੌਰਾਨ ਯਿਸੂ ਨੇ ਉਸ ਲਾਖਣਿਕ ਸਲੀਬ ਦੀ ਗੱਲ ਕਰਨ ਤੋਂ ਸੰਕੋਚ ਨਹੀਂ ਕੀਤਾ, ਜਿਸ ਨੂੰ ਉਹਦੇ ਚੇਲਿਆਂ ਨੂੰ ਚੁੱਕਣ ਲਈ ਕਿਹਾ ਜਾਣਾ ਸੀ। ਭਾਵੇਂ ਇਹ ਤਾਹਨੇ ਸਹਿਣਾ

ਹੋਵੇ, ਆਪਣੇ ਪਰਿਵਾਰ ਦੇ ਲੋਕਾਂ ਦੀ ਦੁਸ਼ਮਣੀ ਹੋਵੇ, ਸਤਾਅ ਹੋਵੇ, ਸੰਤਾਪ ਹੋਵੇ ਜਾਂ ਮੌਤ। ਯਿਸੂ ਨੇ ਕਿਹਾ, ''ਜੋ ਕੋਈ ਆਪਣੀ ਸਲੀਬ ਚੁੱਕ ਕੇ ਮੇਰੇ ਮਗਰ ਨਾ ਤੁਰੇ ਮੇਰੇ ਯੋਗ ਨਹੀਂ'' (ਮੱਤੀ 10:38)। ਗਲਾਤੀਆਂ 6:2 ਵਿਚ ਸਿਰਫ਼ ਇਕ ਹੋਰ ਸੰਕੇਤ ਹੈ ਕਿ ਪ੍ਰਭੂ ਦੇ ਨਮੂਨੇ ਨੂੰ ਮੰਨਣ ਨਾਲ ਕਿਹੋ ਜਿਹੇ ਭਾਰ ਚੁੱਕਣੇ ਪੈ ਸਕਦੇ ਹਨ। ਮਸੀਹੀ ਆਦਮੀ ਲਈ ਉਨ੍ਹਾਂ ਬੋਝਾਂ ਨੂੰ ਚੁੱਕਣ ਲਈ ਤਿਆਰ ਰਹਿਣਾ ਜ਼ਰੂਰੀ ਹੈ ਜਿਹੜੇ ਉਸ ਦੇ ਭਰਾ ਨੂੰ ਦੱਬੀ ਜਾ ਰਹੇ ਹੋਣ। ਯੂਨਾਨੀ ਸ਼ਬਦ *baros* (ਬੇਰੋਸ) ਕਿਸੇ ਅਜਿਹੀ ਚੀਜ਼ ਦਾ ਸੰਕੇਤ ਦਿੰਦਾ ਹੈ ਜਿਹੜੀ ਭਾਰੀ ਅਤੇ ਸਖ਼ਤ ਹੋਵੇ। ਰੌਬਰਟ ਐਲ. ਜੌਨਸਨ ਨੇ ਕਿਹਾ ਹੈ ਕਿ ''ਪੌਲੁਸ ਦੀ ਭਾਸ਼ਾ ਐਨੀ ਵਿਸ਼ਾਲ ਹੈ ਕਿ ਇਸ ਵਿਚ ਹਰ ਤਰ੍ਹਾਂ ਦਾ ਬੋਝ ਸਮਾ ਸਕਦਾ ਹੈ। ਕੋਈ ਵੀ ਕਲੇਸ਼, ਦੁੱਖ, ਪਾਪ, ਕਮਜ਼ੋਰੀ ਜਾਂ ਨਿੱਜੀ ਕਮਜ਼ੋਰੀ ਹਿੱਥੇ *[ਆਪਣੀ]* ਅਰਥ ਦੇ ਦਾਇਰੇ ਵਿਚ ਆ ਜਾਂਦਾ ਹੈ।।''[3] ਤਾੜਨਾ ਭਾਵੇਂ (ਆਪਸੀ ''ਇਕ ਦੂਜੇ ਦੀ'') ਹੋ ਸਕਦੀ ਹੈ ਪਰ ਪੌਲੁਸ ਮਨ ਵਿਚ ਕਿਸੇ ਕਮਜ਼ੋਰ ਭਰਾ ਵੱਲੋਂ ਸਹੇ ਜਾਣ ਵਾਲੇ ਕਲੇਸ਼ ਹੋ ਸਕਦੇ ਹਨ।[4] ਯਿਸੂ ਨੇ ਗੁਆਚੇ ਹੋਏ ਸਾਰੇ ਸੰਸਾਰ ਨੂੰ ਛੁਡਾਉਣ ਲਈ ਮਨੁੱਖੀ ਰੂਪ ਵਿਚ ਬੇਹਿਸਾਬ ਭਾਰ ਚੁੱਕਿਆ, ਇਸ ਕਰਕੇ ਸਾਨੂੰ ਵੀ ਉਸ ਦੀ ਨਕਲ ਕਰਦੇ ਹੋਏ ਜੋ ਕੁਝ ਸਾਡੇ ਭਾਈਆਂ ਦੀ ਮਦਦ ਲਈ ਜ਼ਰੂਰੀ ਹੋਵੇ, ਕਰਨਾ ਚਾਹੀਦਾ ਹੈ।

''ਮਸੀਹ ਦੀ ਸ਼ਰ੍ਹਾ'' ਵਾਕਅੰਸ਼ ਉੱਤੇ ਕਾਫ਼ੀ ਚਰਚਾ ਹੋ ਚੁੱਕੀ ਹੈ। ਪੌਲੁਸ ਨੇ ਪਹਿਲਾਂ ਹੀ ਆਖਿਆ ਸੀ ''ਜਿਹੜੇ ਮਸੀਹ ਯਿਸੂ ਦੇ ਹਨ ਉਨ੍ਹਾਂ ਨੇ ਸਰੀਰ ਨੂੰ ਉਹ ਦੀਆਂ ਕਾਮਨਾ ਅਤੇ ਵਿਸ਼ਿਆਂ ਸਣੇ ਸਲੀਬ ਉੱਤੇ ਚਾੜ੍ਹ ਦਿੱਤਾ'' (5:24)। ਇਸ ਕਰਕੇ ਜੋ ਕੋਈ ਸਚਮੁਚ ਵਿਚ ਯਿਸੂ ਦੀ ਇੱਛਾ ਦੇ ਮਗਰ ਚੱਲਣਾ ਚਾਹੁੰਦਾ ਹੈ ਤਾਂ ਉਹ ਆਪਣੀ ਮਨੁੱਖੀ ਲਾਲਸਾ ਦੇ ਨਾਲ ਨਹੀਂ ਚੱਲੇਗਾ। ਇਕ ਹੋਰ ਥਾਂ ਪੌਲੁਸ ਨੇ ਲਿਖਿਆ ਕਿ ਮਸੀਹੀ ਲੋਕਾਂ ਨੇ ''ਪੁਰਾਣੀ ਇਨਸਾਨੀਅਤ ਨੂੰ ਉਹ ਦੀਆਂ ਕਰਨੀਆਂ ਸਣੇ ਲਾਹ ਸੁੱਟਿਆ। ਅਤੇ ਨਵੀਂ ਨੂੰ ਪਹਿਨ ਲਿਆ ਜੋ ਪੂਰਨ ਗਿਆਨ ਲਈ ਆਪਣੇ ਕਰਤਾਰ ਦੇ ਸਰੂਪ ਦੇ ਉੱਤੇ ਨਵੀਂ ਬਣਦੀ ਜਾਂਦੀ ਹੈ'' (ਕੁਲੁੱਸੀਆਂ 3:9, 10)। ਇਹ ''ਨਵੀਂ ਇਨਸਾਨੀਅਤ'' ਹੀ ਦੱਸਦੀ ਹੈ ਕਿ ਕਿਸੇ ਲੋੜਵੰਦ ਭਾਈ ਜਾਂ ਭੈਣ ਨੂੰ ਕਿਵੇਂ ਜਵਾਬ ਦੇਣਾ ਹੈ।

ਨਵੇਂ ਨੇਮ ਵਿਚ ਅਜਿਹਾ ਨਹੀਂ ਹੈ ਕਿ ਜਿੱਥੇ ਜਿੱਥੇ ''ਸ਼ਰ੍ਹਾ'' (*nomos*, ਨੋਮੋਸ) ਸ਼ਬਦ ਆਇਆ ਹੈ ਉੱਥੇ ਇਸ ਦਾ ਅਰਥ ਇੱਕੋ ਹੀ ਹੋਵੇ। ਇਕ ਆਮ ਅਰਥ ਵਿਚ ''ਮੂਸਾ ਦੀ ਸ਼ਰ੍ਹਾ'' ਹੈ। ਇਸ ਮਾਮਲੇ ਵਿਚ ''ਸ਼ਰ੍ਹਾ'' ਇਬਰਾਨੀ ਬਾਈਬਲ ਦੇ ਉਪ–ਭਾਗ ਦੇ ਰੂਪ ਵਿਚ ''ਤੁਰੇਤ ਅਰ ਨਬੀ'' (ਲੂਕਾ 16:16) ਅਤੇ ''ਮੂਸਾ ਦੀ ਤੁਰੇਤ ਅਤੇ ਨਬੀਆਂ ਦੀਆਂ ਪੁਸਤਕਾਂ ਅਤੇ ਜ਼ਬੂਰਾਂ'' (ਲੂਕਾ 24:44) ਵਰਗੇ ਵਾਕਖੰਡਾਂ ਵਿਚ ਮਿਲਦਾ ਹੈ। ਇਹ ਇਜ਼ਹਾਰ ਇਸਰਾਏਲ ਨਾਲ ਖ਼ੁਦਾ ਦੇ ਪੁਰਾਣੇ ਨੇਮ ਲਈ ਹੈ।

ਪਰ ਇੰਜੀਲ ਕੁਝ ਅਲਹਿਦਾ ਹੀ ਹੈ। ਇਹ ਉਹ ਨਵਾਂ ਨੇਮ ਹੈ ਜਿਸ ਦੀ ਨਬੂਵਤ ਯਿਰਮਿਯਾਹ ਨੇ ਕੀਤੀ ਸੀ। ਖ਼ੁਦਾ ਨੇ ਆਖਿਆ ਕਿ ਇਸ ਨੇਮ ਦੇ ਰਾਹੀਂ ਉਹ ਆਪਣੇ ਲੋਕਾਂ ਦੇ ਅਪਰਾਧਾਂ ਨੂੰ ਮਾਫ਼ ਕਰ ਦਵੇਗਾ ਅਤੇ ਉਨ੍ਹਾਂ ਦੇ ਪਾਪਾਂ ਨੂੰ ਫੇਰ ਚੇਤੇ ਨਾ ਕਰੇਗਾ (ਯਿਰਮਿਯਾਹ 31:34; ਇਬਰਾਨੀਆਂ 8:12)। ਸ਼ਰ੍ਹਾ ਪੂਰੀ ਤਰ੍ਹਾਂ ਨਾਲ ਮਾਫ਼ੀ ਨਹੀਂ ਦੇ ਸਕੀ, ''ਕਿਉਂ ਜੋ ਅਣਹੋਣਾ *[ਸੀ]* ਭਈ ਵਹਿੜਕਿਆਂ ਅਤੇ ਬੱਕਰਿਆਂ ਦਾ ਲਹੂ ਪਾਪਾਂ ਨੂੰ ਲੈ ਜਾਵੇ'' (ਇਬਰਾਨੀਆਂ 10:4)। ਜਿਵੇਂ ਕਿ ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਬਹੁਤ ਹੀ ਸਪੱਸ਼ਟ ਕਰ ਦਿੱਤਾ ਕਿ ਸਿਰਫ਼ ਮਸੀਹ ਦਾ ਲਹੂ ਦੀ ਪਾਪੀਆਂ ਨੂੰ ਪਵਿੱਤਰ ਬਣਾ ਸਕਦਾ ਸੀ (ਵੇਖੋ ਇਬਰਾਨੀਆਂ 10:10, 14)।

''ਮਸੀਹ ਦੀ ਸ਼ਰ੍ਹਾ'' ਨੂੰ ਸੰਭਵ ਤੌਰ ਤੇ ''ਪ੍ਰੇਮ ਦੀ ਸ਼ਰ੍ਹਾ'' (ਵੇਖੋ 5:14) ਵਜੋਂ ਸਮਝਿਆ ਜਾਣਾ ਚਾਹੀਦਾ ਹੈ, ਜੋ ਖ਼ੁਦਾ ਵੱਲੋਂ ਆਪਣੀ ਸੰਤਾਨ ਨੂੰ ਦਿੱਤੇ ਜਾਣ ਵਾਲੇ ਸਭ ਤੋਂ ਵੱਡਾ ਦਾਨ ਹੈ (1 ਕੁਰਿੰਥੀਆਂ 12:31ਅ–13:13)। ਇਹ ਉਹੀ ਨਿਯਮ ਹੈ ਜਿਸ ਦੀ ਤਸਦੀਕ ਯਿਸੂ ਨੇ ਆਪਣੀ ਸੇਵਕਾਈ ਦੌਰਾਨ ਕੀਤੀ। ਇਹ ਪੁੱਛੇ ਜਾਣ ਤੇ ਕਿ ਸ਼ਰ੍ਹਾ ਵਿਚ ਸਭ ਤੋਂ ਵੱਡਾ ਹੁਕਮ ਕੀ ਹੈ, ਉਸ ਨੇ ਜਵਾਬ ਦਿੱਤਾ:

> ... ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਪਿਆਰ ਕਰ। ਵੱਡਾ ਅਤੇ ਪਹਿਲਾ ਹੁਕਮ ਇਹੋ ਹੈ। ਅਤੇ ਦੂਆ ਇਹ ਦੇ ਵਾਂਙੁ ਹੈ ਕਿ ਤੂੰ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ। ਇਨ੍ਹਾਂ ਦੋਹਾਂ ਹੁਕਮਾਂ ਉੱਤੇ ਸਾਰੀ ਤੁਰੇਤ ਅਤੇ ਨਬੀਆਂ ਦੇ ਬਚਨ ਟਿਕੇ ਹੋਏ ਹਨ (ਮੱਤੀ 22:37–40; ਵੇਖੋ ਲੇਵੀਆਂ ਦੀ ਪੋਥੀ 19:18; ਵਿਵਸਥਾ ਸਾਰ 6:5)।

ਨਵੇਂ ਨੇਮ ਵਿਚ ਪ੍ਰੇਮ ਉੱਤੇ, ਇਸ ਦੀਆਂ ਸਮਾਨਤਾਵਾਂ ਉੱਤੇ ਅਤੇ ਜ਼ਿੰਦਗੀ ਵਿਚ ਇਹ ਕਿਹੋ ਜਿਹਾ ਨਜ਼ਰ ਆਉਂਦਾ ਹੈ ਇਸ ਉੱਤੇ ਬਹੁਤ ਸਾਰੀ ਸਿੱਖਿਆ ਪਾਈ ਜਾਂਦੀ ਹੈ; ਪਰ ਇਸ ਨਾਲੋਂ ਸਜੀਵ ਢੰਗ ਨਾਲ ਹੋਰ ਕਿਤੇ ਨਹੀਂ ਵਿਖਾਇਆ ਗਿਆ ਜਿੰਨਾਂ ਗੁਲਗਥਾ ਦੀ ਭਿਆਨਕ ਸਲੀਬ ਉੱਤੇ ਯਿਸੂ ਦੇ ਜਾਨ ਦੇਣ ਦੇ ਦ੍ਰਿਸ਼ ਵਿਚ ਵਿਖਾਇਆ ਗਿਆ ਹੈ। ਮੁਕਤੀ ਦੁਆਉਣ ਵਾਲੇ ਇਸ ਪ੍ਰੇਮ ਨਾਲ ਉਸ ਦੇ ਚੇਲਿਆਂ ਦੀਆਂ ਜ਼ਿੰਦਗੀਆਂ ਬਦਲ ਜਾਣੀਆਂ ਜ਼ਰੂਰੀ ਹਨ। ਯੂਹੰਨਾ ਨੇ ਇਸ ਨੂੰ ਇਸ ਤਰ੍ਹਾਂ ਲਿਖਿਆ ਹੈ:

> ਇਸ ਤੋਂ ਅਸਾਂ ਪ੍ਰੇਮ ਨੂੰ ਜਾਤਾ ਭਈ ਉਹ ਨੇ ਸਾਡੇ ਲਈ ਆਪਣੀ ਜਾਨ ਦੇ ਦਿੱਤੀ ਅਤੇ ਚਾਹੀਦਾ ਹੈ ਜੋ ਅਸੀਂ ਭਰਾਵਾਂ ਲਈ ਆਪਣੀਆਂ ਜਾਨਾਂ ਦੇਈਏ। ਪਰ ਜਿਸ ਕਿਸੇ ਕੋਲ ਸੰਸਾਰ ਦੇ ਪਦਾਰਥ ਹੋਣ ਅਤੇ ਉਹ ਆਪਣੇ ਭਰਾ ਨੂੰ ਲੋੜਵੰਦ ਵੇਖ ਕੇ ਓਸ ਉੱਤੇ ਤਰਸ ਨਾ ਖਾਵੇ ਤਾਂ ਉਹ ਦੇ ਵਿਚ ਪਰਮੇਸ਼ੁਰ ਦਾ ਪ੍ਰੇਮ ਕਿਵੇਂ ਰਹਿੰਦਾ ਹੈ? (1 ਯੂਹੰਨਾ 3:16, 17)।

ਯੂਹੰਨਾ ਦੇ ਲੇਖਾਂ ਵਿਚ ਪ੍ਰੇਮ ਉੱਤੇ ਅਤੇ ਭਾਈਆਂ ਵਿਚਕਾਰ ਇਹ ਕਿਹੋ ਜਿਹਾ ਲਗਦਾ ਹੈ ਇਸ ਉੱਤੇ ਬਹੁਤ ਕੁਝ ਕਿਹਾ ਗਿਆ ਹੈ। ਪਰ ਸ਼ਾਇਦ ਕਿਸੇ ਵੀ ਹੋਰ ਹਵਾਲੇ ਵਿਚ ਉਸ ਨੇ ਐਨਾ ਬਰੀਕੀ ਨਾਲ ਪਹਿਲਾਂ ਨਹੀਂ ਲਿਖਿਆ ਜਿੰਨਾਂ ਗਲਾਤੀਆਂ 6 ਵਾਲੇ ਪੌਲੁਸ ਦੇ ਸੰਦੇਸ਼ ਵਿਚ ਹੈ।

ਇਨ੍ਹਾਂ ਪਹਿਲੀਆਂ ਕੁਝ ਆਇਤਾਂ ਵਿਚ ਪੌਲੁਸ ਨੇ ਇਹ ਤੈਅ ਕਰ ਦਿੱਤਾ ਸੀ ਕਿ ਪਾਪ ਵਿਚ ਪਏ ਕਿਸੇ ਭਾਈ ਲਈ ਸਾਡਾ ਰਵੱਈਆ ਕਿਹੋ ਜਿਹ ਹੋਣਾ ਚਾਹੀਦਾ ਹੈ। ਕਮਜ਼ੋਰ ਮਸੀਹੀ ਨਾਲ ਨਰਮਾਈ ਨਾਲ ਵਿਹਾਰ ਕਰਨਾ ਚਾਹੀਦਾ ਹੈ ਜੋ ਕਿ ਆਤਮਾ ਦਾ ਫਲ ਹੈ ਜਿਸ ਵਿਚ ਆਤਮਾ ਦੀ ਸ਼ਕਤੀ ਝਲਕਦੀ ਹੋਵੇ। ਮਦਦ ਪਾਉਣਾ ਚਾਹੁਣ ਵਾਲਿਆਂ ਲਈ ਚੌਕਸੀ ਕਰਨੀ ਜ਼ਰੂਰੀ ਹੈ ਤਾਂ ਜੋ ਅਜਿਹਾ ਨਾ ਹੋਵੇ ਕਿ ਕੋਈ ਨਿਰਮੋਹੀ ਵਿਹਾਰ ਉਨ੍ਹਾਂ ਉੱਤੇ ਹਾਵੀ ਹੋ ਜਾਵੇ। ਅਜਿਹਾ ਨਾ ਕਰ ਸਕਣਾ ਪਾਪ ਕਰਨਾ ਹੀ ਹੋਵੇਗਾ ਅਤੇ ਆਪਣੇ ਪੂਰੇ ਮਕਸਦ ਨੂੰ ਉਹਦੇ ਨਾਲ ਵਿਗਾੜ ਦੇਣਾ ਹੋਵੇਗਾ।

**ਆਇਤ 3.** ਪੌਲੁਸ ਨੇ ਰੂਹਾਨੀ ਘੁਮੰਡ ਦੇ ਖਿਲਾਫ਼ ਚਿਤਾਵਨੀ ਦਿੱਤੀ। ਕਿਸੇ ਭਾਈ ਦੀ ਜਿਸ ਨੇ ਪਾਪ ਕੀਤਾ ਹੋਵੇ ਮਦਦ ਕਰਨ ਵਾਲੇ ਲੋਕ ਆਪਣੇ ਆਪ ਨੂੰ ਉਸ ਨਾਲੋਂ ਬੇਹਤਰ ਮਹਿਸੂਸ ਕਰਵਾਉਣ ਲਈ ਆਪਣੇ ਹੰਕਾਰ ਨੂੰ ਅੱਗੇ ਨਾ ਆਉਣ ਦੇਣ। **ਜੇ ਕੋਈ ਆਪਣੇ ਆਪ ਨੂੰ ਕੁਝ ਸਮਝੇ ਅਤੇ ਹੋਵੇ ਕੁਝ ਵੀ ਨਾ ਤਾਂ ਉਹ ਆਪਣੇ ਆਪ ਨੂੰ ਧੋਖਾ ਦਿੰਦਾ ਹੈ।** ਫਿਰ ''ਸਭਨਾਂ ਨੇ ਪਾਪ ਕੀਤਾ'' (ਰੋਮੀਆਂ 3:23) ਅਤੇ ਮਾਫ਼ੀ ਅਤੇ ਮੁਕਤੀ ਲਈ ਸਭ ਯਿਸੂ ਦੀ ਕੁਰਬਾਨੀ ਤੇ ਨਿਰਭਰ ਹਨ। ਕੋਈ ਆਪਣੇ ਆਪ ਨੂੰ ਕਿਹੋ ਜਿਹਾ ਵੇਖ ਸਕਦਾ ਹੈ ਅਤੇ ਅਸਲ ਵਿਚ ਉਹ ਕਿਹੋ ਜਿਹਾ ਹੈ, ਵਿਚ ਸਾਫ਼ ਫ਼ਰਕ ਆਇਤ 3 ਵਿਚ ਵਿਖਾਇਆ ਗਿਆ ਹੈ।[5]

**ਆਇਤ 4.** ''ਆਪਣੇ ਉੱਤੇ ਦੋਸ਼ ਲਾਉਣ ਲਈ ਦੂਜਿਆਂ ਦੇ ਦੋਸ਼ ਨੂੰ ਨਮੂਨੇ ਵਜੋਂ'' ਵਰਤਣ ਦੀ ਥਾਂ[6] **ਹਰੇਕ ਆਪਣੇ ਹੀ ਕੰਮ ਨੂੰ ਪਰਖੇ।** ਇਸ ਸੰਦਰਭ ਵਿਚ ਯੂਨਾਨੀ ਸ਼ਬਦ *dokimazō* (ਡੋਕੀਮੇਜ਼ੋ) ਦਾ ਅਰਥ ਹੈ ''ਅਜ਼ਮਾਉਣਾ'' ਜਾਂ ''ਅਲੋਚਨਾਤਮਿਕ ਢੰਗ ਨਾਲ ਜਾਂਚ ਕਰਨਾ।'' ਇਹ ਉਹੀ ਸ਼ਬਦ ਹੈ ਜਿ ਸਦੀ ਵਰਤੋਂ ਰਸੂਲ ਨੇ ਇਹ ਆਖਦਿਆਂ ਕੀਤੀ ਕਿ ਪ੍ਰਭੂ ਭੋਜ ਖਾਣ ਤੋਂ ਪਹਿਲਾਂ ''ਮਨੁੱਖ

ਆਪਣੇ ਆਪ ਨੂੰ ਪਰਖੇ'' (1 ਕੁਰਿੰਥੀਆਂ 11:28)। ਇਹ ਸ਼ਬਦ ਪੌਲੁਸ ਦੀ ਇਸ ਤਾੜਨਾ ਵਿਚ ਵੀ ਮਿਲਦਾ ਹੈ ਕਿ ''ਆਪਣਾ ਪਰਤਾਵਾ ਕਰੋ ਕਿ ਤੁਸੀਂ ਨਿਹਚਾ ਵਿਚ ਹੋ ਜਾਂ ਨਹੀਂ! ਆਪਣੇ ਆਪ ਨੂੰ ਪਰਖੋ'' (2 ਕੁਰਿੰਥੀਆਂ 13:5ੳ)। ''ਆਪਣੇ ਹੀ ਕੰਮ ਨੂੰ ਪਰਖਣਾ'' (*ergon*, ਅਰਗੋਨ ) ਭਾਵ ਆਪਣੇ ਹੀ ਕੰਮਾਂ ਅਤੇ ਪ੍ਰਾਪਤੀਆਂ ਨੂੰ ਪਰਖਣਾ ਜ਼ਰੂਰੀ ਹੈ। ਫਿਰ ਪੌਲੁਸ ਨੇ ਆਖਿਆ ਕਿ **ਤਦ ਉਹ ਨੂੰ ਨਿਰੇ ਆਪਣੀ ਹੀ ਵੱਲ, ਨਾ ਦੂਏ ਦੀ ਵੱਲ ਅਭਮਾਨ ਪਰਾਪਤ ਹੋਵੇਗਾ।** NIV ਵਿਚ ਇਸ ਤਰ੍ਹਾਂ ਕਿਹਾ ਗਿਆ ਹੈ, ''ਤਦ ਉਹ ਆਪਣੀ ਤੁਲਨਾ ਕਿਸੇ ਹੋਰ ਨਾਲ ਕੀਤੇ ਬਗੈਰ ਸਿਰਫ਼ ਆਪਣੇ ਆਪ ਵਿਚ ਘੁਮੰਡ ਕਰ ਸਕਦੇ ਹਨ।'' NLT ਦੇ ਅਨੁਵਾਦ ਵਿਚ ਹੈ, ''ਕਿਉਂ ਜੋ ਫਿਰ ਤੁਹਾਨੂੰ ਚੰਗੀ ਤਰ੍ਹਾਂ ਨਾਲ ਕੀਤੇ ਗਏ ਕੰਮ ਦੀ ਦੀ ਸਤੁਸ਼ਟੀ ਮਿਲੇਗੀ ਅਤੇ ਤੁਹਾਨੂੰ ਆਪਣੇ ਆਪ ਨੂੰ ਕਿਸੇ ਹੋਰ ਨਾਲ ਮਿਲਾਉਣ ਦੀ ਲੋੜ ਨਹੀਂ ਹੋਵੇਗੀ।'' ਜੇ ਕਿਸੇ ਕੋਲ ਘੁਮੰਡ ਕਰਨ ਦਾ ਕਾਰਣ ਹੈ ਤਾਂ ਉਸ ਨੂੰ ਚਾਹੀਦਾ ਹੈ ਕਿ ਇਸ ਨੂੰ ਆਪਣੇ ਤਕ ਹੀ ਰੱਖੇ (ਵੇਖੋ 6:14)।

**ਆਇਤ 5.** ਮਸੀਹੀ ਲੋਕਾਂ ਨੂੰ ਭਾਵੇਂ ''ਇਕ ਦੂਏ ਦੇ ਭਾਰ ਚੁੱਕਣ'' ਲਈ ਆਖਿਆ ਗਿਆ ਹੈ (6:2), ਪਰ ਕਿਹਾ ਗਿਆ ਹੈ ਕਿ **ਹਰੇਕ ਨੂੰ ਆਪਣਾ ਹੀ ਭਾਰ ਚੁੱਕਣਾ ਪਵੇਗਾ।** ਪੌਲੁਸ ਨੇ ਇਸ ਭਾਗ ਵਿਚ ''ਭਾਰ'' (*baros*) ਅਤੇ ''ਚੁੱਕਣ'' (*phortion*) ਲਈ ਦੋ ਵੱਖੋ ਵੱਖ ਸ਼ਬਦ ਵਰਤੇ। *Baros* ਉਸ ਭਾਰ ਤੇ ਵਿਚਾਰ ਤੇ ਜ਼ੋਰ ਦਿੰਦਾ ਹੈ ਜਿਹੜਾ ਆਮ ਤੌਰ ਤੇ ਦਮਨਕਾਰੀ ਹੁੰਦਾ ਹੈ। ਅਗ੍ਰੇਜ਼ੀ ਸ਼ਬਦ ਸ਼ਬਦ ''ਬੈਰੋਮੀਟਰ'' ਜਿਸ ਦਾ ਸ਼ਬਦੀ ਅਨੁਵਾਦ ''ਭਾਰ ਦਾ ਨਾਪ'' ਹੈ, ਵਾਯੂਮੰਡਲ ਦੇ ਦਬਾਅ ਨੂੰ ਤੈਅ ਕਰਨ ਲਈ ਵਰਤੇ ਜਾਣ ਵਾਲੇ ਉਪਕਰਣ ਨੂੰ ਕਿਹਾ ਜਾਂਦਾ ਹੈ। ਆਧੁਨਿਕ ਯੂਨਾਨੀ ਵਿਚ ਬੇਰੋਦ ਦੇ ਦਾਇਰੇ ਨੂੰ ਗੁਰਤਾਕਰਸ਼ਣ, ਖ਼ਾਸ ਗੁਰਤਾਕਰਸ਼ਣ, ਸਰੀਰਕ ਭਾਰ ਵੱਧਣ, ਕੰਮ ਦੇ ਜ਼ੋਰ (ਵੱਧ ਭਾਰ ਜਾਂ ਵੱਡੇ ਕੰਮ) (ਜਿਵੇਂ ਮੱਤੀ 20:12)। ਕਿਸੇ ਲਈ ਭੋਜ ਬਣਨ, ਜਿੰਮੇਵਾਰੀ ਦੇ ਬੋਝ, ਟੈਕਸ ਦਾ ਦਬਾਅ ਵਰਗੀਆਂ ਧਾਰਣਾਵਾਂ ਸਣੇ ਅਜੋਕੇ ਸੰਸਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਧਾਇਆ ਗਿਆ ਹੈ। ਇਨ੍ਹਾਂ ਵਿੱਚੋਂ ਕਿਸੇ ਵੀ ਅਰਥ ਵਿਚ ਉਨ੍ਹਾਂ ਚੀਜ਼ਾਂ ਦੀ ਕਲਪਨਾ ਕਰਨਾ ਔਖਾ ਨਹੀਂ ਹੈ ਜਿਨ੍ਹਾਂ ਨਾਲ ਕਿਸੇ ਦੇ ਮਨ ਤੇ ਬੋਝ ਪੈ ਕੇ ਉਸ ਦੀ ਚਿੰਤਾ ਜਾਂ ਤਣਾਅ ਨੂੰ ਵਧਾਉਂਦੀਆਂ ਹਨ।

*Phortion* ਸ਼ਬਦ ਕਿਸੇ ਅਜਿਹੀ ਚੀਜ਼ ਉੱਤੇ ਜ਼ੋਰ ਦਿੰਦਾ ਹੈ ਜਿਸ ਨੂੰ ਲਿਜਾਇਆ ਜਾਂਦਾ ਜਾਂ ਉਸ ਤੇ ਢੁਆਈ ਹੁੰਦੀ ਹੈ, ਜਿਵੇਂ ਕਿਸੇ ਜਹਾਜ਼ ਦਾ ''ਮਾਲ'' (ਰਸੂਲਾਂ ਦੇ ਕਰਤੱਬ 27:10)। ਸੰਦਰਭ ਤੇ ਨਿਰਭਰ ਕਰਦਾ ਹੈ ਕਿ ਇਹ ''ਬੋਝ'' ਭਾਰਾ ਹੈ (ਮੱਤੀ 23:4) ਜਾਂ ਹੌਲਾ (ਮੱਤੀ 11:30)। ਜ਼ਾਹਿਰ ਤੌਰ ਤੇ *phortion* ਆਪਣੀਆਂ ਕੁਝ ਵਰਤਾਂ ਵਿਚ *baros* ਦਾ ਸਮਾਨਾਰਥੀ ਹੀ ਹੈ ਜਦ ਕਿ ਹੋਰਨਾ ਵਿਚ ਨਹੀਂ। ਅਜਿਹਾ ਲਗਦਾ ਹੈ ਕਿ ਪੌਲੁਸ ਇਨ੍ਹਾਂ ਵੱਖੋ ਵੱਖ ਸ਼ਬਦਾਂ ਦੀ ਵਰਤੋਂ ਕਰਕੇ ਇਸ ਸੰਦਰਭ ਵਿਚ ਫ਼ਰਕ ਕਰ ਰਿਹਾ ਸੀ। ਜੇ ਇਹ ਗੱਲ ਹੈ ਤਾਂ ਬੇਰੋਸ ਜ਼ਿੰਦਗੀਆਂ ਦੇ ਪਰੇਸ਼ਾਨੀਆਂ ਨੂੰ ਵਿਖਾਉਂਦਾ ਹੈ (ਐਨਾ ਭਾਰਾ ਜਿਸ ਨੂੰ ਇਕੱਲਿਆਂ ਚੁੱਕਣਾ ਔਖਾ ਹੋਵੇ) ਜਦ ਕਿ *phortion* ਸਾਡੀਆਂ ਨਿੱਜੀ ਜਿੰਮੇਵਾਰੀਆਂ (ਸਾਡੇ ਮਾਮੂਲੀ ਫ਼ਰਜਾਂ) ਨੂੰ ਦਰਸਾਉਂਦਾ ਹੈ। ਇਸ ਵਿਚਾਰ ਨੂੰ ਇਸ ਗੱਲ ਨਾਲ ਹਮਾਇਤ ਮਿਲਦੀ ਹੈ ਕਿ *phortion* ਦੀ ਵਰਤੋਂ ਯੂਨਾਨੀ ਸਾਹਿਤ ਵਿਚ ਕਈ ਵਾਰ ਮਨੁੱਖ ਦੀ ਪੰਡ ਲਈ ਕੀਤੀ ਜਾਂਦੀ ਸੀ।[7] ਇਸ ਕਰਕੇ ਜੇ. ਬੀ. ਫ਼ਿਲਿੱਪ ਨੇ ਗਲਾਤੀਆਂ 6:5 ਦਾ ਇਹ ਅਨੁਵਾਦ ਦੱਸਿਆ: ''ਹਰ ਆਦਮੀ ਲਈ 'ਆਪਣੀ ਪੰਡ ਲਈ ਆਪਣਾ ਮੋਡਾ' ਦੇਣਾ ਜ਼ਰੂਰੀ ਹੈ।''

ਇਸ ਵਿਆਖਿਆ ਦਾ ਇਕ ਮਤਲਬ ਇਹ ਹੈ ਕਿ 6:5 ਵਿਚਲੀ ਆਖਰੀ ਨਿਆਂ ਦੀ ਗੱਲ ਹੈ। ਇਹ ਸਮਝ ਯੂਨਾਨੀ ਧਰਮਸ਼ਾਸਤਰ ਵਿਚ ਕਾਲਾਂ ਵਿਚ ਆਉਣ ਵਾਲੇ ਬਦਲਾਅ ਤੇ ਅਧਾਰਿਤ ਹੈ। ਦੋਹਾਂ ਆਇਤਾਂ ਵਿਚ ਕਿਰਿਆ ਸ਼ਬਦ ''ਚੁੱਕਣਾ'' ਨੂੰ *bastazō* (ਬੈਪਟੇਜੋ) ਤੋਂ ਲਿਆ ਗਿਆ ਹੈ। ਆਇਤ 2 ਵਿਚ ਉਸ ਕਿਰਿਆ (''ਚੁੱਕ ਲਵੋ'') ਦਾ ਵਰਤਮਾਨਕਾਲ ਹੈ, ਜਦ ਕਿ ਆਇਤ 5 ਵਿਚ ਭਵਿੱਖਕਾਲ (''ਚੁੱਕਣਾ ਪਵੇਗਾ'')। ਹੋ ਸਕਦਾ ਹੈ ਕਿ ਪੌਲੁਸ ਇਹ ਕਹਿ ਰਿਹਾ ਹੋਵੇ ਕਿ ਜ਼ਿੰਦਗੀ

ਦੀਆਂ ਮੁਸ਼ਕਿਲਾਂ ਵਿਚ ਇਕ ਦੂਜੇ ਦੀ ਮਦਦ ਕਰਨਾ ਮਸੀਹੀ ਲੋਕਾਂ ਦਾ ਫ਼ਰਜ਼ ਹੈ, ਪਰ ਅਖੀਰ ਵਿਚ ਹਰ ਕੋਈ ਆਪਣੇ ਹੀ ਕਿਤੇ ਕੰਮਾਂ ਲਈ ਜਵਾਬਦੇਹ ਹੋਵੇਗਾ। ਬੇਸ਼ੱਕ ਇਹ ਵਿਚਾਰ ਨਵੇਂ ਨੇਮ ਦੀ ਸਿੱਖਿਆ ਨਾਮ ਮੇਲ ਖਾਂਦਾ ਹੈ। ਰੋਮੀਆਂ 14:12 ਸੰਕੇਤ ਦਿੰਦਾ ਹੈ ਕਿ ''ਸੋ ਸਾਡੇ ਵਿੱਚੋਂ ਹਰੇਕ ਨੇ ਪਰਮੇਸ਼ੁਰ ਨੂੰ ਆਪੋ ਆਪਣਾ ਲੇਖਾ ਦੇਣਾ ਹੈ।'' ਇਸਦੇ ਇਲਾਵਾ 2ਤ ਕੁਰਿੰਥੀਆਂ 5:10 ਕਹਿੰਦਾ ਹੈ, ''ਕਿਉਂ ਜੋ ਅਸਾਂ ਸਭਨਾਂ ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਣਾ ਹੈ ਭਈ ਹਰੇਕ ਜੋ ਕੁਝ ਉਸ ਨੇ ਦੇਹੀ ਵਿਚ ਕੀਤਾ ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹ ਦਾ ਫਲ ਭੋਗੇ।''

**ਆਇਤ 6.** 6:1–5 ਵਿਚ ਪੌਲੁਸ ਨੇ ਕਿਤੇ ਅਜਿਹੇ ਭਾਈ ਨਾਲ ਜਿਹੜਾ ਪਾਪ ਵਿਚ ਡਿੱਗ ਗਿਆ ਹੋਵੇ, ਇਸ ਮੌਕੇ ਨੂੰ ਆਪਣੀ ਸ਼ਾਨ ਵਧਾਉਣ, ਮੁਕਾਬਲਾ ਕਰਨ ਜਾਂ ਸ਼ੇਖੀ ਮਾਰਨ ਵਿਚ ਵਰਤੇ ਜਾਣ ਨਾਲੋਂ, ਰਹਿਮਦਿਲੀ ਨਾਲ ਵਿਹਾਰ ਕਰਨ ਲਈ ਆਖਿਆ। 6:6–10 ਵਿਚ ਉਸ ਨੇ ਅੱਗੇ ਦੱਸਿਆ ਕਿ ਆਤਮਾ ਦੁਆਰਾ ਚੱਲਣ ਅਤੇ ਸਾਥੀ ਮਸੀਹੀਆਂ ਨੂੰ ਸੰਭਾਲਣ ਲਈ ਕੀ ਕੀ ਜ਼ਰੂਰੀ ਹੈ। ਪਰ ਉਸ ਨੇ ਇਹ ਆਖਦਿਆਂ ਕਿ **ਜਿਹੜਾ ਬਾਣੀ ਦੀ ਸਿੱਖਿਆ ਲੈਂਦਾ ਹੈ ਉਹ ਸਿਖਾਉਣ ਵਾਲੇ ਨੂੰ ਸਾਰਿਆਂ ਪਦਾਰਥਾਂ ਵਿਚ ਸਾਂਝੀ ਕਰੇ।** ਵਚਨ ਦੇ ਸੇਵਕਾਂ ਨੂੰ ਮਾਲੀ ਮਦਦ ਦੇਣ ਦੀ ਚਿੰਤਾ ਦੇ ਖੇਤਰ ਨੂੰ ਬਦਲ ਦਿੰਦਾ ਹੈ।

ਪੌਲੁਸ ਮਸੀਹੀ ਲੋਕਾਂ ਨੂੰ ਉਨ੍ਹਾਂ ਨੂੰ ਜਿਨ੍ਹਾਂ ਨੇ ਉਨ੍ਹਾਂ ਨੂੰ ਖੁਸ਼ਖ਼ਬਰੀ ਸੁਣਾਈ ਸੀ, ਆਪਣੇ ਨਾਲ ''ਸਾਂਝੀ'' ਕਰਨ ਲਈ ਦਲੇਰ ਕਰ ਰਿਹਾ ਸੀ। ਅਸਲ ਵਿਚ ''ਸਿਖਾਉਣ ਵਾਲੇ'' ਦਾ ਪਤਾ ਨਹੀਂ ਹੈ ਕੌਣ ਹੈ। ਪੌਲੁਸ ਨੇ ਇਹ ਸਾਫ਼ ਨਹੀਂ ਕੀਤਾ ਕਿ ਜਿਸ ਸਿਖਾਉਣ ਵਾਲੇ ਦੀ ਮਦਦ ਕੀਤੀ ਜਾਣੀ ਚਾਹੀਦੀ ਹੈ ਉਹ ਰਸੂਲ ਸੀ, ਨਬੀ ਸੀ, ਜਾਂ ਐਲਡਰ, ਜਾਂ ਇੰਜੀਲ ਸੁਣਾਉਣ ਵਾਲਾ ਮੁਨਾਦ ਜਾਂ ਕਲੀਸੀਆ ਦਾ ਕੋਈ ਆਮ ਮੈਂਬਰ। ਨਾ ਹੀ ਉਸ ਨੇ ਇਹ ਕਿਹਾ ਕਿ ਸਿਖਾਉਣ ਵਾਲੇ ਕੋਲ ਕੋਈ ਕ੍ਰਿਸ਼ਮਾਈ ਦਾਨ ਹੋਣਾ ਚਾਹੀਦਾ ਹੈ ਜਾਂ ਉਸ ਨੂੰ ਆਪਣੇ ਸੁਭਾਵਕ ਗੁਣ ਦੀ ਯੋਗਤਾ ਨਾਲਤ, ਜਾਂ ਇਹ ਕਿ ਆਪਣੇ ਸੁਭਾਵਿਕ ਗੁਣ, ਪਹਿਲਾਂ ਸਿੱਖੇ ਜਾਂ ਤਜ਼ਰਬੇ ਨਾਲ ਸਿਖਾਏ। ਉਸ ਨੇ ਇਹ ਸੰਕੇਤ ਨਹੀਂ ਦਿੱਤਾ ਕਿ ਸਿਖਾਉਣ ਵਾਲਾ ਕੋਈ ਅਜਿਹਾ ਸ਼ਖ਼ਸ ਹੋਣਾ ਚਾਹੀਦਾ ਹੈ ਜਿਸ ਨੂੰ ਇਸ ਜ਼ਿੰਮੇਵਾਰੀ ਉੱਤੇ ਕਲੀਸੀਆ ਵੱਲੋਂ ਲਾਇਆ ਗਿਆ ਹੋਵੇ। ਸ਼ਾਇਦ ਇਹ ਅਸਪੱਸ਼ਟਤਾ ਜਾਣ ਬੁਝ ਕੇ ਰੱਖੀ ਗਈ ਹੈ ਤਾਂ ਜੋ ਇਹ ਨਿਯਮ ਹਰ ਥਾਂ ਵਰਤਿਆ ਜਾ ਸਕੇ।

ਰਸੂਲਾਂ, ਐਲਡਰਾਂ ਅਤੇ ਇਵੈਂਜਲਿਸਟਾਂ ਦੀ ਮਦਦ ਤੇ ਨਵੇਂ ਨੇਮ ਵਿਚ ਹੋਰਨਾਂ ਹਵਾਲਿਆਂ ਵਿਚ ਵਿਚਾਰ ਕੀਤਾ ਗਿਆ ਹੈ। ਯਿਸੂ ਨੇ ਜਦ ਬਾਰ੍ਹਾਂ ਰਸੂਲਾਂ ਨੂੰ ਹੁਕਮ ਦੇ ਕੇ ਲਿਮਿਟਡ ਕਮੀਸ਼ਨ ਤੇ ਭੇਜਿਆ ਸੀ, ਤਾਂ ਉਨ੍ਹਾਂ ਲਈ ਆਪਣੇ ਭੋਜਨ ਅਤੇ ਰਹਿਣ ਲਈ ਮੇਜ਼ਬਾਨਾਂ ਤੇ ਨਿਰਭਰ ਰਹਿਣਾ ਜ਼ਰੂਰੀ ਹੈ। ਪ੍ਰਭੂ ਨੇ ਦੱਸਿਆ ਕਿ ''ਕਾਮਾ ਆਪਣੇ ਭੋਜਨ ਦਾ ਹੱਕਦਾਰ ਹੈ'' (ਮੱਤੀ 10:10)। ਉਸ ਨੇ ਇਹ ਗੱਲ ਲਾਜ਼ਮੀ ਤੌਰ ਤੇ ਉਨ੍ਹਾਂ ਸੱਤਰ ਚੇਲਿਆਂ ਨੂੰ ਆਖੀ ਸੀ ਜਦ ਉਨ੍ਹਾਂ ਨੂੰ ਲਿਮਿਟਡ ਕਮੀਸ਼ਨ ਦੇ ਕੇ ਭੇਜਿਆ ਸੀ: ''ਓਸੇ ਘਰ ਵਿਚ ਟਿਕੇ ਅਰ ਜੋ ਕੁਝ ਓਹ ਦੇਣ, ਖਾਓ ਪੀਓ ਕਿਉਂ ਜੋ ਕਾਮਾ ਆਦਮੀ ਮਜੂਰੀ ਦਾ ਹੱਕਦਾਰ ਹੈ'' (ਲੂਕਾ 10:7ੳ)। ਪ੍ਰਚਾਰ ਕਰਨ ਵਾਲਿਆਂ ਦੀ ਉਨ੍ਹਾਂ ਸੁਣਨ ਵਾਲਿਆਂ ਦੇ ਵੱਲੋਂ ਮਾਲੀ ਮਦਦ ਦੀ ਗੱਲ ਕਰਕੇ ਉਨ੍ਹਾਂ ਦੇ ਹੱਕਦੀ ਪੈਰਵੀ ਕੀਤੀ, ਭਾਵੇਂ ਉਹ ਆਪ ਇਸ ਹੱਕ ਦੀ ਵਰਤੋਂ ਨਹੀਂ ਕਰਦਾ ਸੀ।[8] 1 ਕੁਰਿੰਥੀਆਂ 9:1–18 ਵਿਚ ਉਸ ਦੇ ਤਰਕ ਨੂੰ ਪੂਰੀ ਤਰ੍ਹਾਂ ਨਾਲ ਵਿਸਤਾਰ ਦਿੱਤਾ ਗਿਆ ਹੈ। ਉਸੇ ਹਵਾਲੇ ਵਿਚ ਉਸ ਨੇ ਆਖਿਆ, ''ਪ੍ਰਭੂ ਨੇ ਖੁਸ਼ ਖਬਰੀ ਦੇ ਪਰਚਾਰਕਾਂ ਲਈ ਭੀ ਇਹ ਥਾਪਿਆ ਹੈ ਭਈ ਓਹ ਖੁਸ਼ ਖਬਰੀ ਤੋਂ ਹੀ ਗੁਜ਼ਾਰਾ ਕਰਨ'' (1 ਕੁਰਿੰਥੀਆਂ 9:14)। 1 ਤਿਮੋਥਿਉਸ 5:17 ਵਿਚ ਵੀ ਪੌਲੁਸ ਨੇ ਲਿਖਿਆ, ''ਓਹ ਬਜ਼ੁਰਗ *[ਐਲਡਰ]* ਜਿਹੜੇ ਚੰਗਾ ਪਰਬੰਧ ਕਰਦੇ ਹਨ ਦੂਣੇ ਆਦਰ ਦੇ ਜੋਗ ਸਮਝੇ ਜਾਣ ਪਰ ਖਾਸ ਕਰਕੇ

ਓਹ ਜਿਹੜੇ ਬਚਨ ਸੁਣਾਉਣ ਅਤੇ ਸਿੱਖਿਆ ਦੇਣ ਵਿਚ ਮਿਹਨਤ ਕਰਦੇ ਹਨ।''

ਮਸੀਹ ਦੇ ਸੰਦੇਸ਼ ਨੂੰ ਸਿੱਖਣ ਵਾਲਿਆਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੀਆਂ ਚੀਜ਼ਾਂ ਵਿਚ ਉਨ੍ਹਾਂ ਨੂੰ ''ਸਾਂਝੀ'' (*koinōneō*) ਕਰਨ ਜਿਹੜੇ ਮੰਡਲੀ ਨੂੰ ਖ਼ੁਦਾ ਦਾ ਵਚਨ ਦਿੰਦੇ ਹਨ। ਇੰਜੀਲ ਦੀ ਇਸ ਥਾਂ ਜਿਸ ਨਾਲ ਆਮ ਤੌਰ ਤੇ ਦੂਜਿਆਂ ਨੂੰ ਮਸੀਹ ਦਾ ਸੰਦੇਸ਼ ਸੁਣਨ ਅਤੇ ਉਸ ਨੂੰ ਜਾਣਨ ਦਾ ਮੌਕਾ ਮਿਲ ਜਾਂਦਾ ਹੈ। ਅਜਿਹੀ ਸਾਂਝ ਖ਼ੁਦਾ ਦੀ ਨਕਰਲ ਕਰਨਾ ਹੈ ਜਿਸ ਨੇ ਸਾਡੇ ਨਾਲ ਆਪਣੇ ਪਿਆਰੇ ਪੁੱਤਰ ਨੂੰ ਸਾਂਝਾ ਕੀਤਾ।

**ਆਇਤ 7.** ਬੀਜਣ ਅਤੇ ਕੱਟਣ ਨਾਲ ਸਬੰਧਿਤ ਇਨ੍ਹਾਂ ਆਇਤਾਂ ਪਾਠਕਾਂ ਨੂੰ ਆਪਣੇ ਸਿਖਾਉਣ ਵਾਲਿਆਂ ਨੂੰ ਉਨ੍ਹਾਂ ਦੇ ਕੰਮ ਦਾ ਮੇਹਨਤਾਨਾ ਦੇਣ ਲਈ ਪ੍ਰੇਰਣਾ ਦੇਣ ਦਾ ਤਰਕ ਦੇਣ ਲਈ ਦਿੱਤਾ ਗਿਆ ਹੋ ਸਕਦਾ ਹੈ। ਫੇਰ ਤੋਂ ਦੋਬਾਰਾ, ਇਨ੍ਹਾਂ ਆਇਤਾਂ ਨੂੰ ਉਸ ਰੂਹਾਨੀ ਤਰੱਕੀ ਦੇ ਸਬੰਧ ਵਿਚ ਜਿਹੜਾ ਪ੍ਰੇਮ ਹੋਣ ਕਰਕੇ ਖ਼ੁਦਾ ਦਾ ਖੌਫ਼ ਰੱਖਣ ਵਾਲੇ ਹਰ ਭਗਤੀ ਭਰੇ ਵਿਹਾਰ ਵਾਲੇ ਵਿਅਕਤੀ ਵਿਚ ਹੋਵੇਗਾ, ਇਨ੍ਹਾਂ ਆਇਤਾਂ ਨੂੰ ਵਧੇਰੇ ਆਮ ਕਥਨ ਵਜੋਂ ਸਮਝਿਆ ਜਾ ਸਕਦਾ ਹੈ। ਆਖਰ ਇਸ ਸੰਦਰਭ ਵਿਚ ''ਮਸੀਹ ਦੀ ਸ਼ਰ੍ਹਾ'' ਦੀ ਹੀ ਤਾਂ ਗੱਲ ਹੋ ਰਹੀ ਹੈ।

ਪੌਲੁਸ ਦੀ ''ਤੁਸੀਂ ਧੋਖਾ ਨਾ ਖਾਉ'' ਦੀ ਚਿਤਾਵਨੀ ਬਾਈਬਲ ਵਿਚ ਆਮ ਹੈ।[9] ਧੋਖੇ ਦੀ ਗੱਲ ਬਹੁਤ ਪਿੱਤੇ ਬਾਗ ਏ ਅਦਨ ਵਿਚ ਚਲੀ ਜਾਂਦੀ ਹੈ ਜਿੱਥੇ ਹੱਵਾ ਨੇ ਸ਼ੈਤਾਨ ਵੱਲੋਂ ਭਰਮਾਏ ਜਾਣ ਨਾਲ ਸੰਸਾਰਿਕ ਸੁੰਦਰਤਾ ਸਰੀਰਕ ਇੱਛਾ ਅਤੇ ਸਵਾਰਥੀ ਘੁਮੰਡ ਉੱਤੇ ਧਿਆਨ ਲਾ ਲਿਆ ਸੀ। ਉਸ ਨੇ ਅਤੇ ਆਦਮ ਨੇ ਖ਼ੁਦਾ ਦਾ ਹੁਕਮ ਤੋੜਿਆ ਅਤੇ ਉਸ ਦੇ ਸਖ਼ਤ ਨਤੀਜੇ ਭੁਗਤੇ। ਉਹ ਖ਼ੁਦਾ ਤੋਂ ਜੁਦਾ ਹੋ ਗਏ, ਉਨ੍ਹਾਂ ਨੂੰ ਬਾਗ ਦੇ ਸੁਰਗ ਲੋਕ ਵਿੱਚੋਂ ਕੱਢ ਦਿੱਤਾ ਗਿਆ ਅਤੇ ਅਖ਼ੀਰ ਉਹ ਮਰ ਗਏ (ਉਤਪਤ 3:1–24; 5:5)।

**ਪਰਮੇਸ਼ੁਰ ਠੱਠਿਆਂ ਵਿਚ ਨਹੀਂ ਉਡਾਈਦਾ।** ਕੋਈ ਸ਼ਖ਼ਸ ਪਾਪ ਕਰਕੇ ਸਜ਼ਾ ਤੋਂ ਮੁਤਕੀ ਨਹੀਂ ਪਾ ਸਕਦਾ ਜਾਂ ਖ਼ੁਦਾ ਦਾ ਅਪਮਾਨ ਕਰਕੇ ਸਜ਼ਾ ਤੋਂ ਬਚਣ ਦੀ ਉਮੀਦ ਨਹੀਂ ਕਰ ਸਕਦਾ। ''ਠੱਠਾ'' ਲਈ ਸ਼ਬਦ (*muktērizō*, ਮੁਕਟੇਰੀਜ਼ੋ) ਦਾ ਅਰਥ ਮੂਲ ਵਿਚ ''ਨੱਕ ਚੜ੍ਹਾਉਣਾ'' ਹੈ।[10] ਅਜਿਹਾ ਇਕ ਸ਼ਬਦ ਲੂਕਾ 23:35 ਵਿਚ ਮਿਲਦਾ ਹੈ ਜਿੱਥੇ ਯਿਸੂ ਦੇ ਸਲੀਬ ਉੱਤੇ ਟੰਗੇ ਹੋਣ ਵਾਲੇ ਯਹੂਦੀ ਆਗੂਆਂ ਨੇ ਉਸ ਦਾ ''ਮਖੌਲ'' ਉਡਾਇਆ ਸੀ। ਬੈਨ ਵਿਦ੍ਰਿੰਗਟਨ ਤੀਜੇ ਦਾ ਮੰਨਣਾ ਸੀ ਕਿ ਕਿਸੇ ਉੱਤੇ ਨੱਕ ਚੜ੍ਹਾਉਣਾ ਉਸ ਨੂੰ ਸ਼ਰਮਿੰਦਿਆਂ ਕਰਨ ਅਤੇ ਉਸ ਉੱਤੇ ਉਸ ਨਾਲ ਇਵੇਂ ਸਲੂਕ ਕਰਨਾ ਸੀ, ਜਿਵੇਂ ਕੋਈ ਕਮਜ਼ੋਰ, ਜਿਵੇਂ ਕੋਈ ਆਪਣੇ ਹੀ ਵਕਾਰ ਤੋਂ ਹੇਠਾਂ ਹੋਵੇ ਅਤੇ ਜਿਵੇਂ ਕੋਈ ਸਨਮਾਨ ਦੇ ਅਯੋਗ ਹੋਵੇ।[11]

**ਕਿਉਂਕਿ ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਭੀ।** ਭੌਤਿਕ ਸੰਸਾਰ ਤੋਂ ਲਿਆ ਗਿਆ ਨਿਯਮ ਹੈ ਜਿਹੜਾ ਆਤਮਿਕ ਖੇਤਰ ਵਿਚ ਵੀ ਲਾਗੂ ਹੁੰਦਾ ਹੈ। ਸੰਸਾਰ ਦੀ ਰਚਨਾ ਦੇ ਤੀਜੇ ਦਿਨ ਖ਼ੁਦਾ ਨੇ ''ਸਾਗ ਪਤ ਉਹਦੀ ਜਿਣਸ ਦੇ ਅਨੁਸਾਰ ਤੇ ਫਲਦਾਰ ਬਿਰਛ ਜਿਨ੍ਹਾਂ ਦੇ ਵਿਚ *ਆਪੋ ਆਪਣੀ ਜਿਣਸ ਦੇ ਅਨੁਸਾਰ* ਬੀ ਹੈ ਉਗਾਇਆ'' (ਉਤਪਤ 1:12)। ਜਦ ਕਿਸੇ ਖ਼ਾਸ ਤਰ੍ਹਾਂ ਦਾ ਬੀਜ ਬੀਜਿਆ ਜਾਂਦਾ ਹੈ ਤਾਂ ਫ਼ਸਲ ਵੀ ਉਸੇ ਬੀਜ ਦੀ ਨਸਲ ਦੇ ਮੁਤਾਬਿਕ ਹੀ ਕੱਟੀ ਜਾਂਦੀ ਹੈ (ਵੇਖੋ ਅੱਯੂਬ 4:8; ਕਹਾਉਤਾਂ 22:8)।

ਪੌਲੁਸ ਦੇ ਸਮੇਂ ਵਿਚ ਅਰਥ ਵਿਵਸਥਾ ਮੁੱਖ ਤੌਰ ਤੇ ਖੇਤੀਬਾੜੀ ਉੱਤੇ ਨਿਰਭਰ ਸੀ, ਜਿਸ ਕਰਕੇ ਬੀਜਣ ਅਤੇ ਵੱਢਣ ਦੇ ਰੂਪਕਾਂ ਨੂੰ ਅਸਾਨੀ ਨਾਲ ਸਮਝਿਆ ਜਾ ਸਕਦਾ ਸੀ। ਇਸ ਤੋਂ ਛੁੱਟ ਖਤ ਵਿਚ ਇਸ ਗੱਲ ਦੇ ਰਾਹੀਂ ਪੌਲੁਸ ਦੇ ਪਾਠਕਾਂ ਨੇ ਉਸ ਦੇ ਰੂਪਕਾਂ ਨੇ ਉਸ ਦੇ ਅਸਲ ਅਰਥ ਵਿਚ ਬਦਲਣ ਬਾਰੇ ਕਾਫ਼ੀ ਸੁਣ ਰੱਖਿਆ ਹੋਵੇਗਾ। ਬੇਸ਼ੱਕ, ਖੇਤੀਬਾੜੀ ਤੋਂ ਇਲਾਵਾ ਹੋਰ ਵੀ ਪੇਸ਼ੇਵਰ ਲੋਕ ਹੁੰਦੇ ਹੋਣਗੇ। ਮਸੀਹੀ ਅਤੇ ਸਮਾਜ ਦੇ ਹੋਰ ਲੋਕ ਕਾਰੋਬਾਰੀਆਂ, ਤਰਖਾਣਾਂ, ਦਰਜੀਆਂ, ਸ਼ਾਹੂਕਾਰਾਂ, ਮਜਿਸਟ੍ਰੇਟਾਂ,

ਸਿਆਸਤਦਾਨਾਂ, ਸਿਖਾਉਣ ਵਾਲਿਆਂ, ਰਾਜ ਮਿਸਤਰੀਆਂ ਅਤੇ ਹੋਰਨਾਂ ਕੰਮਾਂ ਵਿਚ ਲੱਗੇ ਹੁੰਦੇ ਹਨ। ਇਸ ਦੇ ਬਾਵਜੂਦ ਗਲਾਤੀਆ ਵਰਗੇ ਸੂਬੇ ਦੇ ਸ਼ਹਿਰਾਂ ਵਿਚ ਲੋਕ ਖੇਤੀ ਬਾੜੀ ਤੋਂ ਐਨੇ ਦੂਰ ਨਹੀਂ ਹੁੰਦੇ ਹੋਣਗੇ ਕਿ ਉਨ੍ਹਾਂ ਨੂੰ ਪੌਲੁਸ ਦੀ ਗੱਲ ਦੀ ਸਮਝ ਹੀ ਨਾ ਆਵੇ ਕਿ ਉਸ ਦਾ ਕੀ ਮਤਲਬ ਹੈ।

ਇਹ ਨਿਯਮ ਚਾਹੇ ਕਈ ਜਗ੍ਹਾ ਵਰਤਿਆ ਜਾ ਸਕਦਾ ਹੈ ਪਰ ਪੌਲੁਸ ਅਜੇ ਵੀ ਉਨ੍ਹਾਂ ਲੋਕਾਂ ਨਾਲ ਸਾਂਝਦਾਰੀ ਦੀ ਗੱਲ ਸੋਚ ਰਿਹਾ ਹੋਵੇਗਾ ਜਿਹੜੇ ਇੰਜੀਲ ਸੁਣਾਉਂਦੇ ਹਨ (6:6)। 2 ਕੁਰਿੰਥੀਆਂ 9:6 ਵਿਚ ਖੁਲਦਿਲੀ ਨਾਲ ਦੇਣ ਨੂੰ ਵਧਾਵਾ ਦੇਣ ਲਈ ਉਸ ਨੇ ਕੱਟਣ ਅਤੇ ਬੀਜਣ ਦੇ ਰੂਪਕ ਨੂੰ ਵਰਤਿਆ: ''ਪਾ ਗੱਲ ਇਹ ਹੈ ਭਈ ਜਿਹੜਾ ਘੱਟ ਬੀਜਦਾ ਹੈ ਉਹ ਘੱਟ ਵੱਢੇਗਾ ਅਤੇ ਜਿਹੜਾ ਖੁਲ੍ਹੇ ਦਿਲ ਬੀਜਦਾ ਹੈ ਉਹ ਖੁੱਲ੍ਹੇ ਦਿਲ ਵੱਢੇਗਾ।'' ਉਸ ਸੰਦਰਭ ਵਿਚ ਜ਼ੋਰ ਬੀਜ ਦੀ ਮਿਕਦਾਰ ਉੱਤੇ ਹੈ, ਜਦ ਕਿ ਗਲਾਤੀਆਂ 6:7 ਵਿਚ ਬੀਜ ਦੀ ਕਿਸਮ ਉੱਤੇ (ਵੇਖੋ ਮੱਤੀ 13:24–30)।

**ਆਇਤ 8.** ਆਇਤ 8 ਵਿਚ ਭਾਸ਼ਾ ਬਦਲ ਜਾਂਦੀ ਹੈ ਜਿਸ ਵਿਚ ਜ਼ੋਰ ਬੀਜ ਦੀ ਕਿਸਮ ਦੀ ਬਜਾਏ ਖੇਤ ਦੀ ਕਿਸਮ ਉੱਤੇ ਹੋ ਜਾਂਦਾ ਹੈ। ਬੀਜਣ ਵਾਲੇ ਨੂੰ ''ਦੋ ਵੱਖੋ ਵੱਖ ਖੇਤਾਂ ਵਿਚ ਬੀ ਸੁੱਟਣ'' ਦਾ ਬਦਲ ਦਿੱਤਾ ਜਾਂਦਾ ਹੈ ਫੇਰ ''ਅਤੇ ਇਨ੍ਹਾਂ ਦੋਹਾਂ ਵੱਖੋ ਵੱਖ ਖੇਤਰਾਂ ਤੋਂ ਉਹ ਖੇਤਾਂ ਦੀ ਕਿਸਮ ਦੇ ਅਨੁਸਾਰ ਵਾਡੀ ਕਰਦਾ ਹੈ।''[12] ਪਹਿਲਾ ਬਦਲ ਨਕਾਰਾਤਮਕ ਹੈ, **ਜਿਹੜਾ ਆਪਣੇ ਸਰੀਰ ਲਈ ਬੀਜਦਾ ਹੈ ਉਹ ਸਰੀਰੋਂ ਬਿਨਾਸ ਨੂੰ ਵੱਢੇਗਾ।** ਇੱਥੇ ਖੇਤ ''ਆਪਣੇ ਸਰੀਰ'' ਨੂੰ ਕਿਹਾ ਗਿਆ ਹੈ। ਪੌਲੁਸ ਆਪਣੇ ਪਾਠਕਾਂ ਨੂੰ ਆਪਣੀਆਂ ਜ਼ਿੰਦਗੀਆਂ ਉੱਤੇ ਧਿਆਨ ਕਰਕੇ ਇਹ ਯਕੀਨੀ ਬਣਾਉਣ ਦੀ ਚੁਣੌਤੀ ਦੇ ਰਿਹਾ ਸੀ ਕਿ ਉਹ ''ਸਰੀਰ ਦੇ ਕੰਮਾਂ'' ਦੇ ਅਨੁਸਾਰ ਤਾਂ ਨਹੀਂ ਜੀ ਰਹੇ (5:19–21)। ਆਪਣੇ ਆਪ ਨੂੰ ਸੰਸਾਰਕ, ਦੁਨਿਆਵੀ, ਮਨਮਰਜੀ ਦੀ ਜ਼ਿੰਦਗੀ ਜਤਾਉਣ ਲਈ ਦੇ ਦੇਣਾ, ਰੂਹਾਨੀ ਤੌਰ ਤੇ ਮਰੇ ਹੋਏ ਆਦਮੀ ਵਰਗਾ ਹੈ। ਪੌਲੁਸ ਨੇ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਜਿਹੜੇ ਇਸ ਤਰ੍ਹਾਂ ਨਾਲ ਜ਼ਿੰਦਗੀ ਕੱਟਦੇ ਹਨ ਉਹ ''ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਨਹੀਂ ਹੋਣਗੇ'' (5:21)। ਇੱਥੇ ਉਸ ਨੇ ਇਹ ਕਿਹਾ ਕਿ ਉਹ ''ਸਰੀਰੋਂ ਬਿਨਾਸ ਨੂੰ ਵੱਡੇਗਾ।'' ਇਹ ਨਰਕ ਵਿਚ ਹਮੇਸ਼ਾ ਦੀ ਸਜ਼ਾ ਦੀ ਗੱਲ ਕਰਨ ਦਾ ਇਕ ਹੋਰ ਤਰੀਕਾ ਹੈ।

ਦੂਜਾ ਬਦਲ ਸਕਾਰਾਤਮਕ ਹੈ: **ਅਤੇ ਜਿਹੜਾ ਆਤਮਾ ਲਈ ਬੀਜਦਾ ਹੈ ਉਹ ਆਤਮਾ ਤੋਂ ਸਦੀਪਕ ਜੀਵਨ ਨੂੰ ਵੱਢੇਗਾ।** ਇੱਥੇ ਖੇਤ ''ਆਤਮਾ'' ਨੂੰ ਕਿਹਾ ਗਿਆ ਹੈ। ਆਤਮਾ ਦੇ ਦੁਆਰਾ ਚੱਲਣ ਵਾਲਾ ਵਿਅਕਤੀ (5:16, 25), ਇਸ ਜ਼ਿੰਦਗੀ ਵਿਚ ''ਆਤਮਾ ਦਾ ਫਲ'' ਦਿੰਦਾ ਹੈ (5:22, 23), ਉਸ ਨੂੰ ਖ਼ੁਦਾ ਦੇ ਨਾਲ ਸੁਰਗ ਵਿਚ ਹਮੇਸ਼ਾ ਦੀ ਜ਼ਿੰਦਗੀ ਮਿਲੇਗੀ।

ਰੋਮੀਆਂ 8:5–7 ਵਿਚ ਪੌਲੁਸ ਨੇ ''ਸਰੀਰ'' ਅਤੇ ''ਆਤਮਾ'' ਵਿਚ ਫ਼ਰਕ ਦੇ ਨਾਲ ਨਾਲ ਉਨ੍ਹਾਂ ਦੇ ਫਲਾਂ ਨੂੰ ਵੀ ਦੱਸਿਆ:

> ਜਿਹੜੇ ਸਰੀਰਕ ਹਨ ਓਹ ਸਰੀਰ ਦੀਆਂ ਵਸਤਾਂ ਉੱਤੇ ਪਰ ਜਿਹੜੇ ਆਤਮਕ ਹਨ ਓਹ ਆਤਮਾ ਦੀਆਂ ਵਸਤਾਂ ਉੱਤੇ ਮਨ ਲਾਉਂਦੇ ਹਨ। ਕਿਉਂ ਜੋ ਸਰੀਰਕ ਮਨਸ਼ਾ *ਮੌਤ* ਹੈ ਪਰ ਆਤਮਕ ਮਨਸ਼ਾ *ਜੀਵਨ ਅਤੇ ਸ਼ਾਂਤੀ* ਹੈ। ਇਸ ਲਈ ਜੋ ਸਰੀਰਕ ਮਨਸ਼ਾ ਪਰਮੇਸ਼ੁਰ ਨਾਲ ਵੈਰ ਹੈ ਕਿਉਂ ਜੋ ਉਹ ਪਰਮੇਸ਼ੁਰ ਦੀ ਸ਼ਰਾ ਦੇ ਅਧੀਨ ਨਹੀਂ ਹੈ ਅਤੇ ਨਾ ਹੀ ਹੋ ਸੱਕਦੀ ਹੈ।

ਇਹ ਹਵਾਲਾ ਸਾਨੂੰ ਸਾਫ਼ ਸਾਫ਼ ਯਾਦ ਦੁਆਉਂਦਾ ਹੈ ਕਿ ਪੌਲੁਸ ਨੇ ਇਸ ਵਿਸ਼ੇ ਉੱਤੇ ਗਲਾਤੀਆਂ ਦੇ ਭਾਈਆਂ ਨੂੰ ਕੀ ਦੱਸਿਆ। ਸਰੀਰਕ ਸੋਚ ਦੇ ਬਾਗੀ ਰਵੱਈਏ ਬਾਰੇ ਉਸ ਨੇ ਬਿਲਕੁਲ ਇਹੀ ਕਿਹਾ ਸੀ:

> ਪਰ ਮੈਂ ਆਖਦਾ ਹਾਂ, ਤੁਸੀਂ ਆਤਮਾ ਦੁਆਰਾ ਚੱਲੋ ਤਾਂ ਸਰੀਰ ਦੇ ਵਿਸ਼ਿਆਂ ਨੂੰ ਕਦੇ ਪੂਰਿਆਂ ਨਾ ਕਰੋਗੇ। ਕਿਉਂ ਜੋ ਸਰੀਰ ਆਤਮਾ ਦੇ ਵਿਰੁੱਧ, ਅਤੇ ਆਤਮਾ ਸਰੀਰ ਦੇ ਵਿਰੁੱਧ

ਲੋਚਦਾ ਹੈ ਕਿਉਂ ਜੋ ਏਹ ਇਕ ਦੂਏ ਦੇ ਵਿਰੁੱਧ ਹਨ ਤਾਂ ਜੋ ਤੁਸੀਂ ਜੋ ਚਾਹੁੰਦੇ ਸੋ ਨਾ ਕਰੋ। ਪਰ ਜੇ ਤੁਸੀਂ ਆਤਮਾ ਦੀ ਅਗਵਾਈ ਨਾਲ ਚੱਲਦੇ ਹੋ ਤਾਂ ਸ਼ਰਾ ਦੇ ਮਤਹਿਤ ਨਹੀਂ ਹੋ (5:16–18)।

ਇਨ੍ਹਾਂ ਦੋਹਾਂ ਸੰਦਰਭਾਂ ਦੀਆਂ ਵਿਚਲੀਆਂ ਸਮਾਨਤਾਵਾਂ ਹੈਰਾਨ ਕਰ ਦੇਣ ਵਾਲੀਆਂ ਹਨ। ਦੋਹਾਂ ਹਵਾਲਿਆਂ ਵਿਚ ਦੱਸਿਆ ਗਿਆ ਹੈ ਕਿ ਬਾਗੀ ਮਨ ਇੱਥੇ ਦਿੱਤੇ ਗਏ ਵੱਖੋ ਵੱਖ ''ਨਿਯਮਾਂ'' ਉੱਤੇ ਕਿਵੇਂ ਪ੍ਰਤੀਕਿਰਿਆ ਦਿੰਦਾ ਹੈ। ਯਕੀਨਨ ਹੀ ਇਹ ਹਰ ਉਸ ਗੱਲ ਨੂੰ ਨਕਾਰਦਾ ਹੈ ਜਿਹੜੀਆਂ ਇਸ ਦੀਆਂ ਆਪਣੀਆਂ ਸੰਸਾਰਕ ਜਾਂ ਦੁਨਿਆਵੀ ਇੱਛਾਵਾਂ ਦੇ ਰਾਹੀ ਵਿਚ ਆਉਂਦੀਆਂ ਹਨ। ਸਰੀਰਕ ਮਨ, ਦਰਅਸਲ ਵਿਰੋਧ ਕਰਨ ਵਾਲਾ, ਮਨਮਰਜੀ ਕਰਨ ਵਾਲਾ। ਇਹ ਖ਼ੁਦਾ ਦਾ ਵੈਰੀ ਅਤੇ ਉਸ ਦੇ ਨਿਯਮ ਦੇ ਅਧੀਨ ਨਾ ਹੋਣ ਵਾਲਾ ਹੈ। ਅਜਿਹੀ ਸੋਚ ਇਸ ਦੀ ਆਪਣੀ ਜ਼ਿਦੀ ਅਤੇ ਫੁੱਲੇ ਹੋਏ *ਆਪੇ* ਵਿਚਕਾਰ ਆਉਣ ਵਾਲੀ ਕਿਸੇ ਵੀ ਚੀਜ਼ ਨੂੰ ਨਕਾਰ ਦਿੰਦੀ ਹੈ! ਜ਼ਰੂਰੀ ਨਹੀਂ ਕਿ ਇਹਦਾ ਮਤਲਬ ਇਹੀ ਹੋਵੇ ਕਿ ਅਜਿਹਾ ਸ਼ਖ਼ਸ ਹਮੇਸ਼ਾ ਨਾਪਸੰਦ, ਚਿੜਚਿੜਾ ਜਾਂ ਗੁਸਤਾਖ਼ ਹੀ ਹੋਵੇ। ਇਸ ਦੇ ਉਲਟ ਉਸ ਦਾ ਝੁਕਾਅ ਦਿਖਾਵਟੀ ਖੁਸ਼ਾਮਦ ਜਾਂ ਬਨਾਵਟੀ ਲਗਾਅ ਹੋ ਸਕਦਾ ਹੈ। ਉਹ ਆਪਣੇ ਮਕਸਦ ਨੂੰ ਹਾਸਲ ਕਰਨ ਵਿਚ ਆਪਣੇ ਆਪ ਨੂੰ ਅੱਗੇ ਵਧਾ ਸਕਦਾ ਹੈ ਜਾਂ ਆਪਣੀ ਸੁਆਰਥੀ ਲਾਲਸਾ ਨੂੰ ਪੂਰਾ ਕਰਨ ਲਈ ਪੇਸ਼ੇਵਰ, ਸਮਾਜਿਕ, ਸਿਆਸੀ ਜਾਂ ਆਰਥਕ ਟੀਚੇ ਨੂੰ ਹਾਸਲ ਕਰਨ ਵੇਲੇ, ਤਾਕਤਵਰ ਲੋਕਾਂ ਦਾ ਭਰੋਸਾ ਜਿੱਤਣ ਦੀ ਕੋਸ਼ਿਸ਼ ਕਰ ਸਕਦਾ ਹੈ। ਉਹ ਕਈ ਤਰੀਕੇ ਵਰਤ ਸਕਦਾ ਹੈ, ਪਰ ਉਸ ਦੀ ਮੰਜਿਲ ਹਮੇਸ਼ਾ ਖੁਦਗਰਜੀ ਵਾਲੀ ਅਤੇ ''ਸਰੀਰਕ'' (ਭਾਵ ਇਸ ਸੰਸਾਰ ਦੀ) ਹੀ ਹੋਵੇਗੀ।

**ਆਇਤ 9. ਅਤੇ ਭਲਿਆਈ ਕਰਦਿਆਂ ਅਸੀਂ ਅੱਕ ਨਾ ਜਾਹੀਏ** (*mē enkakōmen,* ਐਨ ਕੇ ਕੋਮਨ) ਉੱਤਮ ਪੁਰਖ ਬਹੁਵਚਨ ਹੈ, ਭਾਵ ਉਹ ਰੂਪ ਜਿਸ ਵਿਚ ਆਪਣੇ ਰੋਤਿਆਂ ਦੇ ਨਾਲ ਨਾਲ ਲੇਖਕ ਜਾਂ ਬੁਲਾਰਾਂ ਵੀ ਸ਼ਾਮਿਲ ਹੈ। ਸਿੱਖਿਆ ਦੇ ਇਨ੍ਹਾਂ ਸ਼ਬਦਾਂ ਵਿਚ ਗਲਾਤੀਆ ਨੂੰ ਵੀ ਅਪਾਣੇ ਨਾਲ ਨਾਲ ਸ਼ਾਮਿਲ ਕੀਤਾ। ''ਅੱਕ ਜਾਣਾ'' ਲਈ ਯੂਨਾਨੀ ਸ਼ਬਦ ਸ਼ਾਬਦਿਕ ਰੂਪ *enkakeō* (ਐਨਕੇਕਿਓ) ਤੋਂ ਲਿਆ ਗਿਆ ਹੈ। ਇਸ ਦਾ ਅਨੁਵਾਦ ''ਥੱਕ ਜਾਣਾ'' (NRSV) ਜਾਂ ''ਥੱਕਣਾ'' (NLT) ਵੀ ਹੋ ਸਕਦਾ ਹੈ। ਵਿਚਾਰ ''ਵਿਹਾਰ ਦੇ ਮਨ ਭਾਉਂਦੇ ਨਮੂਨੇ ਵਿਚ ਬਣੇ ਰਹਿਣ ਦੀ ਪ੍ਰੇਰਣਾ ਗੁਆ ਬੈਠਣਾ,'' ''ਜੋਸ਼ ਗੁਆ ਦੇਣਾ,'' ''ਨਿਰਾਸ਼ ਹੋ ਜਾਣਾ'' ਦਾ ਹੈ।[13]

ਭਲਿਆਈ ਕਰਦਿਆਂ ਵਾਕਅੰਸ਼ ਸ਼ੁਰੂ ਵਿਚ ਲਗਦਾ ਹੈ ਕਿ ਇਸ ਨੂੰ ਹਰ ਚੀਜ਼ ਤੇ ਲਾਗੂ ਕੀਤਾ ਜਾ ਸਕਦਾ ਹੈ। ਪਰ ਇਸ ਸੰਦਰਭ ਵਿਚ ਫੋਕਸ ਅਜੇ ਵੀ ਆਤਮਾ ਦੁਆਰਾ ਚੱਲਣ ਤੇ ਹੈ (5:16, 18, 25; 6:8)। ਜੇ ਪੌਲੁਸ ਦੇ ਮਨ ਵਿਚ ਕੋਈ ਹੋਰ ਸਪੱਸ਼ਟ ਗੱਲ ਹੁੰਦੀ ਤਾਂ ਉਹ ਇਸ ਦੇ ਨਾਲ ਦੀਆਂ ਆਇਤਾਂ ਵਿਚ ਝੱਟ ਸਾਹਮਣੇ ਆ ਜਾਣੀ ਸੀ, ਜਿਵੇਂ ਭਟਕੇ ਹੋਏ ਨੂੰ ਸੁਧਾਰਣਾ (6:1), ਦੂਜਿਆਂ ਦਾ ਭਾਰ ਚੁੱਕਣਾ (6:2), ਆਪਣਾ ਹੀ ਭਾਰ ਚੁੱਕਣਾ (6:5), ਅਤੇ ਅਖ਼ੀਰ ਵਿਚ ਵਚਨ ਨੂੰ ਸਿਖਾਉਣ ਵਾਲਿਆਂ ਦੀ ਮਾਲੀ ਮਦਦ ਕਰਨਾਤ (6:6)।

ਖੇਤੀ ਬਾੜੀ ਸਬੰਧਿਤ ਆਪਣੇ ਰੂਪਕ ਵਿਚ ਪੌਲੁਸ ਨੇ ਅੱਗੇ ਇਹ ਪ੍ਰੇਰਣਾ ਦਿੱਤੀ: **ਕਿਉਂਕਿ ਜੇ ਹੌਸਲਾ ਨਾ ਹਾਰੀਏ ਤਾਂ ਵੇਲੇ ਸਿਰ ਵੱਢਾਂਗੇ।** ਰੂਹਾਨੀ ਸੋਚ ਵਾਲੇ ਆਦਮੀ ਨੂੰ ਆਦਰਸ਼ਵਾਦੀ ਢੰਗ ਨਾਲ ਸੋਚਣ ਵਿਚ ਜਿਸ ਵਿਚ ਇਹ ਮਸੀਹੀ ਆਦਮੀ ਨੂੰ ਕੋਮਲ, ਸ਼ਾਂਤ ਵਿਹਾਰ ਵਾਲੇ ਆਦਮੀ ਤਕ ਸੀਮਿਕ ਕਰ ਦਵੇ ਜਿਹੜਾ ''ਅਸਲ ਦੁਨੀਆਂ'' ਵਿਚ ਕਿਸੇ ਵੀ ਤਰ੍ਹਾਂ ਦੇ ਹਾਲਾਤ ਦੇ ਬਾਵਜੂਦ ਅਡੋਲ ਰਹੇ, ਖ਼ਤਰਨਾਕ ਹੈ। ਪਰ ਪੌਲੁਸ ਨਾਲੋਂ ਬੇਹਤਰ ਹੋ ਕੋਈ ਨਹੀਂ ਜਾਣਦਾ ਸੀ ਕਿ ਆਤਮਾ ਨੂੰ ਵਧਾਵਾ ਦੇਣ ਦੀ ਗੱਲ ਮੰਨਣਾ ਅਤੇ ਪ੍ਰਭੂ ਦੀ ਇੱਛਾ ਨੂੰ ਪੂਰੀ ਕਰਨ ਦੀ ਕੋਸ਼ਿਸ਼ ਕਰਦੇ ਰਹਿਣਾ ਮੁਸ਼ਕਿਲ ਅਤੇ ਦਬਾਅ ਪਾਉਣ ਵਾਲਾ ਹੋ ਸਕਦਾ ਹੈ। ਫਿਰ ਵੀ ਉਸ ਦਾ ਮੰਨਣਾ ਸੀ ਕਿ ਕੋਸ਼ਿਸ਼ ਕਰਨ ਵਿਚ ਫ਼ਾਇਦਾ ਹੈ। ''ਕਿਰਸਾਨ ਜਿਹੜਾ ਮੇਹਨਤ ਕਰਦਾ ਹੈ'' ਵਾਂਗ (2 ਤਿਮੋਥਿਉਸ 2:6), ਮਸੀਹੀ

ਆਦਮੀ ਅਖ਼ੀਰ ਵਿਚ ਭਰਪੂਰ ਫਸਲ ''ਵੱਡੇਗਾ'' ਜੇ ''ਅੱਕ ਨਾ'' ਜਾਵੇ (*ekluō*, ਐਕਲੂ) ਭਾਵ ''ਨਾ ਹਿੰਮਤ ਹਾਰੇ'' (NKJV) ਜਾਂ ''ਨਾ ਛੱਡੇ'' (NIV)।

**ਆਇਤ 10.** ਇਕ ਦੂਜੇ ਦਾ ਭਾਰ ਚੁੱਕਣ ਦੀ ਛੋਟੀ ਇਕਾਈ ਦੇ ਨਾਲ ਨਾਲ (6:1–10), ਮਸੀਹੀ ਚਾਲ ਦੇ ਆਪਣੇ ਵੱਡੇ ਹਿੱਸੇ (5:2–6:10) ਵੱਡੇ ਹੁਕਮ ਨਾਲ ਮੁਕਾਇਆ। ਉਸ ਨੇ ਸ਼ੁਰੂ ਵਿਚ ਕਿਹਾ, **ਉਪਰੰਤ ਜਿਵੇਂ ਸਾਨੂੰ ਮੌਕਾ ਮਿਲੇ . . .।** ਮੌਕਾ ਲਈ ਯੂਨਾਨੀ ਸ਼ਬਦ (*kairos*, ਕੇਰੋਸ) ਉਹੀ ਸ਼ਬਦ ਹੈ ਜਿਸ ਦਾ ਅਨੁਵਾਦ 6:9 ਵਿਚ ''ਵੇਲੇ ਸਿਰ'' ਹੋਇਆ ਹੈ। ਉਸ ਆਇਤ ਵਿਚ ਇਹ ਸ਼ਬਦ ਮਸੀਹ ਦੀ ਵਾਪਸੀ ਵੇਲੇ ਹਮੇਸ਼ਾ ਦੀ ਜ਼ਿੰਦਗੀ ਦੀ ਵਾਡੀ ਨਾਲ ਸਬੰਧਿਤ ਹੈ। ਇੱਥੇ ਇਹ ਖ਼ੁਦਾ ਵੱਲੋਂ ਦਿੱਤੇ ਉਨ੍ਹਾਂ ਪਲਾਂ ਵੱਲ ਇਸ਼ਾਰਾ ਕਰਦਾ ਹੈ ਜਿਹੜੇ ਜਲਵਾਯੂ ਦੀ ਉਸ ਘਟਨਾ ਵੱਲ ਲਿਜਾਂਦੇ ਹਨ।

ਪੌਲੁਸ ਨੇ ਆਪਣੇ ਭਾਈਆਂ ਨੂੰ ਜ਼ਿੰਦਗੀ ਦੇ ਥੋੜੀ ਦੇਰ ਦਾ ਹੋਣਾ ਅਤੇ ਹਰ ਕੀਮਤੀ ਪਲ ਵਿਚ ਪਾਈ ਜਾਣ ਵਾਲੀ ਆਪਣੀ ਕਾਬਲੀਅਤ ਨੂੰ ਯਾਦ ਦੁਆਇਆ। ਸਾਨੂੰ ਸਮਾਂ ਦਿੱਤਾ ਗਿਆ ਹੈ ਤਾਂ ਜੋ ਅਸੀਂ ਪ੍ਰਭੂ ਦੀ ਸੇਵਾ ਕਰ ਸਕੀਏ ਅਤੇ ਉਹਦੇ ਨਾਮ ਲਈ ਫਲ ਲਿਆ ਸਕੀਏ। ਸਮਾਂ ਬਰਬਾਦ ਕਰਨਾ ਭਿਆਨਕ ਗੱਲ ਹੈ। ਟਾਈਮ ਮੈਨੇਜਮੈਂਟ ਦੇ ਸਬੰਧ ਵਿਚ ਅਫ਼ਸੀਆਂ 5:15, 16 ਵਿਚ ਰਸੂਲ ਨੇ ਲਿਖਿਆ ਹੈ, ''ਸੋ ਚੌਕਸੀ ਨਾਲ ਵੇਖੋ ਭਈ ਤੁਸੀਂ ਕਿੱਕੁਰ ਚੱਲਦੇ ਹੋ, ਨਿਰਬੁੱਧਾਂ ਵਾਂਙੁ ਨਹੀਂ ਸਗੋਂ ਬੁੱਧਵਾਨਾਂ ਵਾਂਙੁ। ਆਪਣੇ ਲਈ ਸਮੇਂ ਨੂੰ ਲਾਭਦਾਇਕ ਕਰੋ ਇਸ ਲਈ ਜੋ ਦਿਨ ਬੁਰੇ ਹਨ।'' ਇਹ ਹਵਾਲਾ ਮੂਲ ਵਿਚ ''ਵਾਪਸ ਖਰੀਦਣ'' ਜਾਂ ''ਸਮੇਂ ਦਾ ਲਾਹਾ ਲੈਣ'' ਦੀ ਗੱਲ ਕਰਦਾ ਹੈ। ਉਸ ਵਾਕਅੰਸ਼ ਵਿਚ ਵਰਤਿਆ ਗਿਆ ਸ਼ਬਦ (*exagorazō*, ਐਕਸਾਗੋਰੇਜੋ) ਨਾਉਂ ਸ਼ਬਦ (*agora*, ਅਗੋਰਾ) ਤੇ ਅਧਾਰਿਤ ਹੈ ਜੋ ''ਮਾਰਕਿਟ,'' ''ਬਜ਼ਾਰ'' ਦਾ ਸੰਕੇਤ ਦਿੰਦਾ ਹੈ। ਆਮ ਕਿਰਿਆ ਸ਼ਬਦ *agorazō* (ਅਗੋਰੇਜੋ) ਦਾ ਮੂਲ ਅਨੁਵਾਦ ''ਬਜ਼ਾਰ ਕਰੋ,'' ''ਖਰੀਦੋ'' ਜਾਂ ''ਦੁਕਾਨ'' ਹੈ ਜਦਕਿ ਇਸ ਦੇ ਤੀਬਰ ਰੂਪ *exagorazō* ਦਾ ਸਬੰਧ ''ਸਾਰੇ ਦਾ ਸਾਰਾ ਖਰੀਦਣਾ'' ਜਾਂ ''ਫਾਇਦਾ ਚੁੱਕਣਾ'' (ਇੱਥੇ, ''ਸਮਾਂ'' ਜਾਂ ''ਮੌਕਾ'') ਹੈ। ਸਮਾਂ ਜ਼ਿੰਦਗੀ ਦਾ ਸਾਰ ਹੀ ਹੈ ਅਤੇ ਇਸ ਦੀ ਵਰਤੋਂ ਦੂਜਿਆਂ ਦੀ ਸੇਵਾ ਕਰਨ ਅਤੇ ਮੁਕਤੀ ਦੀ ਖੁਸ਼ਖ਼ਬਰੀ ਨੂੰ ਫੈਲਾਉਣ ਲਈ ਸਮਝਦਾਰੀ ਨਾਲ ਕਰਨੀ ਚਾਹੀਦੀ ਹੈ। ਮਸੀਹ ਦੀ ਦੂਜੀ ਆਮਦ ਨੂੰ ਧਿਆਨ ਵਿਚ ਰੱਖਦਿਆਂ ਮਸੀਹੀ ਲੋਕਾਂ ਨੂੰ ਇੰਜੀਲ ਦੇ ਪ੍ਰਚਾਰ ਦੀ ਜ਼ਰੂਰਤ ਦਾ ਅਹਿਸਾਸ ਹੋਣਾ ਚਾਹੀਦਾ ਹੈ।

ਹੁਕਮ ਦਿੰਦਿਆਂ ਪੌਲੁਸ ਨੇ ਆਖਿਆ, **ਅਸੀਂ . . . ਨਾਲ ਭਲਾ ਕਰੀਏ।** ਇੱਥੇ ''ਭਲਾ ਕਰਨ'' ਲਈ ਭਾਵੇਂ 6:9 ਨਾਲੋਂ ਫ਼ਰਕ ਯੂਨਾਨੀ ਸ਼ਬਦ ਵਰਤੇ ਗਏ ਹਨ, ਪਰ ਵਿਚਾਰ ਉਹੀ ਹੈ ਕਿ ਮਸੀਹੀ ਲੋਕਾਂ ਨੂੰ ਉਵੇਂ ਹੀ ਕੰਮ ਕਰਨ ਲਈ ਸੱਦਿਆ ਗਿਆ ਹੈ ਜਿਹੜੇ ਦੂਜਿਆਂ ਦੇ ਫ਼ਾਇਦੇ ਹੋਣ ਜਿਨ੍ਹਾਂ ਨਾਲ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਸੁਧਾਰ ਹੋ ਸਕੇ। ''ਭਲਾ'' (*agathos*, ਅਗਾਥੋਸ) ਕਰਨਾ ਆਤਮਾ ਦੁਆਰਾ ਚੱਲਣ ਨਾਲ ਹੁੰਦਾ ਹੈ। ਯੂਨਾਨੀ ਸ਼ਬਦ ਉਸੇ ਹੀ ਸ਼ਬਦ ਪਰਿਵਾਰ ਤੋਂ ਹੈ ਜਿਸ ਦਾ ਅਨੁਵਾਦ 5:22 ਵਿਚ ਆਤਮਾ ਦੀ ਫ਼ਹਿਰਿਸਤ ਵਿਚ ''ਭਲਿਆਈ'' *agathōsunē* (ਅਗਾਥੋਸੁਨ) ਕੀਤਾ ਗਿਆ ਹੈ।

ਬਿਲਕੁਲ ਉਵੇਂ ਹੀ ਜਿਵੇਂ ਯਿਸੂ ਸਾਰੇ ਸੰਸਾਰ ਲਈ ਮਰਿਆ (1 ਯੂਹੰਨਾ 2:2) ਅਤੇ ਇੰਜੀਲ ਭਾਵ ਖੁਸ਼ਖ਼ਬਰੀ ''ਸਾਰੀਆਂ ਕੌਮਾਂ'' ਲਈ ਹੈ (ਮੱਤੀ 28:19), ਉਸੇ ਤਰ੍ਹਾਂ ਮਸੀਹੀ ਲੋਕਾਂ ਨੂੰ **ਸਭਨਾਂ ਨਾਲ** ਭਲਿਆਈ ਕਰਨ ਨਹੀ ਕਿਹਾ ਗਿਆ ਹੈ। ਸੇਵਾ ਕਰਨ ਦੇ ਕੰਮਾਂ ਨਾਲ ਦੂਜਿਆਂ ਤਕ ਬਚਾਉਣ ਵਾਲੀ ਉਸ ਨਿਹਚਾ ਨੂੰ ਪਹੁੰਚਾਉਣ ਦਾ ਮੌਕਾ ਮਿਲ ਸਕਦਾ ਹੈ ਜਿਹੜੀ ਸਾਨੂੰ ਦਿੱਤੀ ਗਈ ਹੈ। ਕੁਰਨੇਲਿਉਸ ਦੇ ਘਰਾਣੇ ਵਿਚ ਗੈਰਕੌਮਾਂ ਵਿਚ ਆਪਣਾ ਪਹਿਲਾਂ ਸੰਦੇਸ਼ ਦਿੰਦਿਆਂ ਪਤਰਸ ਨੇ ਉਨ੍ਹਾਂ ਨੂੰ ਯਿਸੂ ਦੀ ਧਰਤੀ ਉਤਲੀ ਸੇਵਕਾਈ ਬਾਰੇ ਦੱਸਿਆ ਸੀ, ''ਕਿ ਪਰਮੇਸ਼ੁਰ ਨੇ ਕਿਸ ਬਿਧ ਨਾਲ ਉਹ ਨੂੰ ਪਵਿੱਤਰ ਆਤਮਾ ਅਤੇ ਸਮਰੱਥਾ ਨਾਲ ਮਸਹ ਕੀਤਾ ਜੋ *ਉਹ ਭਲਾ ਕਰਦਾ* ਅਤੇ ਸਭਨਾਂ ਨੂੰ

ਜੋ ਸ਼ੈਤਾਨ ਦੇ ਕਾਬੂ ਕੀਤੇ ਹੋਏ ਸਨ ਚੰਗਾ ਕਰਦਾ ਫਿਰਿਆ ਕਿਉਂ ਜੋ ਪਰਮੇਸ਼ੁਰ ਉਹ ਦੇ ਨਾਲ ਸੀ'' (ਰਸੂਲਾਂ ਦੇ ਕਰਤੱਬ 10:38)। ਇਸ ਦਿਨ ਤੀਕ ਪਤਰਸ ਨੂੰ ਵੀ ਸਮਝ ਨਹੀਂ ਸੀ ਕਿ ''ਸਭਨਾਂ'' ਸਿਰਫ਼ ਯਹੂਦੀਆਂ ਲਈ ਹੀ ਨਹੀਂ ਕਿਹਾ ਗਿਆ ਸੀ ਬਲਕਿ ਸਭ ਕੌਮਾਂ ਦੇ ਲੋਕਾਂ ਨੂੰ ਮੁਕਤੀ ਦਾ ਸੰਦੇਸ਼ ਦਿੱਤਾ ਜਾਣਾ ਜ਼ਰੂਰੀ ਸੀ (ਰਸੂਲਾਂ ਦੇ ਕਰਤੱਬ 10:34, 35)।

''ਸਭਨਾਂ'' ਨਾਲ ਲਗਾਅ ਵਿਖਾਉਂਦਿਆਂ ਸਾਨੂੰ ਆਪਣੇ ਸਾਥੀ ਮਸੀਹੀਆਂ **ਪਰ ਨਿਜ ਕਰਕੇ ਨਿਹਚਾਵਾਨਾਂ ਦੇ ਨਾਲ** ਖ਼ਾਸ ਦਿਲਚਸਪੀ ਲੈਣੀ ਜ਼ਰੂਰੀ ਹੈ। ਰੂਹਾਨੀ ਪਰਿਵਾਰ ਦੀ ਧਾਰਣਾ ਯਿਸੂ ਦੀ ਇਸ ਗੱਲ ਵਿਚ ਮਿਲਦੀ ਹੈ ਕਿ ''ਕਿਉਂਕਿ ਜੋ ਕੋਈ ਪਰਮੇਸ਼ੁਰ ਦੀ ਮਰਜ਼ੀ ਉੱਤੇ ਚੱਲਦਾ ਹੈ ਸੋਈ ਮੇਰਾ ਭਰਾ ਅਤੇ ਭੈਣ ਅਤੇ ਮਾਤਾ ਹੈ'' (ਮਰਕੁਸ 3:35)। ਗਲਾਤੀਆਂ ਦੇ ਨਾਂਅ ਆਪਣੇ ਖ਼ਤ ਦੇ ਸ਼ੁਰੂ ਵਿਚ ਪੌਲੁਸ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਵੱਖੋ ਵੱਖ ਲੋਕ ਜਿਨ੍ਹਾਂ ਵਿਚ ਯਹੂਦੀ ਅਤੇ ਗੈਰਕੌਮ, ਗੁਲਾਮ ਅਤੇ ਅਜ਼ਾਦ, ਨਰ ਅਤੇ ਨਾਰੀ ਸਭ ਹਨ, ਇੰਜੀਲ ਦਾ ਹੁਕਮ ਮੰਨਣ ਨਾਲ ਖ਼ੁਦਾ ਦੇ ਪਰਿਵਾਰ ਵਿਚ ਆਏ ਸਨ। ਉਨ੍ਹਾਂ ਨੇ ਮਸੀਹ ਵਿਚ ਆਪਣੀ ਨਿਹਚਾ ਰੱਖੀ ਸੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਪਾਪਾਂ ਦੀ ਮਾਫ਼ੀ ਲਈ ਉਸ ਵਿਚ ਡੁਬਕੀ ਦਿੱਤੀ ਗਈ ਸੀ (ਗਲਾਤੀਆਂ 3:26–28)। ਹਰ ਕਿਸੇ ਨੂੰ ਆਤਮਾ ਦਾ ਦਾਨ ਅਤੇ ਪਿਤਾ ਦੇ ਵਾਰਿਸ ਹੋਣ ਦਾ ਖਿਤਾਬ ਮਿਲਿਆ ਸੀ (4:6, 7)।

''ਨਿਹਚਾਵਾਨਾਂ'' ਲਈ ਯੂਨਾਨੀ ਸ਼ਬਦ (*oikeios*, ਓਕੇਯੋਸ) ਦਾ ਸ਼ਬਦੀ ਮਾਇਨਾ ''ਘਰ ਦੇ ਲੋਕ'' ਹੈ, ਇਹ ਉਨ੍ਹਾਂ ਲੋਕਾਂ ਵੱਲ ਇਸ਼ਾਰਾ ਕਰਦਾ ਹੈ ਜਿਹੜੇ ਰਿਸ਼ਤੇਦਾਰੀ ਜਾਂ ਹੋਰ ਹਾਲਾਤ ਕਰਕੇ ਇਕ ਦੂਜੇ ਨਾਲ ਜੁੜੇ ਹੋਏ ਹੁੰਦੇ ਹਨ।[14] ਇਸ ਸ਼ਬਦ ਦੀ ਆਮ ਵਰਤੋਂ 1 ਤਿਮੋਥਿਉਸ 5:8 ਵਿਚ ਹੋਈ ਹੈ ਜੋ ''ਆਪਣੇ ਘਰਾਣੇ'' ਦੀਆਂ ਲੋੜਾਂ ਪੂਰੀਆਂ ਕਰਨ ਲਈ ਕਹਿੰਦਾ ਹੈ। ਪਰਤੀਕ ਵਜੋਂ ਇਸ ਦੀ ਵਰਤੋਂ ਅਫ਼ਸੀਆਂ 2:19 ਦੇ ਨਾਲ ਗਲਾਤੀਆਂ 6:10 ਵਿਚ ਵੀ ਮਿਲਦੀ ਹੈ। ਗਲਾਤੀਆਂ ਵਿਚ ਪੌਲੁਸ ਨੇ ਇਸ ਗੱਲ ਦੀ ਤਾਰੀਫ਼ ਕੀਤੀ ਕਿ ''ਗੈਰਕੌਮ ਲੋਕ ਪਰਮੇਸ਼ੁਰ ਦੇ ਘਰ ਦਾ ਘਰਾਣਾ'' ਬਣਨ ਲਈ ਇਕੱਠਾ ਹੋਏ ਸਨ। ਇੱਥੇ ਖ਼ੁਦਾ ਦੇ ਰੂਹਾਨੀ ਪਰਿਵਾਰ ਦੇ ਲੋਕਾਂ ਨੂੰ ''ਨਿਹਚਾ'' ਦੇ ਰਾਹੀਂ ਇਕ ਹੋਣ ਵਾਲੇ ਲੋਕ ਦੱਸਿਆ ਗਿਆ ਹੈ। ਜਿਵੇਂ ਕਿ ''ਨਿਹਚਾਵਾਨਾਂ ਦਾ ਪਰਿਵਾਰ'' (NIV) ਦੇ ਅਨੁਵਾਦ ਵਿਚ ਮਿਲਦਾ ਹੈ। ਇਹ ਇਜ਼ਹਾਰ ਮਸੀਹ ਵਿਚ ਮਸੀਹ ਲੋਕਾਂ ਦੇ ਆਮ ਭਰੋਸੇ ਦਾ ਸੰਕੇਤ ਹੋ ਸਕਦਾ ਹੈ। ਇਕ ਹੋਰ ਸੰਭਾਵਨਾ ਹੈ ਕਿ ''ਨਿਹਚਾ'' ਵਿਸ਼ਵਾਸ ਦੇ ਉਸ ਸਾਂਝੇ ਸਿਸਟਮ ਨੂੰ ਕਿਹਾ ਗਿਆ ਹੈ– ''ਨਿਹਚਾ ... ਜਿਹੜੀ ਇੱਕੋ ਹੀ ਵਾਰ ਸੰਤਾਂ ਨੂੰ ਸੌਂਪੀ ਗਈ'' (ਯਹੂਦਾਹ 3)। ਜਿਵੇਂ ਵੀ ਹੋਵੇ, ਇਹ ਗੱਲ ਕਲੀਸੀਆ ਲਈ ਹੀ ਕਹੀ ਗਈ ਹੈ (1 ਤਿਮੋਥਿਉਸ 3:15; 1 ਪਤਰਸ 4:17)।

## ਅੰਤਿਮ ਟਿੱਪਣੀਆਂ (6:11-18)

### ''ਮੇਰਾ ਖ਼ਤ ਅਹਿਮ ਹੈ!'' (6:11)

**[11]ਵੇਖੋ, ਮੈਂ ਆਪਣੇ ਹੱਥੀਂ ਕੇਡੇ ਮੋਟੇ ਅੱਖਰਾਂ ਨਾਲ ਤੁਹਾਨੂੰ ਲਿਖਿਆ ਹੈ।**

ਖ਼ਤ ਦੇ ਅਖ਼ੀਰ ਦੇ ਨੇੜੇ ਰਸੂਲ ਨੇ ਉਹਦੇ ਵੱਲ ਭਾਵ ਉਸ ਵਿਚ ਲਿਖੀਆਂ ਗੱਲਾਂ ਵੱਲ ਨਹੀਂ ਬਲਕਿ ਦਸਤਾਵੇਜ਼ ਵੱਲ ਜਿਹੜਾ ਉਹ ਲਿਖ ਰਿਹਾ ਸੀ ਖ਼ਾਸ ਧਿਆਨ ਦੁਆਇਆ ਸੀ।

**ਆਇਤ 11. ਮੈਂ ... ਤੁਹਾਨੂੰ ਲਿਖਿਆ ਹੈ।** ਵਾਕਅੰਸ਼ ਯੂਨਾਨੀ ਲਿਖਤ ਵਿਚ ਇੱਕੋ ਹੀ ਕਿਰਿਆ ਸ਼ਬਦ ਹੈ *egrapsa* (ਅਗ੍ਰੈਪਸਾ) ਤੋਂ ਲਿਆ ਗਿਆ ਹੈ,[15] ਜਿਸ ਦਾ ਅਨੁਵਾਦ KJV ਵਿਚ ''ਮੈਂ ਲਿਖਿਆ ਹੈ'' ਹੋਇਆ ਹੈ। ਯੂਨਾਨੀ ਲੋਕਾਂ ਵਿਚ ਖ਼ਤ (ਜਾਂ ਪੱਤਰੀ) ਦੇ ਅਖ਼ੀਰ ਵਿਚ ਇਹ ''ਪੱਤਰੀ

ਦਾ'' ਅਨਿਸ਼ਚਿਤ ਭੂਤਕਾਲ ਲਿਖਣ ਦੀ ਰਵਾਇਤ ਸੀ। ਭੂਤਕਾਲ ਦੇ ਰੂਪ ਦੀ ਵਰਤੋਂ ਕਰਕੇ ਲੇਖਕ ਖ਼ਤ ਪਾਉਣ ਵਾਲੇ ਨੂੰ ਜਿਸ ਨੇ ਖ਼ਤ ਨੂੰ ਪੜ੍ਹਨਾ ਹੁੰਦਾ ਸੀ ਧਿਆਨ ਵਿਚ ਰੱਖਦਿਆਂ, ਸਮੇਂ ਵਿਚ ਆਪਣੇ ਆਪ ਨੂੰ ਅੱਗੇ ਵਿਖਾਉਂਦਾ ਸੀ। ਪਾਠਕ ਨੂੰ ਇਸ ਗੱਲ ਦੀ ਚੰਗੀ ਤਰ੍ਹਾਂ ਨਾਲ ਸਮਝ ਹੁੰਦੀ ਸੀ ਅਤੇ ਉਹ ਲੇਖਕ ਦੇ ਖ਼ਤ ਨੂੰ ਲਿਖਣ ਦੀ ਕਲਪਨਾ ਕਰਦਿਆਂ ਆਪਣੇ ਵਿਚਾਰਾਂ ਨੂੰ ਸਮੇਂ ਵਿਚ ਪਿੱਛੇ ਵੱਲ ਨੂੰ ਲੈ ਜਾਂਦਾ ਸੀ। ਜੇ ਲੇਖਕ ਕੋਈ ਪੁਰਾਣਾ ਦੋਸਤ ਹੁੰਦਾ ਤਾਂ ਪਾਠਕਾਂ ਨੂੰ ਉਸ ਦੇ ਸਬੰਧ ਵਿਚ ਇਸ ਤਰ੍ਹਾਂ ਨਾਲ ਸੋਚਣ ਵਿਚ ਤਸੱਲੀ ਮਿਲ ਜਾਂਦੀ ਸੀ। ਤਾਂ ਵੀ ਪੱਤਰੀ ਦਾ ਅਨਿਸ਼ਚਿਤ ਭੂਤਕਾਲ ਸੰਬੋਧਨ ਕਰਨ ਵਾਸਤੇ ਇਕ ਰਵਾਇਤੀ ਢੰਗ ਸੀ ਕਿਉਂ ਜੋ ਇਸ ਨਾਲ ਲਿਖਣ ਵਾਲਿਆਂ ਦੇ ਵਿਚਕਾਰ ਮੋਹ ਨਾ ਹੋਣ ਤੇ ਥੋੜ੍ਹਾ ਜਾਂ ਕੋਈ ਭਾਵ ਨਹੀਂ ਹੁੰਦਾ ਸੀ।[16]

ਇਸ ਖ਼ਤ ਦੇ ਅਖ਼ੀਰ ਵਿਚ ਪੌਲੁਸ ਨੇ ਇਸ ਤੱਥ ਵੱਲ ਧਿਆਨ ਦੁਆਇਆ ਕਿ ਉਸ ਨੇ **ਆਪਣੇ ਹੱਥੀਂ ਕੇਡੇ ਮੋਟੇ ਅੱਖਰਾਂ ਨਾਲ** ਲਿਖਿਆ ਸੀ। ਆਪਣੇ ਖ਼ਤਾਂ ਨੂੰ ਕਿਸੇ ਲਿਖਾਰੀ ਜਾਂ ਪੇਸ਼ੇਵਰ ਜਿਹੜਾ ਕਾਗਜ਼ ਉੱਤੇ ਉਸ ਦੇ ਸ਼ਬਦਾਂ ਨੂੰ ਉਤਾਰ ਸਕਦਾ, ਲਿਖਾਉਣ ਦੀ ਪੌਲੁਸ ਦੀ ਆਦਤ ਸੀ। ਇਕ ਅਜਿਹੇ ਵਿਅਕਤੀ ਨੇ ਆਪਣੀ ਪਛਾਣ ਰੋਮੀਆਂ ਦੇ ਨਾਂਅ ਖ਼ਤ ਦੇ ਅਖ਼ੀਰ ਦੇ ਨੇੜੇ ਲੇਖਕ ਵਜੋਂ ਦਿੱਤੀ: ''ਮੈਂ ਤਰਤਿਯੁਸ ਜਿਹੜਾ ਇਸ ਪੱਤਰੀ ਦਾ ਲਿਖਣ ਵਾਲਾ ਹਾਂ[17] ਤੁਹਾਨੂੰ ਪ੍ਰਭੂ ਵਿਚ ਸਲਾਮ ਆਖਦਾ ਹਾਂ'' (ਰੋਮੀਆਂ 16:22; NIV)। ਰਸੂਲ ਖ਼ਤ ਲਿਖਣ ਲਈ ਭਾਵੇਂ ਲਿਖਾਰੀਆਂ ਦੀ ਵਰਤੋਂ ਕਰਦਾ ਸੀ ਪਰ ਆਖ਼ਰੀ ਟਿੱਪਣੀਆਂ ਉਹ ਆਪਣੇ ਹੀ ਹੱਥ ਨਾਲ ਲਿਖਦਾ ਹੋਵੇਗਾ। ਲਿਖਣ ਵਾਲੇ ਦੀ ਛੋਟੀ ਅਤੇ ਸਾਫ਼ ਸਾਫ਼ ਲਿਖਾਈ ਦੇ ਮੁਕਾਬਲੇ ਉਸ ਦੇ ਅੱਖਰ ਵੱਡੇ ਵੱਡੇ ਅਤੇ ਬੇਡੌਲ ਹੁੰਦੇ ਹੋਣਗੇ।[18] ਬੈਗਰਾਉਂਡਜ਼ ਆਫ਼ ਅਰਲੀ ਕ੍ਰਿਸਚਿਐਨਿਟੀ ਵਿਚ ਐਵਰੇਟ ਫਰਗਯੁਸਨ ਨੇ 24 ਅਗਸਤ 66 ਈਸਵੀ ਦੇ ਪੈਪਰਸ ਦੇ ਖ਼ਤ ਤੋਂ ਇਹ ਰਵਾਇਤ ਦੀ ਉਦਾਹਰਣ ਨੂੰ ਵਿਖਾਇਆ। ਖ਼ਤ ਦੇ ਮੁੱਖ ਭਾਗ ਵਿਚ ਲਿਖਾਰੀ ਦੀ ਲਿਖਾਈ ਸਾਫ਼ ਅਤੇ ਇੱਕੋ ਜਿਹੀ ਹੈ, ਜਦ ਕਿ ਲੇਖਕ ਦੀ ਅਖ਼ੀਰ ਵਿਚ ਜੋੜੀ ਗਈ ਰਵਾਂ ਲਿਖਾਈ ਅਨਿਅਮਿਤ ਅਤੇ ਵਿਚ ਵਿਚ ਖੁੱਲ੍ਹੀ ਹੈ। ਪੌਲੁਸ ਦੇ ਹੋਰਨਾਂ ਖਤਾਂ ਦੇ ਵਾਂਗ ਗਲਾਤੀਆਂ ਦੀ ਪੱਤਰੀ ਵੀ ਇਸ ਉਦਾਹਰਣ ਵਰਗੀ ਲਗਦੀ ਹੋਵੇਗੀ।[19]

ਲਿਖਾਰੀ ਦੀ ਵਰਤੋਂ ਕਰਨ ਅਤੇ ਆਪਣੇ ਹੱਥ ਨਾਲ ਅੰਤ ਲਿਖਣ ਦੀ ਗੱਲ ਪੌਲੁਸ ਦੀ ਪਹਿਲੀ ਮਿਸ਼ਨਰੀ ਯਾਤਰਾ ਵਿਚ ਸਥਾਪਿਤ ਹੋ ਗਈ ਸੀ। ਜੇ ਗਲਾਤੀਆਂ ਦੀ ਪੱਤਰੀ 48–49 ਈਸਵੀ ਦੇ ਲਗਭਗ ਲਿਖੀ ਗਈ ਤਾਂ ਇਹ ਨਵੇਂ ਨੇਮ ਵਿਚ ਸਾਂਭੇ ਗਏ ਪੌਲੁਸ ਦੇ ਸਭ ਤੋਂ ਪੁਰਾਣੇ ਖ਼ਤਾਂ ਵਿੱਚੋਂ ਹੈ। ਇਸ ਕਰਕੇ ਅਖ਼ੀਰ ਵਿਚ ਆਪਣੇ ਹੱਥ ਨਾਲ ਲਿਖਾਈ ਦੀ ਗੱਲ ਇਸ ਖ਼ਤ ਨੂੰ ਸਭ ਤੋਂ ਪੁਰਾਣਾ ਬਣਾ ਦਿੰਦੀ ਹੈ। ਇਹ ਜ਼ਰੂਰੀ ਸੀ ਕਿ ਰਸੂਲ ਦੀ ਚਿੱਠੀ ਨੂੰ ਉਸੇ ਦੀ ਲਿਖਿਆ ਮੰਨਿਆ ਜਾਵੇ (ਵੇਖੋ 2 ਥੱਸਲੁਨੀਕੀਆਂ 2:1, 2)। ਥੱਸਲੁਨੀਕੀਆਂ ਦੇ ਨਾਂਅ ਉਸ ਨੇ ਲਿਖਿਆ, ''ਮੇਰਾ ਪੌਲੁਸ ਦਾ ਆਪਣੇ ਹੱਥ ਦਾ ਲਿਖਿਆ ਹੋਇਆ ਸਲਾਮ। ਹਰੇਕ ਪੱਤ੍ਰੀ ਵਿਚ ਇਹੋ ਨਿਸ਼ਾਨੀ ਹੈ। ਇਉਂ ਮੈਂ ਲਿਖਦਾ ਹਾਂ'' (2 ਥੱਸਲੁਨੀਕੀਆਂ 3:17)।[20] ਇਹ ''ਇਹੋ ਨਿਸ਼ਾਨੀ'' (*sēmeion*, ''ਹਸਤਾਖਰ'') ਪਛਾਣ ਦੀ ਗੱਲ ਹੁੰਦੀ ਸੀ। ਕਿਉਂ ਸਾਡੇ ਕੋਲ ਮੂਲ ਦਸਤਾਵੇਜ਼ ''ਹਸਤਾਖਰ'' ਨਹੀਂ ਹਨ, ਇਸ ਕਰਕੇ ਭਾਵੇਂ ਇਹ ਸਪੱਸ਼ਟ ਨਾ ਹੋਵੇ ਪਰ ਹਰ ਖ਼ਤ ਵਿਚ ਆਖ਼ਰੀ ਟਿੱਪਣੀਆਂ ਉਹ ਆਪਣੇ ਹੱਥ ਨਾਲ ਹੀ ਲਿਖਦਾ ਸੀ। ਆਪਣੀਆਂ ਕੁਝ ਹੋਰ ਪੱਤਰੀਆਂ ਵਿਚ ਪੌਲੁਸ ਨੇ ਆਪਣੇ ਇਸ ਤਰੀਕੇ ਨੂੰ ਦੱਸਿਆ ਵੀ।[21] ਇਸ ਤੱਥ ਦਾ ਕਿ ਬਾਕੀ ਖ਼ਤਾਂ ਵਿਚ ਉਸ ਨੇ ਸਾਫ਼ ਤੌਰ ਤੇ ਨਹੀਂ ਕਿਹਾ ''ਮਤਲਬ ਇਹ ਨਹੀਂ ਹੈ ਕਿ ਉਸ ਨੇ ਕਿਹਾ ਨਹੀਂ ਬਲਕਿ ਇਹ ਹੈ ਕਿ ਉਸ ਨੇ ਇਸ ਉੱਤੇ ਜ਼ੋਰ ਨਹੀਂ ਦਿੱਤਾ।''[22]

‘‘ਨਾ ਸੁੰਨਤ ਕੁਝ ਹੈ ਨਾ ਅਸੁੰਨਤ !’’ (6: 12-16)

**[12]ਜਿੰਨੇ ਲੋਕ ਸਰੀਰ ਵਿਚ ਵੱਡਾ ਵਿਖਾਵਾ ਵਿਖਾਉਣਾ ਚਾਹੁੰਦੇ ਹਨ ਓਹ ਬਦੋ ਬਦੀ ਤੁਹਾਡੀ ਸੁੰਨਤ**
**ਕਰਾਉਂਦੇ ਹਨ ਨਿਰਾ ਇਸ ਕਰਕੇ ਜੋ ਓਹ ਮਸੀਹ ਦੀ ਸਲੀਬ ਦੇ ਕਾਰਨ ਸਤਾਏ ਨਾ ਜਾਣ। [13]ਕਿਉਂਕਿ**
**ਜਿਹੜੇ ਸੁੰਨਤੀ ਹਨ ਓਹ ਆਪ ਵੀ ਸ਼ਰਾ ਦੀ ਪਾਲਨਾ ਨਹੀਂ ਕਰਦੇ ਪਰ ਓਹ ਤੁਹਾਡੀ ਸੁੰਨਤ ਕਰਾਈ**
**ਚਾਹੁੰਦੇ ਹਨ ਭਈ ਤੁਹਾਡੇ ਹੀ ਸਰੀਰ ਉੱਤੇ ਅਭਮਾਨ ਕਰਨ। [14]ਪਰ ਮੈਥੋਂ ਇਹ ਨਾ ਹੋਵੇ ਜੋ ਮੈਂ ਕਿਸੇ**
**ਹੋਰ ਗੱਲ ਉੱਤੇ ਅਭਮਾਨ ਕਰਾਂ ਬਿਨਾਂ ਸਾਡੇ ਪ੍ਰਭੂ ਯਿਸੂ ਮਸੀਹ ਦੀ ਸਲੀਬ ਦੇ ਜਿਹ ਦੇ ਰਾਹੀਂ ਸੰਸਾਰ**
**ਮੇਰੀ ਵੱਲੋਂ ਅਤੇ ਮੈਂ ਸੰਸਾਰ ਦੀ ਵੱਲੋਂ ਸਲੀਬ ਉੱਤੇ ਚਾੜ੍ਹਿਆ ਗਿਆ। [15]ਕਿਉਂ ਜੋ ਨਾ ਤਾਂ ਸੁੰਨਤ,**
**ਨਾ ਹੀ ਅਸੁੰਨਤ ਕੁਝ ਹੈ ਸਗੋਂ ਨਵੀਂ ਸਰਿਸ਼ਟ। [16]ਅਤੇ ਜਿੰਨੇ ਇਸ ਮਰਯਾਦਾ ਉੱਤੇ ਚੱਲਣ ਉਨ੍ਹਾਂ ਨੂੰ**
**ਸ਼ਾਂਤੀ ਅਰ ਰਹਮ ਪਰਾਪਤ ਹੋਵੇ ਨਾਲੇ ਪਰਮੇਸ਼ੁਰ ਦੇ ਇਸਰਾਏਲ ਨੂੰ।**

**ਆਇਤ 12.** ਆਪਣੇ ਖ਼ਤ ਦੀ ਸਮਾਪਤੀ ਤੋਂ ਪਹਿਲਾਂ ਪੌਲੁਸ ਨੇ ਆਪਣਾ ਧਿਆਨ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੇ ਖ਼ਤਰੇ ਵੱਲ ਮੋੜਿਆ: **ਜਿੰਨੇ ਲੋਕ ਸਰੀਰ ਵਿਚ ਵੱਡਾ ਵਿਖਾਵਾ ਵਿਖਾਉਣਾ ਚਾਹੁੰਦੇ ਹਨ ਓਹ ਬਦੋ ਬਦੀ ਤੁਹਾਡੀ ਸੁੰਨਤ ਕਰਾਉਂਦੇ ਹਨ।** ਉਹ ਯਹੂਦੀ ਮਸੀਹੀਆਂ ਦੀ ਭਾਵ ਉਨ੍ਹਾਂ ਯਹੂਦੀਆਂ ਦੀ ਗੱਲ ਕਰ ਰਿਹਾ ਸੀ ਜਿਨ੍ਹਾਂ ਨੇ ਯਿਸੂ ਦੇ ਮਸੀਹਾ ਹੋਣ ਨੂੰ ਮੰਨ ਤਾਂ ਲਿਆ ਸੀ ਪਰ ਅਜੇ ਵੀ ਗੈਰਕੌਮ ਮਸੀਹੀਆਂ ਦੀ ਸੁੰਨਤ ਕਰਾਉਣ ਤੇ ਜ਼ੋਰ ਪਾ ਰਹੇ ਸਨ।

ਯੂਨਾਨੀ–ਰੋਮੀ ਜਗਤ ਵਿਚ, ਸਨਮਾਨ ਬਨਾਮ ਅਪਮਾਨ ਉੱਤੇ ਬੜਾ ਜ਼ੋਰ ਦਿੱਤਾ ਜਾਂਦਾ ਸੀ। ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਅਪਮਾਨਿਤ ਹੋਣ ਨਾਲੋਂ ‘‘ਵੱਡਾ ਵਿਖਾਵਾ ਵਿਖਾਉਣਾ’’ (*euprosōpeō*, ਯੂਪਰੋਸੋਪਿਉ) ਚਾਹੁੰਦੇ ਸਨ। ਨਵੇਂ ਨੇਮ ਵਿਚ ਇਹ ਸ਼ਬਦ ਸਿਰਫ਼ ਇੱਥੇ ਹੀ ਮਿਲਦਾ ਹੈ ਅਤੇ ਯੂਨਾਨੀ ਸਾਹਿਤ ਵਿਚ ਬਹੁਤ ਘੱਟ।[23] ਇਹ ‘‘ਚੰਗਾ’’ (*eu*, ਯੂ) ‘‘ਚੇਹਰਾ’’ ਅਤੇ (*prosōpon*, ਯੂਪੋਰਸਪਿਓ) ਜਿਸ ਵਿਚ ਸ਼ਬਦ ਵਿਚ ਬਾਹਰੀ ਵਿਖਾਵੇ ਤੇ ਜ਼ੋਰ ਹੈ। ‘‘ਸਰੀਰ’’ (*sarx*, ਸਾਰਕਸ) ਸ਼ਬਦ ਇੱਥੇ ਹੂ–ਬ–ਹੂ ਵਰਤਿਆ ਗਿਆ ਲਗਦਾ ਹੈ ਕਿਉਂ ਜੋ ਇਸ ਦੇ ਬਾਅਦ ‘‘ਸੁੰਨਤ’’ ਸ਼ਬਦ ਆਉਂਦਾ ਹੈ। ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦਾ ‘‘ਸਰੀਰ ਵਿਚ ਵੱਡਾ ਵਿਖਾਵਾ’’ ਗੈਰਕੌਮ ਮਸੀਹੀਆਂ ਦੀ ਸੁੰਨਤ ਨਾਲ ਸਬੰਧਿਤ ਸੀ। ‘‘ਬਦੋਬਦੀ’’ (*anakazō*, ਐਨਾਕੇਜ਼ੋ) 2: 3 ਅਤੇ 2: 14 ਵਿੱਚੋਂ ਦੁਹਰਾਇਆ ਗਿਆ ਹੈ। ਇਹ ਆਇਤਾਂ ਵੀ ਉਸੇ ਜ਼ਿਦ ਨਾਲ ਸਬੰਧਿਤ ਹਨ ਕਿ ਗੈਰਕੌਮ ਲੋਕ ਸੁੰਨਤ ਨੂੰ ਅਤੇ ਹੋਰ ਯਹੂਦੀ ਰੀਤਾਂ ਨੂੰ ਮੰਨ ਲੈਣ।

ਇਸ ਸੁੰਨਤ ਨਾਲ ਉਨ੍ਹਾਂ ਯਹੂਦੀਆਂ ਨੂੰ ਕੀ ਮਿਲਣਾ ਸੀ ਜਿਹੜੇ ਯਿਸੂ ਨੂੰ ਮਸੀਹਾ ਮੰਨ ਕੇ ਉਸ ਉੱਤੇ ਵਿਸ਼ਵਾਸ ਲਿਆ ਚੁੱਕੇ ਸਨ? ਉਹ ਐਨੀਂ ਮਜ਼ਬੂਤੀ ਨਾਲ ਇਸ ਛੋਟੇ ਜਿਹੇ ਆਪਰੇਸ਼ਨ ਉੱਤੇ ਕਿਉਂ ਜੋਰ ਦਿੰਦੇ ਹੋਣਗੇ ਕਿ ਜੇ ਉਹ ਇਸ ਨੂੰ ਨਹੀਂ ਮੰਨਦੇ ਤਾਂ ਉਹ ਆਪਣੇ ਗੈਰਕੌਮ ਭਰਾਵਾਂ ਨਾਲ ਆਪ ਭੋਜਨ ਨਹੀਂ ਕਰਨਗੇ (ਵੇਖੋ 2: 11–21)? ਆਖ਼ਰ ਇਨ੍ਹਾਂ ਗੈਰਕੌਮਾਂ ਨੂੰ ਮਸੀਹ ਵਿਚ ਬਪਤਿਸਮਾ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੂੰ ਉਹੀ ‘‘ਪਵਿੱਤਰ ਆਤਮਾ ਦਾ ਦਾਨ’’ ਮਿਲਿਆ ਸੀ ਜਿਹੜਾ ਉਨ੍ਹਾਂ ਯਹੂਦੀਆਂ ਨੂੰ ਦਿੱਤਾ ਗਿਆ ਸੀ ਜਿਨ੍ਹਾਂ ਨੇ ਪੈਂਟੀਕਾਸਟ ਵਾਲੇ ਦਿਨ ਪਤਰਸ ਦੇ ਉਪਦੇਸ਼ ਨੂੰ ਸੁਣ ਕੇ ਉਸ ਨੂੰ ਮੰਨਿਆ ਸੀ।[24]

ਇਨ੍ਹਾਂ ਸਵਾਲਾਂ ਦਾ ਜਵਾਬ ਆਮ ਤੌਰ ਤੇ ਅਗਲੀ ਲਾਈਨ ਵਿਚ ਮਿਲਦਾ ਹੈ: **ਨਿਰਾ ਇਸ ਕਰਕੇ ਜੋ ਓਹ ਮਸੀਹ ਦੀ ਸਲੀਬ ਦੇ ਕਾਰਨ ਸਤਾਏ ਨਾ ਜਾਣ।** ਪਰ ਇਸ ਵਿਆਖਿਆ ਵਿਚ ਉਨ੍ਹਾਂ ਲੋਕਾਂ ਦੀ ਪਛਾਣ ਨਹੀਂ ਦਿੱਤੀ ਗਈ ਜਿਹੜੇ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਲਈ ਖ਼ਤਰਾ ਸਨ। ਬਹੁਤੀ ਸੰਭਾਵਨਾ ਇਹੀ ਹੈ ਕਿ ਇਹ ਉਹੀ ਯਹੂਦੀ ਸਨ ਜਿਹੜੇ ਇਹ ਨਹੀਂ ਮੰਨਦੇ ਸਨ ਕਿ ਯਿਸੂ

ਮਸੀਹਾ ਹੈ। ਅਜਿਹੇ ਲੋਕਾਂ ਨੇ ਪੌਲੁਸ ਦੀ ਜਾਨ ਨੂੰ ਸਿਰਫ਼ ਯਰੂਸ਼ਲਮ ਵਿਚ ਨਹੀਂ ਬਲਕਿ ਗਲਾਤੀਆ ਦੇ ਸੂਬੇ ਵਿਚ ਵੀ ਧਮਕਾਇਆ ਸੀ (ਰਸੂਲਾਂ ਦੇ ਕਰਤੱਬ 9:28–30; 13:44–52; 14:1–7, 19, 20)। ਉਹ ਪੌਲੁਸ ਦੇ ਇਸ ਸੰਦੇਸ਼ ਨੂੰ ਨਕਾਰਦੇ ਸਨ ਕਿ ਗੈਰਕੌਮ ਲੋਕ *ਬਿਨਾਂ* ਸੁੰਨਤ ਦੇ ਮਸੀਹ ਦੀ ਮੌਤ ਦੇ ਰਾਹੀਂ ਖ਼ੁਦਾ ਨੂੰ ਕਬੂਲ ਹੋ ਸਕਦੇ ਹਨ (5:11 ਤੇ ਟਿੱਪਣੀਆਂ ਵੇਖੋ)।

ਇੱਥੇ ਖ਼ਤਰਾ ਯਰੂਸ਼ਲਮ ਦੇ ਉਨ੍ਹਾਂ ਜੋਸ਼ੀਲੇ ਯਹੂਦੀਆਂ ਤੋਂ ਹੋ ਸਕਦਾ ਹੈ ਜਿਹੜੇ ਯਿਸੂ ਵਿਚ ਵਿਸ਼ਵਾਸ ਨਹੀਂ ਕਰਦੇ ਸਨ। ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਨੇ ਇਹ ਤਰਕ ਦਿੱਤਾ ਹੋ ਸਕਦਾ ਹੈ ਕਿ ਜੇ ਉਹ ਗਲਾਤੀਆ ਵਿਚ ਗੈਰਕੌਮ ਮਸੀਹੀਆਂ ਨੂੰ ਸੁੰਨਤ ਲਈ ਮਨਾ ਸਕਣ ਤਾਂ ਇਸ ਨਾਲ ਯਰੂਸ਼ਲਮ ਦੀ ਕਲੀਸੀਆ ਅਤੇ ਯਹੂਦੀਆ ਵਿਚ ਅਤੇ ਹੋਰ ਯਹੂਦੀ ਮੰਡਲੀਆਂ ਬੇਸੁੰਨਤੇ ਗੈਰਕੌਮਾਂ ਨਾਲ ਸੰਗਤੀ ਲਈ ਬੇਪਰਤੀਤੇ ਯਹੂਦੀਆਂ ਦੇ ਅਸਰ ਤੋਂ ਬਚ ਸਕਦੇ ਹਨ।[25] ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਯਰੂਸ਼ਲਮ ਦੇ ਅਧਕਾਰੀਆਂ ਨੂੰ ਇਹ ਦੱਸ ਸਕਦੇ ਸਨ ਕਿ ਉਹ ਅਸਲ ਵਿਚ ਲੋਕਾਂ ਨੂੰ ਯਹੂਦੀ ਮਤ ਵਿਚ ਲਿਆ ਰਹੇ ਸਨ। ਇਸ ਤਰ੍ਹਾਂ ਨਾਲ ਉਨ੍ਹਾਂ ਨੇ ''ਮਸੀਹ ਦੀ ਸਲੀਬ'' ਦੇ ਪ੍ਰਭਾਵ ਨੂੰ ਘੱਟ ਕਰਨ ਦੀ ਕੋਸ਼ਿਸ਼ ਕੀਤੀ।

ਇਕ ਹੋਰ ਭਾਵ ਇਹ ਹੈ ਕਿ ਪਹਿਲਾਂ ਵਾਲਿਆਂ ਨਾਲੋਂ ਭਾਵੇਂ ਖ਼ਾਸ ਤੌਰ ਤੇ ਫ਼ਰਕ ਨਹੀਂ ਹੈ ਪਰ ਸੰਭਾਵਿਤ ਸਤਾਉਣ ਵਾਲੇ ਬੇਪਰਤੀਤੇ ਯਹੂਦੀ ਹੀ ਸਨ ਜਿਹੜੇ ਗਲਾਤੀਆ ਦੇ ਇਲਾਕੇ ਵਿਚ ਰਹਿੰਦੇ ਸਨ। ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਸਮਾਜ ਮੰਦਰ (ਯਹੂਦੀ ਸਿਨਾਗੋਗ) ਅਤੇ ਕਲੀਸੀਆ ਦੋਹਾਂ ਨਾਲ ਆਪਣੀ ਸੰਗਤੀ ਨੂੰ ਬਣਾਈ ਰਖਣਾ ਚਾਹ ਰਹੇ ਹੋ ਸਕਦੇ ਸਨ। ਜੇ ਉਹ ਆਪਣੇ ਗੈਰਕੌਮ ਭਰਾਵਾਂ ਨੂੰ ਸੁੰਨਤ ਲਈ ਮਨਾ ਲੈਂਦੇ ਤਾਂ ਉਨ੍ਹਾਂ ਨਾਲ ਉਨ੍ਹਾਂ ਦੀ ਸੰਗਤੀ (ਮੂਲ ਵਿਚ ਮਸੀਹ ਦੀ ਸਲੀਬ ਦੇ ਰਾਹੀਂ ਬਣੀ) ਬੇਪਰਤੀਤੇ ਯਹੂਦੀਆਂ ਨੂੰ ਕਬੂਲ ਹੋਣੀ ਸੀ। ਇਸ ਤਰ੍ਹਾਂ ਨਾਲ ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਯਹੂਦੀ ਮਤ ਵਿਚ ਆਪਣੀ ਅਮੀਰ ਵਿਰਾਸਤ ਅਤੇ ਮਸੀਹ ਵਿਚ ਮਿਲੇ ਆਪਣੇ ਨਵੇਂ ਵਿਸ਼ਵਾਸ ਦੇ ਦੋਹਾਂ ਸੰਸਾਰਾਂ ਦੇ ਫ਼ਾਇਦੇ ਲੈਂਦੇ ਹੋਏ ਰਹਿ ਸਕਦੇ ਸਨ।

**ਆਇਤ 13.** ਪੌਲੁਸ ਨੇ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੀ ਸਥਿਤੀ ਦੇ ਬੇਕਾਰ ਹੋਣ ਨੂੰ ਦੱਸਿਆ ਜਦ ਉਸ ਨੇ ਆਖਿਆ ਕਿ **ਜਿਹੜੇ ਸੁੰਨਤੀ ਹਨ ਓਹ ਆਪ ਵੀ ਸ਼ਰਾ ਦੀ ਪਾਲਨਾ ਨਹੀਂ ਕਰਦੇ।** ਲੋਕਾਂ ਦੇ ਰੂਪ ਵਿਚ ਇਸਰਾਏਲੀ ਜਿਸ ਨੇਮ ਨੂੰ ਮੰਨਣ ਲਈ ਮਜਬੂਰ ਸਨ ਉਹ ਸੀਨਾ ਪਹਾੜ ਉੱਤੇ ਦਿੱਤਾ ਪੂਰੀ ਤਰ੍ਹਾਂ ਨਾਲ ਹੁਕਮ ਮੰਨਣ ਦੀ ਮੰਗ ਕਰਨ ਵਾਲਾ ਨੇਮ ਸੀ (ਕੂਚ 19:5–8; ਵੇਖੋ ਗਲਾਤੀਆਂ 5:3), ਜਦ ਕਿ ਉਨ੍ਹਾਂ ਨੇ ਉਸ ਨੂੰ ਪੂਰੀ ਤਰ੍ਹਾਂ ਨਾਲ ਕਦੇ ਨਹੀਂ ਮੰਨਿਆ ਸੀ। ਇਹੀ ਗੱਲ ਪਹਿਲੀ ਸਦੀ ਦੇ ਯਹੂਦੀ ਮਸੀਹੀਆਂ ਦੀ ਸੀ ਕਿ ਉਨ੍ਹਾਂ ਨੇ ਵੀ ਕਦੇ ਸ਼ਰ੍ਹਾ ਨੂੰ ਪੂਰੀ ਤਰ੍ਹਾਂ ਨਾਲ ਨਹੀਂ ਮੰਨਿਆ ਸੀ।

ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਸੁੰਨਤ ਉੱਤੇ ਐਨਾਂ ਜ਼ੋਰ ਇਸ ਕਰਕੇ ਨਹੀਂ ਦੇ ਰਹੇ ਸਨ ਕਿ ਉਹ ਗੈਰਕੌਮਾਂ ਨੂੰ ਸ਼ਰ੍ਹਾ ਨੂੰ ਪੂਰੀ ਤਰ੍ਹਾਂ ਨਾਲ ਮਨਵਾਉਣਾ ਚਾਹੁੰਦੇ ਸਨ ਬਲਕਿ ਵਚਨ ਕਹਿੰਦਾ ਹੈ ਕਿ ਉਹ ਅਜਿਹਾ ਇਸ ਕਰਕੇ ਕਰ ਰਹੇ ਸਨ **ਭਈ ਤੁਹਾਡੇ ਹੀ ਸਰੀਰ ਉੱਤੇ ਅਭਮਾਨ ਕਰਨ** (ਵੇਖੋ 6:12)। ਇਹ ਸਰੀਰਕ ਮਾਨਕ ਆਤਮਾ ਦੀ ਸੋਚ ਦੇ ਉਲਟ ਸੀ। ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਲੋਕ ਗਲਾਤੀਆ ਦੀਆਂ ਕਲੀਸੀਆਵਾਂ ਨੂੰ ਬੜਾ ਨੁਕਸਾਨ ਪਹੁੰਚਾ ਰਹੇ ਸਨ ਕਿਉਂ ਜੋ ਉਹ ਆਪਣੇ ਪੁਰਖਿਆਂ ਦੀਆਂ ਰੀਤਾਂ ਨੂੰ ਕਾਇਮ ਰੱਖਣ ਦੀ ਚਾਹ ਨਾਲ ਸਲੀਬ ਉੱਤੇ ਵਹੇ ਲਹੂ ਦੇ ਰਾਹੀਂ ਛੁਡਾਏ ਗਏ ਗੈਰਕੌਮਾਂ ਉੱਤੇ ਉਸ ਕੀਮਤੀ ਛੁਟਕਾਰੇ ਤੋਂ ਵਾਂਝਿਆ ਕਰਨ ਲਈ ਦਬਾਅ ਪਾ ਰਹੇ ਸਨ। ਗੈਰਕੌਮ ਮਸੀਹੀਆਂ ਲਈ ਸੁੰਨਤ ਕਰਾਉਣ ਦਾ ਮਤਲਬ ਪ੍ਰਭੂ ਦੀ ਕਿਰਪਾ ਅਤੇ ਉਸ ਮੁਕਤੀ ਨੂੰ ਜਿਹੜੀ ਉਸ ਨੇ ਸਲੀਬ ਉੱਤੇ ਮੁੱਲ ਲਈ ਸੀ, ਛੱਡ ਦੇਣਾ ਸੀ! ਪੌਲੁਸ ਨੇ ਪਹਿਲਾਂ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਸੀ, ''ਵੇਖੋ, ਮੈਂ ਪੌਲੁਸ ਤੁਹਾਨੂੰ ਆਖਦਾ ਹਾਂ ਭਈ ਜੇ ਤੁਸੀਂ ਸੁੰਨਤ ਕਰਾਵੋ ਤਾਂ ਮਸੀਹ ਕੋਲੋਂ ਤੁਹਾਨੂੰ ਕੁਝ

ਲਾਭ ਨਾ ਹੋਵੇਗਾ'' (5:2)। ਹੋ ਸਕਦਾ ਹੈ ਕਿ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਨੂੰ ਆਪਣੇ ਕੰਮਾਂ ਦੀ ਪੂਰੀ ਪੂਰੀ ਸਮਝ ਨਾ ਹੋਵੇ ਪਰ ਉਨ੍ਹਾਂ ਦਾ ਰਵੱਈਆ ਦੁਨਿਆਵੀ ਅਤੇ ਖੁਦਗਰਜ਼ੀ ਭਰਿਆ ਸੀ, ਜਿਵੇਂ ਕਿ ''ਤੁਹਾਡੇ ਹੀ ਸਰੀਰ ਉੱਤੇ ਅਭਿਮਾਨ ਕਰਨ'' ਵਾਕਅੰਸ਼ ਵਿਚ ਸੰਕੇਤ ਮਿਲਦਾ ਹੈ।

**ਆਇਤ 14.** ਉਨ੍ਹਾਂ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੇ ਉਲਟ, ਜਿਹੜੇ ਸਰੀਰ ਵਿਚ ਘੁਮੰਡ ਕਰਦੇ ਸਨ, ਪੌਲੁਸ ਨੇ ਦਾਅਵਾ ਕੀਤਾ, **ਪਰ ਮੈਥੋਂ ਇਹ ਨਾ ਹੋਵੇ ਜੋ ਮੈਂ ਕਿਸੇ ਹੋਰ ਗੱਲ ਉੱਤੇ ਅਭਮਾਨ ਕਰਾਂ ਬਿਨਾਂ ਸਾਡੇ ਪ੍ਰਭੂ ਯਿਸੂ ਮਸੀਹ ਦੀ ਸਲੀਬ ਦੇ।** ਇਸ ਵਾਕ ਦੀ ਵਿਡੰਬਣਾ ਇਹ ਹੈ ਕਿ ਯੂਨਾਨੀ–ਰੋਮੀ ਜਗਤ ਵਿਚ ਸਲੀਬਾਂ ਅਤੇ ਸਲੀਬ ਦਿੱਤੇ ਜਾਣ ਦੀ ਗੱਲ ਸੱਭਿਅ ਸੰਗਤੀ ਵਿਚ ਨਹੀਂ ਕੀਤੀ ਜਾਂਦੀ। ਸਲੀਬ ਅਪਮਾਨ, ਕਲੇਸ਼ ਅਤੇ ਮੌਤ ਦਾ ਪ੍ਰਤੀਕ ਸੀ ਜਦ ਕਿ ਸਲੀਬ ਦਿੱਤਾ ਜਾਣਾ ਗੁਲਾਮਾਂ ਅਤੇ ਖ਼ੂੰਖਾਰ ਅਪਰਾਧੀਆਂ ਲਈ ਰਾਖਵਾਂ ਹੁੰਦਾ ਸੀ। ਸਿਸੇਰੋ ਨੇ ਇਕ ਵਾਰ ਟਿੱਪਣੀ ਕੀਤੀ ਸੀ ਕਿ '''ਸਲੀਬ' ਸ਼ਬਦ ਨੂੰ ਹੀ ਰੋਮੀ ਸ਼ਹਿਰੀ ਦੇ ਲਗਭਗ ਉਸ ਦੇ ਵਿਚਾਰਾਂ, ਉਸ ਦੀਆਂ ਨਜ਼ਰਾਂ ਅਤੇ ਉਸ ਦੇ ਕੰਨਾਂ ਵਿੱਚੋਂ [ਵੀ] ਨਿੱਕਲ ਜਾਣਾ ਚਾਹੀਦਾ ਹੈ।''[26] ਯਿਸੂ ਦੀ ਸਲੀਬ ਭਾਵੇਂ ਯਹੂਦੀਆਂ ਲਈ ''ਠੋਕਰ'' ਅਤੇ ਗੈਰਕੌਮਾਂ ਲਈ ''ਮੂਰਖਤਾ'' ਦੀ ਗੱਲ ਸੀ, ਪਰ ਪੌਲੁਸ ਦੇ ਘੁਮੰਡ ਦੇ ਯੋਗ ਸਿਰਫ਼ ਇਹੀ ਸੀ। ਉਹਦੇ ਲਈ ਇਹ ''ਪਰਮੇਸ਼ੁਰ ਦੀ ਸ਼ਕਤੀ ਅਤੇ ਪਰਮੇਸ਼ੁਰ ਦਾ ਗਿਆਨ'' ਸੀ (1 ਕੁਰਿੰਥੀਆਂ 1:23, 24)।

ਇਸ ਪੱਤਰੀ ਵਿਚ ਸਲੀਬ ਨਾਲ ਸਬੰਧਿਤ ਪੌਲੁਸ ਦੇ ਆਖਰੀ ਸ਼ਬਦ ਹੈਰਾਨ ਕਰ ਦੇਣ ਵਾਲੇ ਹਨ: **ਜਿਹ ਦੇ ਰਾਹੀਂ ਸੰਸਾਰ ਮੇਰੀ ਵੱਲੋਂ ਅਤੇ ਮੈਂ ਸੰਸਾਰ ਦੀ ਵੱਲੋਂ ਸਲੀਬ ਉੱਤੇ ਚਾੜ੍ਹਿਆ ਗਿਆ** (2:20 ਤੇ ਟਿੱਪਣੀਆਂ ਵੇਖੋ)। ਇਨ੍ਹਾਂ ਸ਼ਬਦਾਂ ਨੂੰ ਰਸੂਲ ਦੀ ਮੌਤ ਦੇ ਨਾਲ ਨਾਲ ਉਹਦੀ ਪੂਰੀ ਜ਼ਿੰਦਗੀ ਦੀ ਸਿੱਖਿਆ ਨੂੰ ਸੰਖੇਪ ਕਰਨ ਲਈ ਵਰਤਿਆ ਜਾ ਸਕਦਾ ਹੈ। ਯੂਨਾਨੀ ਲਿਖਤ ਵਿਚ ਅਨੁਵਾਦ ਹੋਇਆ ਸ਼ਬਦ ''ਜਿਹਦੇ ਰਾਹੀਂ'' (*di', hou*, ਡਾਈ ਹੌ) ਹੈ। ਸਬੰਧਬੋਧਕ ਪੜਨਾਉਂ ''ਜਿਹਦੇ'' (*hou*) ਦਾ ਅਨੁਵਾਦ ''ਜਿਸ ਦੇ'' ਵੀ ਹੋ ਸਕਦਾ ਹੈ। ਅਜਿਹਾ ਹੋਣ ਤੇ ਪਹਿਲਾ ਸ਼ਬਦ ''ਮਸੀਹ'' ਹੋਵੇਗਾ। ਇਸ ਸਮਝ ਦਾ ਸਮਰਥਨ NJB ਤੋਂ ਹੁੰਦਾ ਹੈ: ''... ਸਾਡਾ ਪ੍ਰਭੂ ਯਿਸੂ, ਜਿਸ ਦੇ ਰਾਹੀਂ ਸੰਸਾਰ ਮੇਰੇ ਲਈ ਸਲੀਬ ਉੱਤੇ ਚੜ੍ਹਾਇਆ ਗਿਆ।'' ਜੇ. ਬੀ. ਲਾਈਟਫ਼ੁਟ ਨੇ ਲਿਖਿਅ ਹੈ ਕਿ ਇਹ ਪੜਨਾਉਂ ''ਸਲੀਬ'' ਦੀ ਗੱਲ ਕਰਦਾ ਲਗਦਾ ਹੈ। ਉਸ ਨੇ ਪੌਲੁਸ ਦੇ ਇਹ ਕਹਿਣ ਦੀ ਕਲਪਨਾ ਕੀਤੀ ਕਿ '''ਮਸੀਹ ਦੀ ਸਲੀਬ ਤਾਂ ਮੇਰੇ ਸਲੀਬ ਤੇ ਜਾਣ ਦਾ ਜ਼ਰੀਆ ਹੈ ਜਿਵੇਂ ਉਸੇ ਦੀ ਹੋਵੇ; ਕਿਉਂ ਜੋ ਮੈਂ ਉਹਦੇ ਨਾਲ ਸਲੀਬ ਦਿੱਤਾ ਗਿਆ ਹਾਂ' [2:20]।'' ਲਾਈਟਫ਼ੁਟ ਨੇ ਇਹ ਵੀ ਲਿਖਿਆ ਹੈ ਕਿ ਜੇ ਸਬੰਧਬੋਧਕ ਪੜਨਾਉਂ ਮਸੀਹ ਲਈ ਸੀ ਤਾਂ ਵੱਖਰੀ ਯੂਨਾਨੀ ਸੰਰਚਣਾ ਦੀ ਉਮੀਦ ਕੀਤੀ ਜਾਣੀ ਸੀ, ਜਿਵੇਂ *en ho* (ਐਨ ਹੋ, ''ਜਿਸ ਵਿਚ'') ਜਾਂ *sun hō* (ਸਨ ਹੋ, ''ਜਿਸ ਦੇ ਨਾਲ'')।[27]

**ਆਇਤ 15.** ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੀ ਚਰਚਾ ਕਰਦਿਆਂ ਪੌਲੁਸ ਨੇ ਲਿਖਿਆ, **ਕਿਉਂ ਜੋ ਨਾ ਤਾਂ ਸੁੰਨਤ, ਨਾ ਹੀ ਅਸੁੰਨਤ ਕੁਝ ਹੈ ਸਗੋਂ ਨਵੀਂ ਸਰਿਸ਼ਟ।** ਕਈਆਂ ਨੂੰ ਇਹ ਵਾਕ ਫਾਲਤੂ ਲਗ ਸਕਦਾ ਹੈ ਪਰ ਇੱਕੋ ਸ਼ਬਦ ''ਸੁੰਨਤ'' ਖ਼ਾਸ ਖਿਝ ਚੜ੍ਹਾਉਣ ਵਾਲਾ ਸ਼ਬਦ ਸੀ ਜਿਸ ਨਾਲ ਗਲਾਤੀਆ ਦੀਆਂ ਕਲੀਸੀਆਵਾਂ ਵਿਚ ਐਨੀ ਮੁਸ਼ਕਿਲ ਆਈ। ਇਸ ਨੇ ਚੇਲਿਆਂ ਵਿਚ ਫੁੱਟ ਪਾ ਦਿੱਤੀ ਅਤੇ ਅਖ਼ੀਰ ਉੱਥੇ ਭਾਈਚਾਰੇ ਦਾ ਪ੍ਰੇਮ ਖ਼ਤਮ ਕਰ ਦਿੱਤਾ। ਇਸ ਕਰਕੇ ਰਸੂਲ ਦਾ ਮੰਨਣਾ ਸੀ ਕਿ ਇਕ ਆਖ਼ਰੀ ਵਾਰ ਇਸ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਖ਼ਤ ਵਿਚ ਪਹਿਲਾਂ ਉਸ ਨੇ ਲਿਖਿਆ ਸੀ:

> ਵੇਖੋ, ਮੈਂ ਪੌਲੁਸ ਤੁਹਾਨੂੰ ਆਖਦਾ ਹਾਂ ਭਈ ਜੇ ਤੁਸੀਂ ਸੁੰਨਤ ਕਰਾਵੋ ਤਾਂ ਮਸੀਹ ਕੋਲੋਂ ਤੁਹਾਨੂੰ ਕੁਝ ਲਾਭ ਨਾ ਹੋਵੇਗਾ। ਸਗੋਂ ਮੈਂ ਹਰੇਕ ਮਨੁੱਖ ਉੱਤੇ ਜਿਹੜਾ ਸੁੰਨਤ ਕਰਾਉਂਦਾ ਹੈ

> ਫੇਰ ਸਾਖੀ ਭਰਦਾ ਹਾਂ ਜੋ ਉਹ ਸਾਰੀ ਸ਼ਰਾ ਨੂੰ ਪੂਰਿਆਂ ਕਰਨ ਦਾ ਕਰਜਾਈ ਹੈ। ਤੁਸੀਂ ਜੋ ਸ਼ਰਾ ਨਾਲ ਧਰਮੀ ਬਣਨਾ ਚਾਹੁੰਦੇ ਹੋ ਸੋ ਮਸੀਹ ਤੋਂ ਅੱਡ ਹੋ ਗਏ ਹੋ। ਤੁਸੀਂ ਕਿਰਪਾ ਤੋਂ ਡਿੱਗ ਗਏ ਹੋ। ਅਸੀਂ ਤਾਂ ਆਤਮਾ ਦੇ ਕਾਰਨ ਨਿਹਚਾ ਨਾਲ ਧਰਮ ਦੀ ਆਸਾ ਦੀ ਉਡੀਕ ਕਰਦੇ ਹਾਂ। ਕਿਉਂ ਜੋ ਮਸੀਹ ਯਿਸੂ ਵਿਚ ਨਾ ਤਾਂ ਸੁੰਨਤ, ਨਾ ਹੀ ਅਸੁੰਨਤ ਤੋਂ ਕੁਝ ਬਣਦਾ ਹੈ ਸਗੋਂ ਨਿਹਚਾ ਤੋਂ ਜਿਹੜੀ ਪ੍ਰੇਮ ਦੇ ਰਾਹੀਂ ਗੁਣਕਾਰ ਹੁੰਦੀ ਹੈ (5:2–6)।

ਸੁੰਨਤ ਆਪਣੇ ਆਪ ਵਿਚ ਮਾੜੀ ਨਹੀਂ ਸੀ। ਪੌਲੁਸ ਨੇ ਆਪ ਜਵਾਨ ਤਿਮੋਥਿਉਸ ਦੀ ਸੁੰਨਤ ਉਹਦੇ ਪਰਿਵਾਰ ਦੀ ਹਾਲਤ ਕਰਕੇ ਕੀਤੀ ਸੀ ਜਿਸ ਦੀ ਮਾਤਾ ਯਹੂਦਣ ਸੀ ਅਤੇ ਉਸ ਦਾ ਪਿਤਾ ਯੂਨਾਨੀ ਸੀ (ਰਸੂਲਾਂ ਦੇ ਕਰਤੱਬ 16:1–3)। ਹੋਰਨਾਂ ਮਾਮਲਿਆਂ ਵਾਂਗ ਪੌਲੁਸ ਤਿਮੋਥਿਉਸ ਨੂੰ ਆਪਣੀ ਮਿਸ਼ਨਰੀ ਟੀਮ ਵਿਚ ਲੈ ਰਿਹਾ ਸੀ, ਜਿਸ ਕਰਕੇ ਉਹ ''ਸਭਨਾਂ ਲਈ ਸਭ ਕੁਝ ਬਣ'' ਗਿਆ ਤਾਂ ਜੋ ''ਹਰ ਤਰ੍ਹਾਂ ਨਾਲ ਕਈਆਂ ਨੂੰ ਬਚਾ'' ਸਕੇ (1 ਕੁਰਿੰਥੀਆਂ 9:19–22)। ਉਹ ਕਿਸੇ ਨੂੰ ਵੀ ਭਾਵੇਂ ਉਹ ਯਹੂਦੀ ਹੋਵੇ ਜਾਂ ਗੈਰਕੌਮ ਠੋਕਰ ਦੇਣ ਤੋਂ ਬਚਣਾ ਚਾਹੁੰਦਾ ਸੀ।[28]

ਸਾਡੇ ਕੋਲ ਕੋਈ ਇਤਿਹਾਸ ਨਹੀਂ ਹੈ ਜੋ ਇਹ ਦੱਸਦਾ ਹੋਵੇ ਕਿ ਪੌਲੁਸ ਨੇ ਕਿਸੇ ਯਹੂਦੀ ਨੂੰ ਸੁੰਨਤ ਕਰਵਾਉਣ ਤੋਂ ਰੋਕਿਆ। ਪਰ ਉਸ ਨੇ ਗੈਰਕੌਮਾਂ ਨੂੰ ਦੱਸਿਆ ਸੀ ਕਿ ਜੇ ਉਹ ''ਸ਼ਰ੍ਹਾ ਨਾਲ ਧਰਮੀ ਬਣਨਾ ਚਾਹੁੰਦੇ'' ਹਨ (5:4), ਤਾਂ ਉਨ੍ਹਾਂ ਨੂੰ ''ਮਸੀਹ ਕੋਲੋਂ ਕੁਝ ਲਾਭ ਨਾ'' ਹੋਣਾ ਸੀ (5:2), ਉਨ੍ਹਾਂ ''ਸਾਰੀ ਸ਼ਰ੍ਹਾ ਨੂੰ ਪੂਰਿਆਂ ਕਰਨ'' ਦੇ ਕਰਜ਼ਦਾਰ ਹੋਣਾ ਸੀ (5:3), ਉਨ੍ਹਾਂ ਨੇ ''ਮਸੀਹ ਤੋਂ ਅੱਡ ਹੋ'' ਜਾਣਾ ਸੀ ਅਤੇ ਉਨ੍ਹਾਂ ਨੇ ''ਕਿਰਪਾ ਤੋਂ ਡਿੱਗ ਗਏ'' ਹੋਣਾ ਸੀ (5:4)।

ਪੌਲੁਸ ਦਾ ਸੰਦੇਸ਼ ਬਿਲਕੁਲ ਸਾਫ਼ ਹੈ। ਦੋ ਨੇਮਾਂ ਦੇ ਤਹਿਤ ਰਹਿਣਾ ਅਸੰਭਵ ਹੈ, ਖ਼ਾਸਕਰ ਅਜਿਹੇ ਦੋ ਨੇਮਾਂ ਤੇ ਤਹਿਤ ਜਿਹੜੇ ਖ਼ੁਦਾ ਦੀ ਨਜ਼ਰ ਵਿਚ ਧਰਮੀ ਠਹਿਰਣ ਦੀ ਪਰਿਭਾਸ਼ਾ ਬਿਲਕੁਲ ਵੱਖੋ-ਵੱਖ ਦੱਸਦੇ ਹਨ। ਸਰੀਰ ਦੀ ਸੁੰਨਤ ਪਹਿਲੇ ਨੇਮ ਦਾ ਨਿਸ਼ਾਨ ਸੀ, ਜੋ ਕਿ ਉਸ ਸ਼ਰ੍ਹਾ ਦਾ ਨੇਮ ਸੀ ਜਿਸ ਨੂੰ ਕੋਈ ਵੀ ਬੰਦਾ ਪੂਰਾ ਨਹੀਂ ਕਰ ਸਕਿਆ। ਅਸਲ ਵਿਚ ਸ਼ਰ੍ਹਾ ਨੇ ਹੀ ਸਭਨਾਂ ਨੂੰ ਦੋਸ਼ੀ ਠਹਿਰਾਇਆ। ਨਵਾਂ ਨੇਮ ਨਿਹਚਾ (*pistis*, ਪਿਸਟਿਸ) ਦੇ ਰਾਹੀਂ ਦਿੱਤਾ ਗਿਆ ਪਰ ਇਹ ਉਹ ਨੇਮ ਹੈ ਜਿਸ ਦੀ ਬੁਨਿਆਦ ਅਖ਼ੀਰ ਵਿਚ ਮਸੀਹ ਦੀ ਵਫ਼ਾਦਾਰੀ ਹੈ। ਪੌਲੁਸ ਨੇ ਦਲੇਰੀ ਨਾਲ ਕਿਹਾ, ''ਇਸ ਲਈ ਜੋ ਮੈਂ ਸ਼ਰਾ ਹੀ ਦੇ ਕਾਰਨ ਸ਼ਰਾ ਦੀ ਵੱਲੋਂ ਮੋਇਆ ਭਈ ਪਰਮੇਸ਼ੁਰ ਲਈ ਜੀਉਂਦਾ ਰਹਾਂ। ਮੈਂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਹਾਂ ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਸਗੋਂ ਮਸੀਹ ਮੇਰੇ ਵਿਚ ਜੀਉਂਦਾ ਹੈ ਅਤੇ ਹੁਣ ਜਿਹੜਾ ਜੀਵਨ ਸਰੀਰ ਵਿਚ ਭੋਗਦਾ ਹਾਂ ਸੋ ਪਰਮੇਸ਼ੁਰ ਦੇ ਪੁੱਤਰ ਉੱਤੇ ਨਿਹਚਾ ਨਾਲ ਭੋਗਦਾ ਹਾਂ ਜਿਹ ਨੇ ਮਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ'' (2:19, 20)।

ਗਲਾਤੀਆਂ 5 ਅਤੇ 6 ਵਿਚ ਪੌਲੁਸ ਦਾ ਬਹੁਤਾ ਜੋਰ ਆਤਮਾ ਦੇ ਵਾਸ ਵਾਲੀ ਜ਼ਿੰਦਗੀ ਭਾਵ ''ਨਵੀਂ ਸਰਿਸ਼ਟ'' ਦੇ ਰੂਪ ਵਿਚ ਮਸੀਹੀ ਵਿਅਕਤੀ ਉੱਤੇ ਹੈ। ਆਦਮੀ ਵਿਚ ਜ਼ਬਰਦਸਤ ਬਦਲਾਅ ਆ ਜਾਂਦਾ ਹੈ ਜਦੋਂ ਉਹ ਆਪਣੇ ਪੁਰਾਣੇ, ਠਹਿਰਾਏ ਹੋਏ ਅਤੇ ਆਪਣੇ ਉੱਤੇ ਥੋਪੀ ਗਈ ਹਕੂਮਤ ਨੂੰ ਛੱਡ ਕੇ ਯਿਸੂ ਦੇ ਪ੍ਰਭੂ ਹੋਣ ਨੂੰ ਮੰਨ ਕੇ ਦੀਨ ਹੋ ਕੇ ਗੋਡੇ ਟੇਕ ਲੈਂਦਾ ਹੈ (ਅਸਲ ਵਿਚ ਮਨ ਨੂੰ ਝੁਕਾ) ਲੈਂਦਾ ਹੈ (ਵੇਖੋ ਫ਼ਿਲਿੱਪੀਆਂ 2:9–11)। ਪਸ਼ਚਾਤਾਪੀ ਵਿਸ਼ਵਾਸੀ ਮਸੀਹ ਵਿਚ ਇਕ ਨਵਾਂ ਸ਼ਖ਼ਸ ਬਣ ਜਾਂਦਾ ਹੈ ਅਤੇ ''ਜਲ ਅਰ ਆਤਮਾ ਤੋਂ'' ਨਵਾਂ ਜਨਮ ਲੈਣ ਤੇ ਰੂਹਾਨੀ ਤੌਰ ਤੇ ਉਸ ਦੀ ਸੁੰਨਤ ਹੋ ਜਾਂਦੀ ਹੈ (ਯੂਹੰਨਾ 3:5)।[29] ਪੌਲੁਸ ਨੇ ਕੁਲੁੱਸੇ ਦੇ ਲੋਕਾਂ ਨੂੰ ਲਿਖਿਆ ਕਿ ਉਨ੍ਹਾਂ ਨੇ ''ਮਸੀਹ ਯਿਸੂ ਪ੍ਰਭੂ ਨੂੰ ਕਬੂਲ ਕੀਤਾ'' ਸੀ। ਉਹ ''ਅਜਿਹੀ ਸੁੰਨਤ ਨਾਲ ਸੁੰਨਤੀ ਵੀ ਹੋਏ ਜੋ ਹੱਥਾਂ ਨਾਲ ਕੀਤੀ ਹੋਈ ਨਹੀਂ ਅਰਥਾਤ ਮਸੀਹ ਵਾਲੀ ਸੁੰਨਤ ਜਿਹ ਦੇ ਵਿਚ ਸਰੀਰਕ ਮਾਸ ਲਾਹ ਸੁੱਟੀਦਾ

ਹੈ।'' ਉਨ੍ਹਾਂ ਦੇ ਮਨ ਦੀ ਸੁੰਨਤ ਉਦੋਂ ਹੋਈ ਸੀ ਜਦੋਂ ਉਹ ''ਬਪਤਿਸਮਾ ਵਿਚ ਉਹਦੇ ਨਾਲ ਦੱਬੇ ਗਏ'' ਸਨ (ਕੁਲੁੱਸੀਆਂ 2:6, 11–13)। ਇਸ ਤੋਂ ਇਲਾਵਾ ਪੌਲੁਸ ਨੇ ਰੋਮ ਦੇ ਮਸੀਹੀਆਂ ਨੂੰ ਦੱਸਿਆ ਕਿ ਜਦੋਂ ਉਨ੍ਹਾਂ ਨੇ ''ਮਸੀਹ ਯਿਸੂ ਦਾ ਬਪਤਿਸਮਾ ਲਿਆ'' ਤਦ ਉਹ ''ਨਵੇਂ ਜੀਵਨ ਦੇ ਰਾਹ'' ਚੱਲਣ ਲਈ ਜੀ ਵੀ ਉੱਠੇ ਸਨ (ਰੋਮੀਆਂ 6:3, 4)। ਉਸ ਨੇ ਲਿਖਿਆ, ''ਸੋ ਜੇ ਕੋਈ ਮਸੀਹ ਵਿਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਓਹ ਨਵੀਆਂ ਹੋ ਗਈਆਂ ਹਨ''(2 ਕੁਰਿੰਥੀਆਂ 5:17)।

ਸਾਡੇ ਵਿੱਚੋਂ ਜਿਹੜੇ ਲੋਕ ਇਸ ਪ੍ਰਕਿਰਿਆ ਵਿੱਚੋਂ ਦੀ ਲੰਘ ਚੁੱਕੇ ਹਨ ਉਹ ਕਲੀਸੀਆ ਭਾਵ ''ਪਰਮੇਸ਼ੁਰ ਦੇ (ਨਵੇਂ) ਇਸਰਾਏਲ'' ਦਾ ਹਿੱਸਾ ਬਣ ਗਏ ਹਨ (6:16)। ਅਸੀਂ ਅਖ਼ੀਰ ਵਿਚ ਉਸ ਸੁਰਗੀ, ਜਲਾਲੀ ਰਾਜ ਵਿਚ ਵੜਨ ਦੇ ਖ਼ੁਦਾ ਦੇ ਵਾਅਦੇ ਵਿਚ ਅਨੰਦ ਕਰ ਸਕਦੇ ਹਾਂ ਜਿਸ ਦੇ ਸਬੰਧ ਵਿਚ ਪਤਰਸ ਨੇ ਲਿਖਿਆ ਹੈ: ''ਪਰ ਉਹ ਦੇ ਵਚਨ ਦੇ ਅਨੁਸਾਰ ਅਸੀਂ ਨਵੇਂ ਅਕਾਸ਼ ਅਤੇ ਨਵੀਂ ਧਰਤੀ ਦੀ ਉਡੀਕ ਕਰਦੇ ਹਾਂ ਜਿਨ੍ਹਾਂ ਵਿਚ ਧਰਮ ਵੱਸਦਾ ਹੈ'' (2 ਪਤਰਸ 3:13)।

**ਆਇਤ 16. ਜਿੰਨੇ ਇਸ ਮਰਯਾਦਾ ਉੱਤੇ ਚੱਲਣ ਉਨ੍ਹਾਂ ਨੂੰ ਸ਼ਾਂਤੀ ਅਰ ਰਹਮ** ਦੀ ਪੌਲੁਸ ਦੀ ਬਰਕਤ ਕੋਈ ਬੇਹੂਦਾ, ਬੇਤੁਕੀ ਬਾਅਦ ਵਿਚ ਆਇਆ ਵਿਚਾਰ ਨਹੀਂ ਹੈ। ਇਸ ਦੀ ਥਾਂ ''ਸ਼ਾਂਤੀ ਅਰ ਰਹਮ'' ਦੀ ਗੱਲ ਜਾਣ ਬੁੱਝ ਕੇ ਸ਼ੁਰੂਆਤੀ ਸਲਾਮ ਦਾ ਅਕਸ ਦੇਣ ਲਈ ਇੱਥੇ ਕੀਤੀ ਗਈ ਜਿੱਥੇ ਰਸੂਲ ਨੇ ਗਲਾਤੀਆ ਦੇ ਆਪਣੇ ਪਾਠਕਾਂ ਉੱਤੇ ''ਕਿਰਪਾ ਅਤੇ ਸ਼ਾਂਤੀ'' ਦੇਣੀ ਚਾਹੀ ਸੀ (1:3)।

''ਜਿੰਨੇ ਇਸ ਮਰਯਾਦਾ ਉੱਤੇ ਚੱਲਣ'' ਦੀ ਗੱਲ ਕਰਕੇ ਪੌਲੁਸ ਹਰ ਗੱਲ ਵਿਚ ਕਾਇਦੇ ਕਾਨੂੰਨ ਨੂੰ ਮੰਨਣ ਵਾਲਿਆਂ ਦੀ ਗੱਲ ਨਹੀਂ ਕਰ ਰਿਹਾ ਸੀ ਬਲਕਿ ਉਹ ਗੱਲ ਕਰ ਰਿਹਾ ਸੀ ਕਿ ਮਸੀਹੀ ਜ਼ਿੰਦਗੀ ਕਿਹੋ ਜਿਹੀ ਹੋਣੀ ਚਾਹੀਦੀ ਹੈ। ਨਵੇਂ ਨੇਮ ਵਿਚ ''ਚੱਲਣ'' ਲਈ ਯੂਨਾਨੀ ਸ਼ਬਦ *stoicheō* (ਸਟੋਈਕਿਓ) ਕਿਸੇ ਦੇ ਜੀਣ ਦੇ ਢੰਗ ਲਈ ਜਾਂ ਰਵੱਈਏ ਲਈ ਵਰਤਿਆ ਗਿਆ ਹੈ। ਅਸਲ ਵਿਚ ਪੌਲੁਸ ਨੇ ਇਸ ਦੀ ਵਰਤੋਂ ਪਿਛਲੇ ਅਧਿਆਇ ਵਿਚ ਇਸੇ ਤਰ੍ਹਾਂ ਨਾਲ ਕੀਤੀ ਸੀ ਕਿ ''ਜੇ ਅਸੀਂ ਆਤਮਾ ਦੁਆਰਾ ਜੀਉਂਦੇ ਹਾਂ ਤਾਂ ਆਤਮਾ ਦੁਆਰਾ ਚੱਲੀਏ ਵੀ'' (5:25)। ਇਸ ਦਾ ਸਮਾਨਅਰਥੀ ਸ਼ਬਦ *peripateō* (ਪੇਰੀਪੇਟੀਓ) ਪਿਛਲੇ ਅਧਿਆਇ ਵਿਚ ਮਿਲਦਾ ਹੈ: ''ਪਰ ਮੈਂ ਆਖਦਾ ਹਾਂ, ਤੁਸੀਂ ਆਤਮਾ ਦੁਆਰਾ ਚੱਲੋ *[peripateō]* ਤਾਂ ਸਰੀਰ ਦੇ ਵਿਸ਼ਿਆਂ ਨੂੰ ਕਦੇ ਪੂਰਿਆਂ ਨਾ ਕਰੋਗੇ'' (5:16)।

''ਮਰਯਾਦਾ'' ਸ਼ਬਦ ਤੋਂ ਪੌਲੁਸ ਦਾ ਕੀ ਭਾਵ ਸੀ? ''ਮਰਯਾਦਾ'' ਲਈ ਯੂਨਾਨੀ ਸ਼ਬਦ (*kanōn*, ਕੈਨਨ) ਮੂਲ ਵਿਚ ''ਮਾਪਣ ਵਾਲੀ ਛੜੀ'' ਨੂੰ ਵਿਖਾਉਂਦਾ ਸੀ, ਪਰ ਫਿਰ ਇਸ ਦੀ ਵਰਤੋਂ ਵਿਚ ''ਵਿਹਾਰ ਦਾ ਨਿਯਮ'' ਜਾਂ ''ਨਿਆਂ ਦਾ ਮਾਨਕ'' ਦੇ ਸੰਕੇਤ ਜੁੜ ਗਏ।[30] ਉਹ ''ਮਰਯਾਦਾ'' ਜਾਂ ''ਨਿਯਮ/ਮਾਨਕ'' ਕੀ ਸੀ ਜਿਸ ਦੇ ਰਾਹੀਂ ਪੌਲੁਸ ਚਾਹੁੰਦਾ ਸੀ ਕਿ ਗਲਾਤੀਆ ਦੇ ਲੋਕਾਂ ਦੀ ਜ਼ਿੰਦਗੀ ਹੋਵੇ? ਕਈਆਂ ਦਾ ਮੰਨਣਾ ਹੈ ਕਿ ''ਇਹ ਮਰਯਾਦਾ'' ਪਿਛਲੀ ਆਇਤ ਵਾਲੀ ਗੱਲ ਨੂੰ ਕਿਹਾ ਗਿਆ ਹੈ: ''ਕਿਉਂ ਜੋ ਨਾ ਤਾਂ ਸੁੰਨਤ, ਨਾ ਹੀ ਅਸੁੰਨਤ ਕੁਝ ਹੈ ਸਗੋਂ ਨਵੀਂ ਸਰਿਸ਼ਟ'' (6:15)। ਹੋਰ ਲੋਕ ਨਜ਼ਦੀਕੀ ਸੰਦਰਭ ਨਾਲ ਵਾਧੂ ਵੇਰਵਿਆਂ ਨੂੰ ਜੋੜਨਗੇ। ਇਸ ਕਰਕੇ ''ਇਸ ਮਰਯਾਦਾ'' ਨੂੰ ਇਵੇਂ ਸੰਖੇਪ ਕੀਤਾ ਜਾ ਸਕਦਾ ਹੈ ਕਿ ਇਸ ਉੱਤੇ ਯਿਸੂ ਦੀ ਕੁਰਬਾਨੀ ਵਿਚ ਭਰੋਸਾ ਕਰਨਾ ਜ਼ਰੂਰੀ ਹੈ ਜਿਸ ਨਾਲ ਨਵੀਂ ਸਰਿਸ਼ਟ ਮੁਮਕਿਨ ਹੁੰਦੀ ਹੈ ਅਤੇ ਇਹ ਸਮਝਣਾ ਕਿ ਮੁਕਤੀ ਦੇ ਸਬੰਧ ਵਿਚ ਸਰੀਰ ਦੀ ਸੁੰਨਤ ਬੇਮਤਲਬ ਹੈ (6:12–15)। ਇਸ ਮਾਨਕ ਨੂੰ ਮੰਨਣ ਵਾਲੇ ਲੋਕ ''ਆਤਮਾ ਦੁਆਰਾ ਚੱਲਦੇ ਹਨ'' ਅਤੇ ''ਸ਼ਰ੍ਹਾ ਦੇ ਮਤਹਿਤ ਨਹੀਂ ਹਨ'' (5:18)।

ਪੌਲੁਸ ਦੇ ਦਿਮਾਗ ਵਿਚ ਕੌਣ ਲੋਕ ਹੋਣਗੇ ਜਦ ਉਸਨੇ **ਪਰਮੇਸ਼ੁਰ ਦੇ ਇਸਰਾਏਲ ਨੂੰ** ਬਰਕਤ ਦੇਣ ਦੀ ਪੇਸ਼ਕਸ਼ ਕੀਤੀ। ਕੁਝ ਟੀਕਾਕਾਰਾਂ ਦਾ ਜਵਾਬ ਇਸ ਸਵਾਲ ਤੇ ਸਪੱਸ਼ਟ ਨਹੀਂ ਹੈ। ਉਨ੍ਹਾਂ ਦਾ

ਗਲਤ ਅੰਦਾਜ਼ਾ ਇਸ ਤੱਥ ਕਰਕੇ ਹੈ ਕਿ ਰਸੂਲ ਨੇ ਬਰਕਤ ਦਿੰਦਿਆਂ ਯੋਜਕ ਸ਼ਬਦ *kai* (ਕੇ) ਨੂੰ ਜਿਸ ਦਾ ਅਨੁਵਾਦ ਆਮ ਤੌਰ ਤੇ ''ਅਤੇ'' ਕੀਤਾ ਜਾਂਦਾ ਹੈ, ਦੋ ਵੇਰਵਿਆਂ ਦੇ ਨਾਲ ਮਿਲਾ ਦਿੱਤਾ। NASB ਵਿਚ ਇਸ ਨੂੰ ਇਸ ਤਰ੍ਹਾਂ ਨਾਲ ਲਿਖਿਆ ਗਿਆ ਹੈ, ''ਜਿਹੜੇ ਇਸ ਨਿਯਮ ਦੇ ਮੁਤਾਬਿਕ ਚੱਲਣਗੇ, ਉਨ੍ਹਾਂ ਉੱਤੇ ਸ਼ਾਂਤੀ ਅਤੇ ਰਹਮ *ਅਤੇ* ਪਰਮੇਸ਼ੁਰ ਦੇ ਇਸਰਾਏਲ ਉੱਤੇ।''[31] ਵਚਨ ਨੂੰ ਇਸ ਤਰ੍ਹਾਂ ਨਾਲ ਸਮਝਣ ਤੇ ਬਹੁਤਿਆਂ ਨੂੰ ਲਗਦਾ ਹੈ ਕਿ ਪੌਲੁਸ ਇਕ ਨਹੀਂ ਬਲਕਿ ਦੋ ਵੱਖੋ ਵੱਖ ਸਮੂਹਾਂ ਦੀ ਗੱਲ ਕਰ ਰਿਹਾ ਸੀ।

ਪਰ ਯੋਜਕ ਸ਼ਬਦ *kai* ਮਿਲਾਉਣ ਵਾਲਾ ਹੋਣ ਦੇ ਇਲਾਵਾ ਕਈ ਹੋਰ ਕੰਮ ਕਰ ਸਕਦਾ ਹੈ। ਇੱਥੇ ਸਾਡਾ ਵਾਸਤਾ ਉਸ ਨਾਲ ਹੈ ਜਿਸ ਨੂੰ ਵਿਆਕਰਣ ਦੇ ਜਾਣਨ ਵਾਲੇ ਲੋਕ ਵਿਆਖਿਆਤਮਕ *kai* ਜਾਂ ''ਅਰਥਪ੍ਰਕਾਸ਼ਕ *kai*'' ਆਖਦੇ ਹਨ। ਇਸ ਦਾ ਮਤਲਬ ਸਿਰਫ਼ ਇਹ ਹੈ ਕਿ ''ਕਹਿਣ ਤੋਂ ਭਾਵ ਹੈ,'' ਤਾਂ ਜੋ ਯੋਜਕ ਦੇ ਬਾਅਦ ਆਉਣ ਵਾਲਾ ਸ਼ਬਦ ਜਾਂ ਵਾਕ ਆਪਣੇ ਤੋਂ ਪਹਿਲਾਂ ਵਾਲੇ ਸ਼ਬਦ ਦੀ ਵਿਆਖਿਆ ਕਰਦਾ ਹੋਵੇ।[32] NIV 1984 ਵਿਚ ਅਨੁਵਾਦਕਾਂ ਨੇ 6:16 ਦਾ ਅਨੁਵਾਦ ਇਸ ਤਰ੍ਹਾਂ ਨਾਲ ਕਰਕੇ ਵਧੀਆ ਕੀਤਾ, ''ਇਸ ਨਿਯਮ ਨੂੰ ਮੰਨਣ ਵਾਲੇ ਸਾਰਿਆਂ, ਸਗੋਂ ਖ਼ੁਦਾ ਦੇ ਇਸਰਾਏਲ ਉੱਤੇ ਸ਼ਾਂਤੀ ਅਤੇ ਕਿਰਪਾ ਹੋਵੇ।''[33] *Kai* ਦੀ ਇਸ ਵਰਤੋਂ ਦਾ ਅਰਥ ਸਮਝ ਆਉਣ ਤੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪੌਲੁਸ ਕਲੀਸੀਆ ਦੀ ਭਾਵ ਖ਼ੁਦਾ ਦੇ ਰੂਹਾਨੀ ਇਸਰਾਏਲ ਦੀ ਗੱਲ ਕਰ ਰਿਹਾ ਸੀ। ''ਪਰਮੇਸ਼ੁਰ ਦੇ ਇਸਰਾਏਲ'' ਵਿਚ ਜਲ ਅਤੇ ਆਤਮਾ ਤੋਂ ਜਨਮ ਲੈਣ ਵਾਲੇ ਸਾਰੇ ਲੋਕ ਆ ਜਾਂਦੇ ਹਨ, ਉਹ ਭਾਵੇਂ ਯਹੂਦੀ ਹੋਣ ਜਾਂ ਯੂਨਾਨੀ, ਗੁਲਾਮ ਹੋਣ ਜਾਂ ਅਜ਼ਾਦ, ਨਰ ਹੋਣ ਜਾਂ ਨਾਰੀ। ਇਹ ਲੋਕ ''ਮਸੀਹ ਦੇ'' ਅਤੇ ''ਅਬਰਾਹਾਮ ਦੀ ਅੰਸ ਅਤੇ ਬਚਨ ਦੇ ਅਨੁਸਾਰ ਅਧਕਾਰੀ'' ਹਨ (3:26–29)।

*kai* ਦੀ ਵਿਆਖਿਆ ''ਅਤੇ'' ਵਜੋਂ ਕਰਣ ਦੇ ਬਾਅਦ ਆਰ. ਐਲਨ ਕੋਲ ਨੇ ਦਲੀਲ ਦਿੱਤੀ ਕਿ ''ਪਰਮੇਸ਼ੁਰ ਦੇ ਇਸਰਾਏਲ'' ਨੂੰ ਕਲੀਸੀਆ ਦੇ ਰੂਪ ਵਿਚ ਸਮਝਿਆ ਜਾਣਾ ਚਾਹੀਦਾ ਹੈ। ਉਸ ਨੇ ਆਖਿਆ ਕਿ ਜੇ *kai* ਦਾ ਅਨੁਵਾਦ ''ਸਗੋਂ'' ਦੀ ਬਜਾਇ ''ਅਤੇ'' ਹੁੰਦਾ ਹੈ ਤਾਂ ਪੌਲੁਸ ਖ਼ੁਦਾ ਦੇ ਰਾਜ ਵਿਚ ਨਾਲ–ਨਾਲ ਰਹਿਣ ਵਾਲੇ ਦੋ ਵੱਖੋ–ਵੱਖ ਸਮੂਹਾਂ ਦੀ ਗੱਲ ਕਰ ਰਿਹਾ ਸੀ। ਭਾਵ ਉਨ੍ਹਾਂ ਦੀ ਜਿਹੜੇ ''ਮਰਯਾਦਾ ਉੱਤੇ ਚਲਦੇ ਹਨ'' (6:15 ਵਿਚ ਦਿੱਤਾ ਗਿਆ ਨਿਯਮ) ਅਤੇ ਉਨ੍ਹਾਂ ਦੀ ਜਿਹੜੇ ਨਹੀਂ ਚੱਲਦੇ (ਪੁਰਾਣੇ ਨੇਮ ਵਾਲਾ ''ਇਸਰਾਏਲ'')। ਅਜਿਹਾ ਨਹੀਂ ਹੋ ਸਕਦਾ ਕਿਉਂ ਜੋ ਜਿਹੜੇ ਲੋਕ 6:15 ਵਾਲੇ ਨਿਯਮ ਨੂੰ ਮੰਨਣ ਤੋਂ ਇਨਕਾਰ ਕਰਦੇ ਹਨ ਉਹ ਆਪਣੇ ਆਪ ਨੂੰ ਰੂਹਾਨੀ ਨਿਯਮ ਤੋਂ ਭਾਵ ਉਸ ਦੀ ''ਸ਼ਾਂਤੀ ਅਤੇ ਕਿਰਪਾ'' ਦੇ ਫਾਇਦਿਆਂ ਤੋਂ ਸੱਖਣੇ ਕਰ ਲੈਂਦੇ ਹਨ। ਕੋਲ ਨੇ ਅੱਗੇ ਸਮਝਾਇਆ ਕਿ ਗੈਰਕੌਮ ਮਸੀਹੀਆਂ ਦੇ ਬਾਅਦ ਭਾਵੇਂ ਖ਼ੁਦਾ ਦੇ ਰਾਜ ਵਿਚ ਯਹੂਦੀ ਮਸੀਹੀਆਂ ਦੀ ਥਾਂ ਸੀ ਪਰ ਬੇਪਰਤੀਤਿਆਂ ਲਈ (ਭਾਵੇਂ ਉਹ ਯਹੂਦੀ ਹੋਣ ਜਾਂ ਗੈਰਕੌਮ) ਕੋਈ ਥਾ ਨਹੀਂ ਸੀ। ਇਸ ਤੋਂ ਛੁੱਟ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਨੇ ਆਪਣੇ ਆਪ ਨੂੰ ਰੂਹਾਨੀ ਇਸਰਾਏਲ ਤੋਂ ਬਾਹਰ ਕਰ ਲਿਆ ਸੀ ਕਿਉਂ ਜੋ ਉਹ 6:15 ਵਿਚ ਦਿੱਤੀ ਮਰਯਾਦਾ ਨੂੰ ਨਹੀਂ ਮੰਨਦੇ ਸਨ (ਵੇਖੋ ਫ਼ਿਲਿੱਪੀਆਂ 3:2, 3)।[34]

ਇਹ ਵਿਆਖਿਆ ਕਿ ''ਪਰਮੇਸ਼ੁਰ ਦਾ ਇਸਰਾਏਲ'' ਕਲੀਸੀਆ ਵਾਂਗੂ ਹੀ ਹੈ, ਘੱਟੋ ਘੱਟ ਦੂਜੀ ਸਦੀ ਈਸਵੀ ਪੁਰਾਣੀ ਹੈ। ਇਕ ਬੇਪਰਤੀਤੇ ਯਹੂਦੀ ਨਾਲ ਆਪਣੀ ਗੱਲਬਾਤ ਵਿਚ ਜਸਟਿਨ ਮਾਰਟਿਰ ਨੇ ਲਿਖਿਆ, ''ਅਸਲੀ ਰੂਹਾਨੀ ਇਸਰਾਏਲ'' ਵਿਚ ''ਅਸੀਂ ਹਾਂ ਜਿਹੜੇ ਸਲੀਬ ਉੱਤੇ ਦਿੱਤੇ ਮਸੀਹ ਦੇ ਰਾਹੀਂ ਖ਼ੁਦਾ ਵੱਲ ਆਏ ਹਾਂ।''[35] ਚੌਥੀ ਸਦੀ ਈਸਵੀ ਵਿਚ ਗਲਾਤੀਆਂ ਉੱਤੇ ਟਿੱਪਣੀ ਕਰਦਿਆਂ ਜੌਨ ਕ੍ਰਿਸੋਸਟੋਮ ਨੇ ਇਸੇ ਨਾਲ ਸਹਿਮਤੀ ਜਤਾਈ: ''ਜਿਹੜੇ ਲੋਕ ਇਨ੍ਹਾਂ ਗੱਲਾਂ *[ਮਸੀਹ ਵਿਚ ਕਿਰਪਾ ਦੀਆਂ ਨਵੀਆਂ ਗੱਲਾਂ]* ਨੂੰ ਮੰਨਦੇ ਹਨ ਉਹ ਸ਼ਾਂਤੀ ਅਤੇ ਮੇਲਜੋਲ ਦਾ ਅਨੰਦ

ਮਾਣਨਗੇ, ਅਤੇ ਉਨ੍ਹਾਂ ਨੂੰ 'ਇਸਰਾਏਲ' ਨਾਮ ਨਾਲ ਸੱਦਿਆ ਜਾਣਾ ਢੁਕਵਾਂ ਹੈ।''[36]

ਕਲੀਸੀਆ ਨੂੰ ''ਪਰਮੇਸ਼ੁਰ ਦਾ ਇਸਰਾਏਲ'' ਆਖ ਕੇ ਪੌਲੁਸ ਨੇ ਮਸੀਹ ਦੇ ਰਾਹੀਂ ਲੋਕਾਂ ਦੀ ਇਕ ਨਵੀਂ ਕੌਮ ਬਣਾਉਣ ਦੇ ਖ਼ੁਦਾ ਦੇ ਇਰਾਦੇ ਨੂੰ ਵਿਖਾ ਦਿੱਤਾ।[37] ਇਹ ਧਾਰਣਾ ਯਿਸੂ ਦੀ ਉਸ ਨਬੂਵਤ ਨਾਲ ਮੇਲ ਖਾਂਦੀ ਹੈ ਜਿਹੜੀ ਯਹੂਦੀ ਆਗੂਆਂ ਲਈ ਕੀਤੀ ਗਈ ਸੀ: ''ਪਰਮੇਸ਼ੁਰ ਦਾ ਰਾਜ ਤੁਹਾਥੋਂ ਖੋਹਿਆ ਅਤੇ ਪਰਾਈ ਕੌਮ ਨੂੰ ਜਿਹੜੀ ਉਹ ਦੇ ਫਲ ਦੇਵੇ ਦਿੱਤਾ ਜਾਵੇਗਾ'' (ਮੱਤੀ 21:43)। ਪੌਲੁਸ ਵਾਂਗ ਹੀ ਨਵੇਂ ਨੇਮ ਦੇ ਹੋਰਨਾਂ ਲੇਖਕਾਂ ਨੇ ਕਲੀਸੀਆ ਦਾ ਵਰਣਨ ਉਨ੍ਹਾਂ ਹੀ ਸ਼ਬਦਾਂ ਵਿਚ ਕੀਤਾ ਜਿਹੜੇ ਪਹਿਲਾਂ ਇਸਰਾਏਲ ਲਈ ਵਰਤੇ ਜਾਂਦੇ ਸਨ। ਉਦਾਹਰਣ ਲਈ ਪਤਰਸ ਨੇ ਮਸੀਹੀ ਲੋਕਾਂ ਨੂੰ ਦੱਸਿਆ, ''ਤੁਸੀਂ ਚੁਣਿਆ ਹੋਇਆ ਵੰਸ, ਜਾਜਕਾਂ ਦੀ ਸ਼ਾਹੀ ਮੰਡਲੀ, ਪਵਿੱਤਰ ਕੌਮ, ਪਰਮੇਸ਼ੁਰ ਦੀ ਖਾਸ ਪਰਜਾ ਹੋ'' (1 ਪਤਰਸ 2:9ੳ)। ਇਹ ਵੇਰਵੇ ਕੂਚ 19:5, 6 ਤੋਂ ਲਏ ਗਏ ਹਨ ਜਿੱਥੇ ਖ਼ੁਦਾ ਨੇ ਸੀਨਾ ਪਹਾੜ ਉੱਤੇ ਮੂਸਾ ਦੇ ਰਾਹੀਂ ਇਸਰਾਏਲ ਨਾਲ ਪੁਰਾਣਾ ਨੇਮ ਬੰਨ੍ਹਿਆ ਸੀ।

''ਅੱਗੇ ਜੋਗ ਉਨ੍ਹਾਂ ਪਰਦੇਸੀਆਂ ਨੂੰ ਜੋ ਪੰਤੁਸ, ਗਲਾਤਿਆ, ਕੱਪਦੋਕਿਆ, ਅਸਿਆ ਅਤੇ ਬਿਥੁਨਿਆ ਵਿਚ ਖਿੰਡੇ ਹੋਏ ਹਨ'' ਆਖਦਿਆਂ ਸੰਬੋਧਿਤ ਕੀਤਾ (1 ਪਤਰਸ 1:1)। ਇਸ ਤੋਂ ਛੁੱਟ, ਯਾਕੂਬ ਨੇ ਆਪਣੇ ਪਾਠਕਾ ਨੂੰ ''ਉਨ੍ਹਾਂ ਬਾਰ੍ਹਾਂ ਗੋਤਾਂ ਦੀ ਜਿਹੜੇ ਖਿੰਡੇ ਹਨ'' ਗੱਲ ਕਰਦਿਆਂ ਲਿਖਿਆ (ਯਾਕੂਬ 1:1)। ਅਨੁਵਾਦ ਹੋਏ ਸ਼ਬਦ ''ਖਿੰਡੇ ਹੋਏ ਹਨ'' ਦਾ ਯੂਨਾਨੀ ਸ਼ਬਦ (*diaspora*, ਡਾਇਆਸਪੋਰਾ) ਫਲਿਸਤੀਨ ਤੋਂ ਬਾਹਰ ਰਹਿਣ ਵਾਲੇ ਲੋਕਾਂ ਬਾਰੇ ਵਰਤਿਆ ਜਾਂਦਾ ਸੀ। ਨਵੇਂ ਨੇਮ ਵਿਚ ਇਹ ਇਸੇ ਅਰਥ ਨਾਲ ਇਕ ਵਾਰ ''ਯੂਨਾਨੀਆਂ ਵਿਚ ਖਿੰਡੇ ਹੋਏ'' ਵਾਕਅੰਸ਼ ਵਿਚ ਮਿਲਦਾ ਹੈ (ਯੂਹੰਨਾ 7:35)।

### ''ਮੈਂ ਮਸੀਹ ਦਾ ਰਸੂਲ ਅਤੇ ਸੇਵਕ ਹਾਂ!'' (6:17)

**17ਅਗਾਹਾਂ ਨੂੰ ਕੋਈ ਮੈਨੂੰ ਦੁਖ ਨਾ ਦੇਵੇ ਕਿਉਂ ਜੋ ਮੈਂ ਆਪਣੀ ਦੇਹੀ ਉੱਤੇ ਯਿਸੂ ਦੇ ਦਾਗਾਂ ਨੂੰ ਲਈ ਫਿਰਦਾ ਹਾਂ।**

**ਆਇਤ 17. ਅਗਾਹਾਂ ਨੂੰ** (*tou loipou*, ਟੌ ਲੋਇਪੋ) ਦਾ ਅਨੁਵਾਦ ''ਅਖ਼ੀਰ'' (NIV 1984)ਜਾਂ ''ਸੰਖੇਪ ਵਿਚ'' (GNT) ਹੋ ਸਕਦਾ ਹੈ। ਅਜਿਹੀ ਹਾਲਤ ਵਿਚ ਪੌਲੁਸ ਆਪਣੇ ਖ਼ਤ ਦੇ ਅਖ਼ੀਰ ਦਾ ਹੀ ਸੰਕੇਤ ਦੇ ਰਿਹਾ ਸੀ। ਫਿਰ ਵੀ ਜ਼ਿਆਦਾਤਰ ਅੰਗ੍ਰੇਜ਼ੀ ਅਨੁਵਾਦਾਂ ਵਿਚ ਇਸ ਵਾਕਅੰਸ਼ ਦਾ ਅਨੁਵਾਦ NASB ਦੇ ਨਾਲ ਮਿਲਦਾ ਹੈ। ਜੇ ''ਅਗਾਹਾਂ ਨੂੰ'' ਸਹੀ ਹੈ, ਤਾਂ ਇਹ ਇਸ ਗੱਲ ਦਾ ਸੰਕੇਤ ਹੈ ਕਿ ਰਸੂਲ ਚਾਹੁੰਦਾ ਸੀ ਕਿ ਉਸ ਦੇ ਵਿਰੋਧੀ ਅੱਗੇ ਤੋਂ ਉਸ ਦੇ ਖਿਲਾਫ਼ ਆਪਣੇ ਹਮਲੇ ਫ਼ੌਰਨ ਬੰਦ ਕਰ ਦੇਣ।

ਪੌਲੁਸ ਨੇ ਆਖਿਆ **ਕੋਈ ਮੈਨੂੰ ਦੁਖ ਨਾ ਦੇਵੇ।** ਇਹ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੀ ਗਤੀਵਿਧੀ ਦੀ ਗੱਲ ਹੋਵੇਗੀ ਜਿਨ੍ਹਾਂ ਨੇ ਰਸੂਲ ਦੇ ਕੰਮ ਨੂੰ ਹੋਰ ਔਖਾ ਅਤੇ ਤਣਾਅ ਭਰਿਆ ਕਰ ਦਿੱਤਾ ਸੀ। ਉਨ੍ਹਾਂ ਨੇ ਉਹਦੇ ਉੱਤੇ ਝੂਠਾ ਇਲਜ਼ਾਮ ਲਾਇਆ ਸੀ (ਵੇਖੋ 1:10–12), ਉਸ ਦੇ ਖ਼ਿਲਾਫ਼ ਚਾਲਾਂ ਚੱਲੀਆਂ ਸਨ (2:4), ਅਤੇ ਗਲਤ ਸਿੱਖਿਆ ਨਾਲ ਉਨ੍ਹਾਂ ਕਲੀਸੀਆਵਾਂ ਨੂੰ ਵਿਗਾੜਿਆ ਸੀ ਜਿਨ੍ਹਾਂ ਦੀ ਸ਼ੁਰੂਆਤ ਪੌਲੁਸ ਨੇ ਕੀਤੀ ਸੀ (ਵੇਖੋ 4:11)। ਉਹ ਚਾਹੁੰਦਾ ਸੀ ਕਿ ਉਨ੍ਹਾਂ ਦੀਆਂ ਕਪਟ ਭਰੀਆਂ ਗਤੀਵਿਧੀਆਂ ਬੰਦ ਹੋ ਜਾਣ।

ਸਾਫ਼–ਸਾਫ਼ ਪਰ ਅਸਾਧਾਰਣ ਭਾਸ਼ਾ ਦੀ ਵਰਤੋਂ ਕਰਦਿਆਂ ਪੌਲੁਸ ਨੇ ਦੱਸਿਆ ਕਿ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਨੂੰ ਆਪਣੇ ਖ਼ਤਰਨਾਕ ਕੰਮ ਬੰਦ ਕਰ ਦੇਣੇ ਚਾਹੀਦੇ ਹਨ: **ਕਿਉਂ ਜੋ ਮੈਂ**

**ਆਪਣੀ ਦੇਹੀ ਉੱਤੇ ਯਿਸੂ ਦੇ ਦਾਗਾਂ ਨੂੰ ਲਈ ਫਿਰਦਾ ਹਾਂ।** ਆਪਣੇ ਆਪ ਨੂੰ ਸਰਾਪ ਦੇਣ ਦੀ ਬਜਾਇ ਪੌਲੁਸ ਚੁਣੇ ਹੋਏ ਰਸੂਲ ਦੇ ਰੂਪ ਵਿਚ ਯਿਸੂ ਨਾਲ ਆਪਣੇ ਸਬੰਧ ਤੇ ਜ਼ੋਰ ਦੇ ਰਿਹਾ ਸੀ। ਰਿਚਰਡ ਐਮ. ਲੌਂਗਨੇਕਰ ਨੇ ਲਿਖਿਆ ਹੈ,

> ਸੋ ਉਹ ਚਿਤਾਵਨੀ ਦਿੰਦਾ ਹੈ ਕਿ ਅੱਗੇ ਤੋਂ ਕੋਈ ਉਸ ਨੂੰ ਪਰੇਸ਼ਾਨ ਨਾ ਕਰੇ ਕਿਉਂ ਜੋ ਉਹ ਮਸੀਹ ਦਾ ''ਦਾਗਿਆ ਹੋਇਆ ਬੰਦਾ'' ਹੈ, ਸਕਾਰਾਤਮਕ ਅਰਥ ਵਿਚ ਕਹੀਏ ਤਾਂ ਉਹ ਦਾਗ ਇਹ ਦਰਸਾਉਂਦੇ ਹਨ ਕਿ ਉਹ ਮਸੀਹ ਦੀ ਮਲਕੀਅਤ ਅਤੇ ਸੁਰੱਖਿਆ ਦੇ ਤਹਿਤ ਹੈ, ਅਤੇ ਨਕਾਰਾਤਮਕ ਅਰਥ ਵਿਚ ਇਹ ਕਿ ਜਿਹੜੇ ਲੋਕ ਉਸ ਨੂੰ ਸਤਾਉਣ ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਨੂੰ ਮਸੀਹ ਵੱਲੋਂ ਨਿਆਂ ਅਤੇ ਬਦਲਾ ਮਿਲੇਗਾ।[38]

ਇਕ ਅਰਥ ਵਿਚ ''ਯਿਸੂ ਦੇ ਦਾਗ'' ਵਾਕਅੰਸ਼ ਮਸੀਹ ਦੇ ''ਬੰਦੀ'' (*doulos*, ਡੂਲੋਸ) ਜਾਂ ''ਦਾਸ'' ਵਜੋਂ ਪੌਲੁਸ ਦੀ ਪਛਾਣ ਦਾ ਸੰਕੇਤ ਦਿੰਦਿਆਂ ਦੇਣ ਦਾ ਲਾਖਣਿਕ ਰੂਪ ਵਿਚ ਕੰਮ ਕਰਦਾ ਹੈ (ਰੋਮੀਆਂ 1:1)। ਪੁਰਾਣੇ ਜ਼ਮਾਨੇ ਵਿਚ ਗੁਲਾਮ ਲਈ ਆਪਣੇ ਹੱਥ ਜਾਂ ਮੱਥੇ ਉੱਤੇ ਆਪਣੇ ਮਾਲਕ ਦਾ ਦਾਗ ਲੁਆਉਣਾ ਆਮ ਗੱਲ ਸੀ।[39] ਪਰ ਇਕ ਹੋਰ ਅਰਥ ਇਹ ਭਾਸ਼ਾ ਬਿਲਕੁਲ ਸ਼ਾਬਦਿਕ ਹੈ; ਪੌਲੁਸ ਮਸੀਹ ਲਈ ਆਪਣੀ ਸੇਵਾ ਕਰਦਿਆਂ ਗੰਭੀਰ ਰੂਪ ਵਿਚ ਜ਼ਖ਼ਮੀ ਹੋਇਆ ਸੀ। ਯਿਸੂ ਨੇ ਉਸ ਨੂੰ ਨਿੱਜੀ ਤੌਰ ਤੇ ਗੁਲਾਮੀ ਦਾ ਠੱਪਾ ਨਹੀਂ ਲਾਇਆ ਸੀ, ਫਿਰ ਵੀ ਉਸ ਦੀ ਦੇਹ ਉੱਤੇ ਦਾਗ ਉਨ੍ਹਾਂ ਦੇ ਮਾਲਕ–ਗੁਲਾਮ ਸਬੰਧ ਦੀ ਤਸਦੀਕ ਕਰਦੇ ਹਨ। ਸਤਾਅ ਝੱਲਦਿਆਂ ਹੋਇਆਂ ਪੌਲੁਸ ਨੇ ਕਈ ਮੌਕਿਆਂ ਤੇ ਮਸੀਹ ਵਾਲੇ ਦੁੱਖ ਝੱਲੇ ਸਨ (2 ਕੁਰਿੰਥੀਆਂ 4:10; 6:4, 5; 11:23–28)। ਜੇ ਗਲਾਤੀਆਂ ਦੀ ਪੱਤਰੀ ਪਹਿਲੀ ਮਿਸ਼ਨਰੀ ਯਾਤਰਾ ਦੇ ਫ਼ੌਰਨ ਬਾਅਦ ਲਿਖੀ ਗਈ, ਤਾਂ ਪੌਲੁਸ ਦੇ ਧਿਆਨ ਵਿਚ ਲੁਸਤਰਾ ਵਿਚ ਪਥਰਾਅ ਕੀਤੇ ਜਾਣ ਵੇਲੇ ਜ਼ਖ਼ਮ ਅਤੇ ਦਾਗ ਹੋ ਸਕਦੇ ਹਨ (ਵੇਖੋ ਗਲਾਤੀਆਂ 1:6)। ਬਰਨਬਾਸ ਅਤੇ ਉਹ ਗਲਾਤੀਆ ਦੇ ਇਲਾਕੇ ਵਿੱਚੋਂ ਦੀ ਹੁੰਦਿਆਂ ਹੋਇਆਂ ਵਾਪਸ ਗਏ ਸਨ, ਇਸ ਕਰਕੇ ਭਾਈਆਂ ਨੇ ਉਸ ਦੇ ਦੁੱਖ ਦਾ ਸਬੂਤ ਵੇਖਿਆ ਹੋਵੇਗਾ (ਰਸੂਲਾਂ ਦੇ ਕਰਤੱਬ 14:19–28)।

''ਦਾਗ'' ਯੂਨਾਨੀ ਸ਼ਬਦ (*stigma*, ਸਟਿਗਮਾ) ਤੋਂ ਨਿੱਕਲਿਆ ਹੈ ਜਿਸ ਨੂੰ ਅੰਗ੍ਰੇਜ਼ੀ ਭਾਸ਼ਾ ਵਿਚ ਇਵੇਂ ਹੀ ਪੜ੍ਹਿਆ ਜਾਂਦਾ ਹੈ। ਅੰਗ੍ਰੇਜ਼ੀ ਭਾਸ਼ਾ ਦਾ ਸ਼ਬਦ ''*stigma*'' ਦੀ ਪਰਿਭਾਸ਼ਾ ''ਤੱਤੇ ਲੋਹੇ ਨਾਲ ਪਏ ਦਾਗ,'' ''ਠੱਪਾ,'' ''ਸ਼ਰਮ ਜਾਂ ਬਦਨਾਮੀ ਦਾ ਦਾਗ,'' ''ਪਛਾਣੀ ਜਾਣ ਵਾਲੀ ਬਿਮਾਰੀ,'' ਅਤੇ ''ਬਿਮਾਰੀ ਦੀ ਪਛਾਣ ਦੇ ਖ਼ਾਸ ਲੱਛਣ,'' ਦੇ ਰੂਪ ਵਿਚ ਪ੍ਰਭਾਸ਼ਿਤ ਕੀਤਾ ਜਾਂਦਾ ਹੈ। ਸਿਗਮਾ ਵਿਚ ਖ਼ਾਸ ਤੌਰ ਤੇ ਅਪਮਾਨ ਦੇ ਸੰਕੇਤ ਹਨ, ਭਾਵੇਂ ਉਹ ਨਸਲ ਉੱਤੇ ਅਧਾਰਿਤ ਹੋਣ, ਸਮਾਜਿਕ ਅਵਸਥਾ ਤੇ, ਬਿਮਾਰੀ ਉੱਤੇ ਜਾਂ ਕਿਸੇ ਦੇ ਕੰਮਾਂ ਜਾਂ ਸਬੰਧਾਂ ਤੇ। ਦਾਗਾਂ ਦਾ ਪੌਲੁਸ ਦਾ ਨਜ਼ਰੀਆ ਫ਼ਰਕ ਸੀ ਜਿਹੜਾ ਉਸ ਨੂੰ ਯਿਸੂ ਦੇ ਨਾਲ ਜੋੜਦਾ ਹੈ। ਹੋਰਨਾਂ ਨੇ ਭਾਵੇਂ ਉਨ੍ਹਾਂ ਤੋਂ ਇਨਕਾਰ ਕਰ ਦਿੱਤਾ ਹੋਵੇ ਪਰ ਉਸ ਨੇ ਇਨ੍ਹਾਂ ਦਾਗਾਂ ਨੂੰ ਮਸੀਹ ਦੇ ਗੁਲਾਮ ਵਜੋਂ ਵਫ਼ਾਦਾਰੀ ਨਾਲ ਕੀਤੀ ਜਾਣ ਵਾਲੀ ਆਪਣੀ ਸੇਵਾ ਦੀ ਗਵਾਹੀ ਦੇ ਰੂਪ ਵਿਚ ਵੇਖਿਆ ਸੀ।

ਪੌਲੁਸ ਦੇ (*stigma*) ਭਾਗ ਦਾਗ ਵਿਚ ਬਾਹਰੀ ਸੱਟਾਂ, ਚਾਬੁਕਾਂ ਦੇ ਨਿਸ਼ਾਨ ਅਤੇ ਜ਼ਖ਼ਮ ਹੋਣਗੇ ਜਿਹੜੇ ਉਸ ਦੇ ਸਰੀਰ ਉੱਤੇ ਪਏ ਹੋਏ ਸਨ ਅਤੇ ਇਸ ਗੱਲ ਦੀ ਤਸਦੀਕ ਕਰਦੇ ਸਨ ਕਿ ਉਸ ਨੇ ਮਸੀਹ ਦੇ ਵਫ਼ਾਦਾਰ ਸੇਵਕ ਹੋਣ ਕਰਕੇ ਦੁੱਖ ਪਾਇਆ ਸੀ (ਮੱਤੀ 5:10, 11; ਵੇਖੋ ਯਸਾਯਾਹ 53:3–5)। ਪੌਲੁਸ ਉਸ ''ਦਾਗ'' ਤੋਂ ਜਿਹੜਾ ਉਸ ਨੂੰ ਇਸ ਮਾਲਕ ਵਜੋਂ ਪਛਾਣ ਦੁਆਉਂਦਾ ਸੀ, ਸ਼ਰਮਸਾਰ ਨਹੀਂ ਸੀ। ਬਲਕਿ ਇਹ ਦਾਗ ਤਾਂ ਉਹਦੀ ਪਛਾਣ ਸਨ, ਕਿਉਂ ਜੋ ਉਸ ਨੇ ਹੋਰਨਾਂ ਸਭ ਚੀਜ਼ਾਂ ਦਾ ਨੁਕਸਾਨ ਝੱਲ ਕੇ ਉਨ੍ਹਾਂ ਨੂੰ ''ਕੂੜਾ'' ਮੰਨਿਆ ਸੀ, ਤਾਂ ਜੋ ਉਹ ''ਮਸੀਹ ਨੂੰ ਖਟ'' ਲਵੇ

ਅਤੇ ''ਉਸ ਵਿਚ ਪਾਇਆ'' ਜਾਵੇ। ਉਸ ਦੇ ''ਆਪਣੇ ਧਰਮ ਸਹਿਤ ਨਹੀਂ ਜਿਹੜਾ ਸ਼ਰ੍ਹਾ ਤੋਂ ਹੁੰਦਾ ਹੈ'' ਬਲਕਿ ਉਸ ਦੇ ''ਉਸ ਧਰਮ ਸਹਿਤ ਜਿਹੜਾ ਮਸੀਹ ਯਿਸੂ ਉੱਤੇ ਨਿਹਚਾ ਕਰਨ ਤੋਂ ਪਾਈਦਾ ਹੈ ਅਰਥਾਤ ਉਸ ਧਰਮ ਸਹਿਤ ਜਿਹੜਾ ਪਰਮੇਸ਼ੁਰ ਦੀ ਵੱਲੋਂ ਨਿਹਚਾ ਦੇ ਰਾਹੀਂ ਪ੍ਰਾਪਤ ਹੁੰਦਾ ਹੈ'' ਉਹ ਮਸੀਹ ਨੂੰ ਅਤੇ ''ਉਹਦੇ ਜੀ ਉੱਠਣ ਦੀ ਸ਼ਕਤੀ ਅਤੇ ਉਹਦਿਆਂ ਦੁੱਖਾਂ ਦੀ ਸਾਂਝ ਨੂੰ'' ਚੰਗੀ ਤਰ੍ਹਾਂ ''ਜਾਣ ਕੇ ਉਹਦੀ ਮੌਤ ਦੇ ਸਰੂਪ ਨਾਲ ਚਾਹੁੰਦਾ ਸੀ'' ਜਾਵਾਂ (ਫ਼ਿਲਿੱਪੀਆਂ 3:7–10)।

**''ਹੇ ਭਰਾਵੋ, ਪ੍ਰਭੂ ਦੀ ਕਿਰਪਾ ਤੁਹਾਡੇ ਨਾਲ ਰਹੇ!''** (6:18)

**[18]ਹੇ ਭਰਾਵੋ, ਸਾਡੇ ਪ੍ਰਭੂ ਯਿਸੂ ਮਸੀਹ ਦੀ ਕਿਰਪਾ ਤੁਹਾਡੇ ਆਤਮਾ ਦੇ ਨਾਲ ਰਹੇ। ਆਮੀਨ।**

**ਆਇਤ 18.** ਪੌਲੁਸ ਨੇ ਇਹ ਲਿਖਦਿਆਂ ਖ਼ਤ ਨੂੰ ਖ਼ਤਮ ਕੀਤਾ, **ਹੇ ਭਰਾਵੋ, ਸਾਡੇ ਪ੍ਰਭੂ ਯਿਸੂ ਮਸੀਹ ਦੀ ਕਿਰਪਾ ਤੁਹਾਡੇ ਆਤਮਾ ਦੇ ਨਾਲ ਰਹੇ। ਆਮੀਨ।** 6:16 ਵਾਲੇ ''ਸ਼ਾਂਤੀ'' ਸ਼ਬਦ ਵਾਂਗ ਇਹ ਸ਼ਬਦ ਸਾਨੂੰ 1:3 ਵਿਚ ਪੌਲੁਸ ਦੇ ਇਨ੍ਹਾਂ ਭਾਈਆਂ ਨੂੰ ਸ਼ੁਰੂਆਤੀ ਸਲਾਮ ਵਿਚ ਫੇਰ ਵਾਪਸ ਜਾਣ ਨੂੰ ਆਖਦੇ ਹਨ: ''ਤੁਹਾਨੂੰ *ਕਿਰਪਾ* ਅਤੇ ਸ਼ਾਂਤੀ ਪਿਤਾ ਪਰਮੇਸ਼ੁਰ ਦੀ ਅਤੇ ਸਾਡੇ *ਪ੍ਰਭੂ ਯਿਸੂ ਮਸੀਹ* ਦੀ ਵੱਲੋਂ ਮਿਲਦੀ ਰਹੇ।'' ''ਆਤਮਾ'' ਸ਼ਬਦ ਸਾਫ਼ ਤੌਰ ਤੇ ਗਲਾਤੀਆ ਦੀਆਂ ਇਨ੍ਹਾਂ ਕਲੀਸੀਆਵਾਂ ਦੇ ਸਭ ਮੈਂਬਰਾਂ ਨੂੰ ਸੰਬੋਧਨ ਕਰਨ ਲਈ ਵਰਤਿਆ ਗਿਆ ਸਮੂਹਕ ਇਕਵਚਨ ਹੈ। ਰਸੂਲ ਨੇ ਇਸ ਉਮੀਦ ਨਾਲ ਕਿ ਉਹ ਉਸ ਦੀਆਂ ਸਿੱਖਿਆਵਾਂ ਨੂੰ ਮੰਨਣਗੇ, ਸਕਾਰਾਤਮਕ ਟਿੱਪਣੀ ਨਾਲ ਆਪਣੇ ਖ਼ਤ ਨੂੰ ਸਮਾਪਤ ਕੀਤਾ। ਉਸ ਨੇ ਮਸੀਹ ਦੀ ਕਿਰਪਾ ਤੇ ਜ਼ੋਰ ਦਿੱਤਾ, ਜਿਸ ਵਿਚ ਉਨ੍ਹਾਂ ਨੇ ਭਰੋਸਾ ਰੱਖਣ ਦੀ ਲੋੜ ਸੀ, ਅਤੇ ਉਨ੍ਹਾਂ ਨੂੰ ''ਸਾਡੇ ਪ੍ਰਭੂ'' ਆਖ ਕੇ ਉਨ੍ਹਾਂ ਨੂੰ ਯਕੀਨ ਦੁਆਇਆ ਅਤੇ ਉਨ੍ਹਾਂ ਨੂੰ ''ਭਰਾਵੋ'' ਆਖਿਆ। ਖ਼ਤ ਦਾ ਅੰਤ ਉਸ ਨੇ ''ਆਮੀਨ'' ਆਖਦਿਆਂ ਕੀਤਾ।

## ਪ੍ਰਾਸੰਗਿਕਤਾ

**ਭਰਾਵਾਂ ਨੂੰ ਬਹਾਲ ਕਰਨ ਦੀ ਰੀਤ** (6:1)

6:1 ਵਿਚ ਪੌਲੁਸ ਨੇ ਉਸ ਤਰੀਕੇ ਉੱਤੇ ਫੋਕਸ ਕੀਤਾ ਜਿਸ ਵਿਚ ਇਕ ਆਦਮੀ ਨੂੰ ਕਿਸੇ ਭਾਈ ਦੇ ਜਿਹੜਾ ਪਾਪ ਵਿਚ ਡਿੱਗ ਪਿਆ ਹੋਵੇ, ਸੁਧਾਰਨ ਲਈ ਖ਼ੁਦਾ ਦਾ ਕੰਮ ਕਰਨ ਲਈ ਜਾਣਾ ਚਾਹੀਦਾ ਹੈ। ਪਾਪ ਭਾਵੇਂ ਜਿਹੜਾ ਜੋ ਵੀ ਹੋਵੇ, ਸੁਧਾਰਣ ਵਾਲੇ ਦਾ ਰਵੱਈਆ ਯਿਸੂ ਦੇ ਵਰਗਾ ਹੋਣਾ ਚਾਹੀਦਾ ਹੈ ਜਿਹੜਾ ਗੁਆਚਿਆਂ ਹੋਇਆਂ ਨੂੰ ਲੱਭਣ ਅਤੇ ਉਨ੍ਹਾਂ ਨੂੰ ਬਚਾਉਣ ਲਈ ਆਇਆ। ਜਿੱਥੇ ਪਿਆਰ ਹੈ, ਉੱਥੇ ਸਜ਼ਾ ਦੇਣ ਦੀ ਜਾਂ ਪਾਪ ਨਾਲ ਜ਼ਖ਼ਮੀ ਭਰਾ ਨੂੰ ਕੱਢਣ ਦੀ ਚਾਹ ਹੋ ਹੀ ਨਹੀਂ ਸਕਦੀ। ਇਸ ਦੇ ਉਲਟ ਇਕ ਪ੍ਰੇਮੀ ਮਸੀਹੀ ਨੂੰ ''ਅਜਿਹੇ ਵਿਅਕਤੀ ਨੂੰ ਨਰਮਾਈ ਦੇ ਸੁਭਾਅ ਨਾਲ ਸੁਧਾਰਣ ਲਈ ਜਨੂਨ ਨਾਲ ਪ੍ਰੇਰਣਾ ਮਿਲੇਗੀ।''[40]

ਕਿਸੇ ਅਜਿਹੇ ਭਾਈ ਜਿਸ ਨੇ ਪਾਪ ਕੀਤਾ ਹੈ, ਸੁਧਾਰਣ ਦੀ ਕੋਸ਼ਿਸ਼ ਕਰਨ ਵਾਲੇ ਮਸੀਹ ਲਈ ਕਿਹੋ ਜਿਹੀ ਅਜ਼ਮਾਇਸ਼ਾਂ ਖ਼ਤਰਾ ਬਣ ਸਕਦੀਆਂ ਹਨ? ਪੌਲੁਸ ਨੇ ਇਹ ਨਹੀਂ ਦੱਸਿਆ, ਪਰ ਅਸੀਂ ਅਜਿਹੇ ਨਾਜ਼ੁਕ ਹਾਲਾਤ ਵਿਚ ਕਈ ਖ਼ਤਰਿਆਂ ਬਾਰੇ ਵਿਚਾਰ ਕਰ ਸਕਦੇ ਹਾਂ। ਕਈ ਸੰਭਾਵਨਾਵਾਂ ਵਿਚ, ਹੇਠ ਲਿਖੀਆਂ ਗੱਲਾਂ ਤੋਂ ਬਚਿਆ ਜਾਣਾ ਜ਼ਰੂਰੀ ਹੈ:

ਰੂਹਾਨੀ ਅਤੇ ਦੁਆ ਨਾਲ ਤਿਆਰੀ ਨਾ ਕਰ ਸਕਣਾ।

ਸੁਧਾਰਣ ਵਾਲੇ ਦੇ ਮਕਸਦ ਉੱਤੇ ਧੱਬਾ ਲਾਉਣ ਲਈ ਪਾਪੀ ਨਾਲ ਹਮਦਰਦੀ ਵਾਲੇ ਨਿੱਜੀ ਰਿਸ਼ਤਿਆਂ ਨੂੰ ਵਿਚ ਆਉਣ ਦੇਣਾ। ਗਲਤੀ ਕਰਨ ਵਾਲੇ ਭਾਈ ਨੂੰ ਮਿਲਣ ਵਾਲੇ ਭਾਈ ਲਈ ਉਸ ਨੁਕਸਾਨ ਨੂੰ ਦਾ ਅੰਦਾਜ਼ਾ ਲਾਉਣਾ ਜ਼ਰੂਰੀ ਹੈ ਜਿਹੜਾ ਉਸ ਦੇ ਪਾਪ ਨਾਲ ਕਲੀਸੀਆ ਅਤੇ ਪ੍ਰਭੂ ਦੇ ਪਵਿੱਤਰ ਨਾਮ ਨੂੰ ਹੋ ਰਿਹਾ ਹੈ।

ਜਨੂਨੀ ਜੋਸ਼ ਨਾਲ ਨਰਾਜ਼ਗੀ ਨੂੰ ਵਿਖਾਉਣਾ ਜਿਸ ਨੂੰ ਕਾਹਲੀ ਜਾਂ ਕ੍ਰੋਧ ਦੱਸਿਆ ਜਾ ਸਕੇ ਅਜਿਹਾ ਮੁਜ਼ਾਹਿਰਾ ਪਾਪੀ ਦੇ ਮਨ ਨੂੰ ਸਖ਼ਤ ਕਰਕੇ ਉਸ ਨੂੰ ਵਿਰੋਧੀ ਜਾਂ ਬਾਗੀ ਬਣਨ ਲਈ ਉਕਸਾ ਸਕਦਾ ਹੈ।

ਸੁਧਾਰਣ ਵਾਲੇ ਵੱਲੋਂ ਕਿਸੇ ਵੀ ਤਰ੍ਹਾਂ ਦੇ ਘੁਮੰਡੀ ਜਾਂ ਆਪਣੇ ਆਪ ਵਿਚ ਸਹੀ ਹੋਣ ਦਾ ਵਿਖਾਵਾ।

ਇਹ ਭੁੱਲ ਜਾਣਾ ਕਿ ਸਾਰੇ ਪੱਖ ਪਾਪੀਆਂ ਦੀ ਸੰਗਤੀ ਹਨ ਜਿਹੜੇ ਖ਼ੁਦਾ ਦੀ ਕਿਰਪਾ ਅਤੇ ਰਹਿਮ ਤੇ ਨਿਰਭਰ ਹਨ।

ਇਨ੍ਹਾਂ ਵਿੱਚੋਂ ਕਿਸੇ ਵੀ ਗੱਲ ਵਿਚ ਨਾਕਾਮ ਹੋਣਾ ਕਲੀਸੀਆ ਦੇ ਅੜੀਅਲ ਭਰਾ ਤਕ ਪਹੁੰਚਣ ਤਕ ਕਿਸੇ ਵੀ ਕੋਸ਼ਿਸ਼ ਵਿਚ ਰੁਕਾਵਟ ਹੋਵੇਗੀ। ਇਹ ਇਕ ਅਜਿਹਾ ਕੰਮ ਹੈ ਜਿਹੜਾ ਸਾਰਿਆਂ ਨੂੰ ਹੀ ਬੜੀ ਹਲੀਮੀ ਨਾਲ ਕਰਨਾ ਚਾਹੀਦਾ ਹੈ। ਕਿਸੇ ਨੂੰ ਇਮਾਨਦਾਰੀ ਨਾਲ ਮਸੀਹੀ ਸੇਵਾ ਅਤੇ ਸੰਗਤੀ ਵਿਚ ਵਾਪਸ ਲਿਆਉਣ ਲਈ, ਗਲਤ ਤਰੀਕਾ ਕਿਸੇ ਰੂਹ ਨੂੰ ਜਿੱਤਣ ਦੇ ਮੌਕੇ ਨੂੰ ਹੱਥੋਂ ਗੁਆ ਸਕਦਾ ਹੈ।

ਇਨ੍ਹਾਂ ਸੁਝਾਵਾਂ ਨੂੰ ਨਾ ਸਿਰਫ਼ ਪਾਪ ਵਿਚ ਫਸੇ ਕਿਸੇ ਮੈਂਬਰ ਦੇ ਸ਼ੁਰੂ ਵਿਚ ਸੰਪਰਕ ਕਰਨ ਵੇਲੇ ਬਲਕਿ ਬਾਅਦ ਵਿਚ ਵੀ ਚਿਤਾਵਨੀਆਂ ਅਤੇ ਸਿੱਖਿਆਵਾਂ ਦੇਣ ਦੇ ਸੰਦਰਭ ਦੇ ਸਬੰਧ ਵਿਚ ਵਰਤਿਆ ਜਾਣਾ ਚਾਹੀਦਾ ਹੈ। ਪਿਆਰ ਭਰਿਆ ਮਨ ਹਮੇਸ਼ਾ ਹੋਣਾ ਜ਼ਰੂਰੀ ਹੈ ਕਿਸੇ ਭਟਕੇ ਹੋਏ ਮਸੀਹੀ ਕੋਲ ਖ਼ੁਦਾ ਅਤੇ ਕਲੀਸੀਆ ਦੀ ਚਿੰਤਾ ਨੂੰ ਲੈ ਕੇ ਜਾਣਾ ਜ਼ਰੂਰੀ ਹੈ, ਜਿਸ ਵਿਚ ਪਾਪੀ ਦੀ ਮਕਤੀ ਦੀ ਇੱਛਾ ਸੱਚੇ ਦਿਲੋਂ ਕੀਤੀ ਜਾਵੇ ਇਸ ਮਕਸਦ ਨੂੰ ਹਾਸਲ ਕਰਨ ਲਈ ਅਸੀਂ ਭਾਵੇਂ ਕਿੰਨੀਆਂ ਵੀ ਪ੍ਰੇਮ ਭਰੀਆਂ ਜਾਂ ਧੀਰਜ ਨਾਲ ਕੋਸ਼ਿਸ਼ਾਂ ਕਰੀਏ, ਪਰ ਉਸ ਨੂੰ ਮੰਨਣਾ ਜਾਂ ਨਾ ਮੰਨਣਾ ਅਖ਼ੀਰ ਪਾਪੀ ਦੇ ਮਨ ਉੱਤੇ ਹੈ।

**ਸੰਗਤੀ ਵਿੱਚੋਂ ਕੱਢ ਦੇਣਾ** (6: 1)

ਜਦ ਕਲੀਸੀਆ ਵਿਚ ਕਿਸੇ ਭਾਈ ਜਾਂ ਭੈਣ ਨੂੰ ਜਿਸ ਨੇ ਪਾਪ ਕੀਤਾ ਹੋਵੇ, ਸੁਧਾਰਣ ਦੀ ਕੋਸ਼ਿਸ਼ ਕਰਦੀ ਹੈ ਤਾਂ ਕਈ ਵਾਰ ਉਹ ਤੌਬਾ ਕਰਨ ਤੋਂ ਇਨਕਾਰ ਕਰ ਸਕਦਾ/ਸਕਦੀ ਹੈ। ਅਜਿਹੇ ਮਾਮਲਿਆਂ ਵਿਚ ਉਸ ਮਸੀਹੀ ਨੂੰ ਇੱਜੜ ਵਿਚ ਵਾਪਸ ਲਿਆਉਣ ਦੀਆਂ ਬਾਰ-ਬਾਰ ਕੋਸ਼ਿਸ਼ਾਂ ਕੀਤੀਆਂ ਜਾਣੀਆਂ ਜ਼ਰੂਰੀ ਹਨ। ਜੇ ਉਹ ਪਹਿਲੀ ਤਾੜਨਾ ਨੂੰ ਨਾ ਮੰਨੇ ਤਾਂ ਉਸ ਅੜੀਅਲ ਮੈਂਬਰ ਕੋਲ ਹੋਰਨਾਂ ਮਸੀਹੀਆਂ ਨੂੰ ਜਾ ਕੇ ਪ੍ਰੇਮ ਨਾਲ ਗੱਲ ਕਰਨੀ ਚਾਹੀਦੀ ਹੈ (ਵੇਖੋ ਮੱਤੀ 18: 15-17; ਯਾਕੂਬ 5: 19, 20)। ਜੇ ਸਾਰੀਆਂ ਕੋਸ਼ਿਸ਼ਾਂ ਨਾਕਾਮ ਹੋ ਜਾਣ ਤਾਂ ਕਲੀਸੀਆ ਦਾ ਅਨੁਸ਼ਾਸਨ ਲਾਗੂ ਕੀਤਾ ਜਾਵੇ। ਇਹ ਹੁਕਮ ਅੱਜ ਵੀ ਕਲੀਸੀਆ ਉੱਤੇ ਲਾਗੂ ਹੁੰਦਾ ਹੈ। ਇਹ ਇਕ ਅਜਿਹੀ ਜ਼ਿੰਮੇਵਾਰੀ ਹੈ ਜਿਹੜੀ ਨਾ ਸਿਰਫ਼ ਕਲੀਸੀਆ ਦੇ ਰਹਿਨੁਮਾਵਾਂ ਉੱਤੇ ਹੈ ਬਲਕਿ ਪੂਰੀ ਮੰਡਲੀ ਉੱਤੇ ਹੈ।[41] ਜਦ ਮੈਂਬਰ ਇਸ ਕਾਰਜ ਨੂੰ ਸਮਰਥਨ ਦੇਣ ਲਈ ਤਿਆਰ ਨਾ ਹੋਣ ਤਾਂ ਇਸ ਮਕਸਦ ਨੂੰ ਧੱਕਾ ਲੱਗੇਗਾ।

*ਅਜਿਹੇ ਕਿਸੇ ਵੀ ਮੈਂਬਰ ਨਾਲੋਂ ਜਿਹੜਾ ਪਾਪ ਵਿਚ ਜ਼ਿੰਦਗੀ ਬਿਤਾ ਰਿਹਾ ਹੈ, ਜਿਹੜਾ ਨਾ ਸਿਰਫ਼ ਉਹਦੇ ਆਪਣੇ ਲਈ ਬਲਕਿ ਪੂਰੀ ਕਲੀਸੀਆ ਦੀ ਪਵਿੱਤਰਤਾਈ ਅਤੇ ਨੇਕਨੀਤੀ ਲਈ ਖ਼ਤਰਾ ਹੈ, ਸੰਗਤੀ ਛੱਡ ਦੇਣੀ ਚਾਹੀਦੀ ਹੈ।* ਕੁਰਿੰਥੁਸ ਦੀ ਕਲੀਸੀਆ ਤੋਂ ਪੌਲੁਸ ਨੇ ਪੁੱਛਿਆ, ''ਕੀ ਤੁਸੀਂ ਨਹੀਂ ਜਾਣਦੇ ਜੋ ਥੋੜਾ ਜਿਹਾ ਖਮੀਰ ਸਾਰੀ ਤੌਣ ਨੂੰ ਖਮੀਰਿਆਂ ਕਰ ਦਿੰਦਾ ਹੈ?'' (1 ਕੁਰਿੰਥੀਆਂ 5: 6ੳ)। ਉਸ ਹਵਾਲੇ ਵਾਲੇ ਭਾਈ ਦਾ ਪਾਪ ਕਲੰਕ ਲਾਉਣ ਵਾਲਾ ਸੀ। ਉਹ ਆਪਣੇ ਪਿਤਾ ਦੀ

ਪਤਨੀ ਨਾਲ ਸਰੀਰਕ ਸਬੰਧ ਬਣਾ ਕੇ ਅਜਿਹੀ ਰੀਤ ਚਲਾ ਰਹਿਆ ਸੀ ਜਿਹੜੀ ''ਪਰਾਈਆਂ ਕੌਮਾਂ ਵਿਚ ਭੀ ਨਹੀਂ ਹੁੰਦੀ'' (1 ਕੁਰਿੰਥੀਆਂ 5:1)। ਆਪਣੇ ਰੂਪਕ ਬਾਰੇ ਕੋਈ ਸ਼ੱਕ ਨਾ ਰਹਿਣ ਦੇ ਕੇ ਪੌਲੁਸ ਨੇ ਮੰਗ ਕੀਤੀ ਕਿ ''ਪੁਰਾਣੇ ਖਮੀਰ ਨੂੰ ਕੱਢ ਸੁੱਟੋ ਭਈ ਜਿਵੇਂ ਤੁਸੀਂ ਪਤੀਰੇ ਹੋਏ ਹੋ ਤਿਵੇਂ ਤੁਸੀਂ ਸੱਜਰੀ ਤੌਣ ਬਣੋ ਕਿਉਂ ਜੋ ਸਾਡਾ ਪਸਾਹ ਦਾ ਲੇਲਾ ਅਰਥਾਤ ਮਸੀਹ ਬਲੀਦਾਨ ਹੋਇਆ'' (1 ਕੁਰਿੰਥੀਆਂ 5:7)। ਇਹ ਯਕੀਨੀ ਬਨਾਉਣ ਲਈ ਕਿ ਉਹਦੀ ਗੱਲ ਦਾ ਮਤਲਬ ਸਮਝ ਆ ਗਿਆ ਹੈ ਉਹਨੇ ਭਾਈਆਂ ਨੂੰ ਯਾਦ ਕਰਾਉਂਦਿਆਂ ਸਾਫ਼ ਸਾਫ਼ ਕਿਹਾ ਕਿ ਉਹਨੇ ਪਹਿਲੇ ਨਿਰਦੇਸ਼ ਦਿੱਤਾ ਸੀ ਕਿ ''ਹਰਾਮਕਾਰਾਂ ਦੀ ਸੰਗਤ ਨਾ ਕਰਨੀ *[sunanamignumi*, ਸੁਨਾਨਾਮਿਗੁਨੋਮੀ*]*'' (1 ਕੁਰਿੰਥੀਆਂ 5:9)। ਯੂਨਾਨੀ ਸ਼ਬਦ ਇਹ ਵਿਚਾਰ ਦਿੰਦਾ ਹੈ ਕਿ ਉਹ ਅਜਿਹੇ ਕਿਸੇ ਵਿਅਕਤੀ ਨਾਲ ਨਾ ''ਘੁਲਣ ਮਿਲਣ'' ਜਾਂ ''ਕਾਰ ਵਿਹਾਰ (ਨਾ) ਕਰਨ।''

*ਅਜੋਕੀਆਂ ਮੰਡਲੀਆਂ ਦੇ ਬਹੁਤ ਸਾਰੇ ਮੈਂਬਰਾਂ ਨੇ ਸੰਗਤੀ ਤੋਂ ਇਸ ਤਰ੍ਹਾਂ ਨਾਲ ਕੱਢੇ ਜਾਣਾ ਕਦੇ ਨਹੀਂ ਵੇਖਿਆ।* ਜੇ ਵੇਖਿਆ ਹੋਵੇ ਤਾਂ ਹਾਲਾਤ ਤਕਰੀਬਨ ਤਕਰੀਬਨ ਕਲੰਕ ਲਾਉਣ ਵਾਲੇ ਮਾਮਲੇ ਵਰਗੇ ਹੀ ਹੋਣਗੇ। ਪਰ ਪੌਲੁਸ ਦੇ ਨਿਰਦੇਸ਼ ਸਿਰਫ਼ ਹਰਾਮਕਾਰੀ ਦੇ ਕੁਝ ਮਾਮਲਿਆਂ ਤਕ ਹੀ ਸੀਮਤ ਨਹੀਂ ਸਨ (1 ਕੁਰਿੰਥੀਆਂ 5:11)। ''ਹਰਾਮਕਾਰ'' ਦੇ ਨਾਲ ਨਾਲ ਉਸ ਨੇ ਲੋਭੀ, ਮੂਰਤੀਪੂਜਕ ਜਾਂ ਗਾਲਾਂ ਕੱਢਣ ਵਾਲੇ, ਸ਼ਰਾਬੀ ਅਥਵਾ ਲੁਟੇਰੇ ਦਾ ਵੀ ਨਾਂਅ ਲਿਆ। ਉਸ ਨੇ ਇਸ ਹੁਕਮ ਨਾਲ ਗੱਲ ਖ਼ਤਮ ਕੀਤੀ ਜਿਸ ਨੂੰ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ: ''ਪਰ ਬਾਹਲਿਆਂ ਦਾ ਪਰਮੇਸ਼ੁਰ ਨਿਆਉਂ ਕਰਦਾ ਹੈ। ਤੁਸੀਂ ਉਸ ਕੁਕਰਮੀ ਨੂੰ ਆਪਣੇ ਵਿੱਚੋਂ ਛੇਕ ਦਿਓ'' (1 ਕੁਰਿੰਥੀਆਂ 5:13)।

**ਵਿਸੇਸ਼ ਅਧਿਐਨ: ''ਮਸੀਹ ਦੀ ਸ਼ਰ੍ਹਾ''** (6:2)

ਨਵੇਂ ਨੇਮ ਵਿਚ ਗਲਾਤੀਆਂ 6:2 ਦੇ ਬਾਅਦ ''ਮਸੀਹ ਦੀ ਸ਼ਰ੍ਹਾ'' ਵਾਕਅੰਸ਼ ਸਿਰਫ਼ ਇੱਕੋ ਵਾਰ 1 ਕੁਰਿੰਥੀਆਂ 9:21 ਮਿਲਦਾ ਹੈ। NASB ਵਿਚ ਕੁਰਿੰਥੀਆਂ ਵਿਚ ਇਸ ਦਾ ਅਨੁਵਾਦ ਇਵੇਂ ਕੀਤਾ ਗਿਆ ਹੈ, ''ਸ਼ਰ੍ਹਾਹੀਣਾਂ ਲਈ, *[*ਮੈਂ*]* ਸ਼ਰ੍ਹਾਹੀਣ *[*ਬਣ ਗਿਆ*]*, ਭਾਵੇਂ ਖ਼ੁਦਾ ਦੀ ਸ਼ਰ੍ਹਾ ਦੇ ਬਗੈਰ ਨਹੀਂ ਸਾਂ ਪਰ ਮਸੀਹ ਦੀ ਸ਼ਰ੍ਹਾ ਦੇ ਅਧੀਨ, ਤਾਂ ਜੋ ਮੈਂ ਉਨ੍ਹਾਂ ਨੂੰ ਜਿੱਤ ਸਕਾਂ ਜਿਹੜੇ ਸ਼ਰ੍ਹਾਹੀਣ ਹਨ।'' NLT ਵਿਚ ਇਸ ਦਾ ਅਨੁਵਾਦ ਹੈ ''... ਮੈਂ ਖ਼ੁਦਾ ਦੀ ਸ਼ਰ੍ਹਾ ਨੂੰ ਨਜ਼ਰਅੰਦਾਜ਼ ਨਹੀਂ ਕਰਦਾ; ਮੈਂ ਮਸੀਹ ਦੀ ਸ਼ਰ੍ਹਾ ਨੂੰ ਮੰਨਦਾ ਹਾਂ।'' ਇਕ ਯਹੂਦੀ ਮਸੀਹੀ ਦੇ ਰੂਪ ਵਿਚ ਪੌਲੁਸ ਗੈਰਕੌਮਾਂ ਕੋਲ ਮਸੀਹ ਦਾ ਮੁਕਤੀ ਦਾ ਸੰਦੇਸ਼ ਲੈ ਕੇ ਗਿਆ। ਉਹ ਆਪਣੇ ਆਪ ਨੂੰ ''ਖ਼ੁਦਾ ਦੀ ਸ਼ਰ੍ਹਾ ਦੇ ਬਗੈਰ ਨਹੀਂ'' ਪਰ ''ਮਸੀਹ ਦੀ ਸ਼ਰ੍ਹਾ'' ਦੇ ਅਧੀਨ ਮੰਨਦਾ ਸੀ।[42]

1 ਕੁਰਿੰਥੀਆਂ 9:21 ਵਿਚ ''ਮਸੀਹ ਦੇ ਭਾਣੇ ਸ਼ਰ੍ਹਾ ਦੇ ਅਧੀਨ'' (*ennomos Christou,* ਇਨੋਮਸ ਕ੍ਰਿਸਟੋ) ਵਾਕਅੰਸ਼ ਦਾ ਅਰਥ ਕਈ ਟੀਕਾਕਾਰ ''ਇੰਜੀਲ ਦੇ ਅਧੀਨ'' ਸਮਝਦੇ ਹਨ। ''ਮਸੀਹ ਦੀ ਸ਼ਰ੍ਹਾ'' ਨਵੇਂ ਨੇਮ ਦਾ ਪੂਰਾ ਸੰਦੇਸ਼ ਹੈ, ਸਿਰਫ਼ ''ਮਸੀਹ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੀ ਬੁਨਿਆਦੀ ਖੁਸ਼ਖ਼ਬਰੀ'' ਹੀ ਨਹੀਂ (1 ਕੁਰਿੰਥੀਆਂ 15:1–4)। ਇਸ ਵਿਆਖਿਆ ਦੇ ਅਨੁਸਾਰ ਇਸ ਵਿਚ ਨਵੇਂ ਨੇਮ ਵਿਚ ਪਾਈਆਂ ਜਾਣ ਵਾਲੀਆਂ ਸਾਰੀਆਂ ਬਰਕਤਾਂ, ਵਾਇਦੇ, ਜ਼ਿੰਮੇਵਾਰੀਆਂ, ਸਿੱਖਿਆਵਾਂ (ਡਾਕਟ੍ਰਿਨਾਂ) ਆ ਜਾਂਦੀਆਂ ਹਨ ਜੋ ਕਿ ਯਿਸੂ ਵੱਲੋਂ ਆਪਣੇ ਚੇਲਿਆਂ ਨੂੰ ਵਾਅਦਾ ਕੀਤੀ ਸਾਰੀ ''ਸਚਿਆਈ'' ਹੈ (ਯੂਹੰਨਾ 16:12, 13)। ਪਰ ਇਹ ਪੱਕਾ ਨਹੀਂ ਹੈ ਕਿ ਪੌਲੁਸ ਵੱਲੋਂ ''ਮਸੀਹ ਦੀ ਸ਼ਰ੍ਹਾ'' ਵਾਕਅੰਸ਼ ਦੀ ਵਰਤੋਂ ਇਸੇ ਅਰਥ ਵਿਚ ਕੀਤੀ ਗਈ ਜਾਂ ਨਹੀਂ। ਵਧੇਰੇ ਸੰਭਾਵਨਾ ਇਹੀ ਹੈ ਕਿ ਉਸ ਨੇ ''ਸ਼ਰ੍ਹਾ'' ਪੁਰਾਣੇ ਨੇਮ ਦੀ ਸ਼ਰ੍ਹਾ ਤੋਂ ਅੱਡ ਚੁਣਿਆ।

ਨਾਲੇ ਯੂਨਾਨੀ ਵਾਕਅੰਸ਼ ਦਾ ਅਨੁਵਾਦ ਕਰਨ ਲਈ ਹੋ ਸਕਦਾ ਹੈ ਕਿ ''ਭਾਣੇ'' ਸ਼ਬਦ ਢੁਕਵਾਂ ਉਪਸਰਗ ਨਾ ਹੋਵੇ। *Ennomos* ਸ਼ਬਦ ਅਗੇਤਰ (*en* ਐਨ, ''ਵਿਚ'') ਅਤੇ ਨਾਉਂ (*nomos*,

''ਸ਼ਰ੍ਹਾ'') ਨੂੰ ਮਿਲਾ ਕੇ ਬਣਦਾ ਹੈ ਅਤੇ ਇਸ ਦੀ ਪਰਿਭਾਸ਼ਾ ''ਸ਼ਰ੍ਹਾ ਦੇ ਅੰਦਰ ਰੱਖਣਾ,'' ''ਠੀਕ'' ਅਤੇ ''ਸ਼ਰ੍ਹਾ ਦੇ ਅਧੀਨ'' ਦੇ ਰੂਪ ਵਿਚ ਕੀਤੀ ਗਈ ਹੈ।[43] *Ennomos* ਸ਼ਬਦ (*anomos* ਅਨੋਮੋਸ, ''ਕੋਈ ਸ਼ਰ੍ਹਾ ਨਾ ਹੋਣਾ'') ਦਾ ਉਲਟ ਸ਼ਬਦ ਹੈ ਅਤੇ ਇਸ ਦਾ ਅਰਥ ''ਸ਼ਰ੍ਹਾ ਦੇ ਅਨੁਸਾਰ'' ਹੈ। ਲੋਕਾਂ ਲਈ ਵਰਤੇ ਜਾਣ ਤੇ ਇਹ ਉਨ੍ਹਾਂ ਲੋਕਾਂ ਦਾ ਵਰਣਨ ਕਰਦਾ ਹੈ ਜਿਹੜੇ ''ਧਰਮੀ'' ਜਾਂ ''ਇਮਾਨਦਾਰ'' ਹਨ।[44]

ਇਕ ਲੇਖਕ ਦੇ ਰੂਪ ਵਿਚ ਪੌਲੁਸ ਉਸ ਵੱਲੋਂ ਵਰਤੇ ਗਏ ਸ਼ਬਦਾਂ ਬਾਰੇ ਬੜਾ ਚੌਕਸ ਸੀ। ਕਈ ਜਗ੍ਹਾ ਉਸ ਨੇ ''ਸ਼ਰ੍ਹਾ ਦੇ ਅਧੀਨ'' ਹੋਣ ਦੀ ਗੱਲ ਕੀਤੀ ਅਤੇ ਜੇ ਉਹ ਕਹਿਣਾ ਚਾਹੁੰਦਾ ਸੀ ਕਿ ਉਹ ਮਸੀਹ ਦੀ ''ਸ਼ਰ੍ਹਾ ਦੇ ਅਧੀਨ'' ਹੈ ਤਾਂ ਉਹ ਬੜੀ ਅਸਾਨੀ ਨਾਲ *huponomon* (ਹੁਪੋ ਨੋਮੋਨ) ਜਾਂ ਇਸ ਨਾਲ ਮਿਲਦਾ ਜੁਲਦਾ ਕੋਈ ਸ਼ਬਦ ਵਰਤ ਸਕਦਾ ਸੀ, ਪਰ ਇੱਥੇ ਉਸ ਨੇ ਅਜਿਹਾ ਨਹੀਂ ਕੀਤਾ। ਉਸ ਨੇ ਇਸ ਨਿਰਾਲੇ ਸਬਦ *ennomos* ਨੂੰ ਕਿਉਂ ਚੁਣਿਆ ਜਿਹੜਾ ਨਵੇਂ ਨੇਮ ਵਿਚ ਸਿਰਫ਼ ਦੋ ਵਾਰ (ਰਸੂਲਾਂ ਦੇ ਕਰਤੱਬ 19:39; 1 ਕੁਰਿੰਥੀਆਂ 9:21) ਅਤੇ LXX ਵਿਚ ਇੱਕੋ ਵਾਰ ਮਿਲਦਾ ਹੈ?

*ਦੋ ਨੇਮਾਂ ਵਿਚਕਾਰ ਫ਼ਰਕ।* ਪ੍ਰਮੁੱਖ ਜਵਾਬ ਦੋਹਾਂ ਨੇਮਾਂ ਭਾਵ ਸ਼ਰ੍ਹਾ ਅਤੇ ਇੰਜੀਲ ਵਿਚ ਪ੍ਰਤੀ ਪੌਲੁਸ ਦੇ ਰਵੱਈਏ ਵੇਖਿਆ ਜਾ ਸਕਦਾ ਹੈ ਜਿਹੜਾ ਗਲਾਤੀਆਂ ਦੇ ਨਾਂਅ ਖ਼ਤ ਦਾ ਮੁੱਖ ਵਿਸ਼ਾ ਹੈ। ਸ਼ਰ੍ਹਾ ''ਗੁਲਾਮੀ ਦਾ (ਅਸਹਿ) ਜੂਲਾ'' ਹੈ (ਗਲਾਤੀਆਂ 5:1; ਵੇਖੋ ਰਸੂਲਾਂ ਦੇ ਕਰਤੱਬ 15:10)। ਇੰਜੀਲ ਸ਼ਗਿਰਦੀ ਦਾ ਯਿਸੂ ਦਾ ਜੂਲਾ ਹੈ ਜਿਹੜਾ ਉਸ ਨੇ ਆਪਣੇ ਰਹਿਮ ਭਰੇ ਅਤੇ ਪ੍ਰੇਮ ਭਰੇ ਸੱਦੇ ਵਿਚ ਸਭਨਾਂ ਲੋਕਾਂ ਨੂੰ ਦੇਣ ਦੀ ਪੇਸ਼ਕਸ਼ ਕੀਤੀ। ਉਸ ਨੇ ਆਖਿਆ ਕਿ ਉਸ ਦਾ ''ਜੂਲਾ ਹੌਲਾ'' ਅਤੇ ਉਸ ਦਾ ''ਭਾਰ ਹਲਕਾ ਹੈ'' (ਮੱਤੀ 11:28–30)। ਸਭ ਤੋਂ ਵੱਡੇ ਪਾਪੀ ਦੇ ਰੂਪ ਵਿਚ ਕਿਰਪਾ ਵਿਖਾਏ ਜਾਣ ਤੇ ਪੌਲੁਸ ਨੇ ਇਸ ਵਿਰੋਧਾਭਾਸ ਨੂੰ ਆਪਣੇ ਅੰਦਰ ਮਾਣਿਆ (1 ਤਿਮੋਥਿਉਸ 1:15; KJV)। ਉਸ ਨੂੰ ਪਾਪ ਦੇ ਉਸ ਦੇ ਬੋਝ ਤੋਂ ਛੁਡਾਇਆ ਗਿਆ। ਇਸ ਕਰਕੇ ਉਸ ਨੇ ਗਲਾਤੀਆਂ ਨੂੰ ਬੇਨਤੀ ਕੀਤੀ ਕਿ ''ਅਜ਼ਾਦੀ ਲਈ ਮਸੀਹ ਨੇ ਸਾਨੂੰ ਅਜ਼ਾਦ ਕੀਤਾ, ਇਸ ਲਈ ਦ੍ਰਿੜ੍ਹ ਰਹੋ ਅਤੇ ਗੁਲਾਮੀ ਦੇ ਜੂਲੇ ਹੇਠਾਂ ਮੁੜ ਕੇ ਨਾ ਜੁੱਪੋ'' (ਗਲਾਤੀਆਂ 5:1)।

*ਹੁਕਮਾਂ ਉੱਤੇ ਜ਼ੋਰ ਘਟਾਉਣਾ।* ਪੌਲੁਸ ਨੇ ਮਸੀਹ ਨਾਲ ਆਪਣੇ ਖ਼ੁਦ ਦੇ ਸਬੰਧ ਨੂੰ ਵਿਖਾਉਣ ਲਈ *ennomos* (ਇੱਨੋਮੋਸ) ਸ਼ਬਦ ਕਿਉਂ ਚੁਣਿਆ? ਨਿਚੋੜ ਕੱਢਣਾ ਤਰਕਸੰਗਤ ਲਗ ਸਕਦਾ ਹੈ ਕਿ 1 ਕੁਰਿੰਥੀਆਂ 9:21 ਵਿਚ *ennomos* ਅਭਿਵਿਅਕਤੀ ਦੀ ਵਰਤੋਂ ਕਰਕੇ ਪੌਲੁਸ ਜਾਣ ਬੁੱਝ ਕੇ ਆਪਣੇ ਪ੍ਰੇਮੀ ਅਤੇ ਕਿਰਪਾਲੂ ਪ੍ਰਭੂ ਨਾਲ ਆਪਣੇ ਸਬੰਧ ਦੇ ਵਰਣਨ ਲਈ ''ਭਾਣੇ'' ਵਰਗੀ ਧਾਰਣਾ ਤੋਂ ਸੰਕੋਚ ਕਰ ਰਿਹਾ ਸੀ। ਸ਼ਬਦਾਂ ਦੀ ਆਪਣੀ ਚੋਣ ਦੇ ਰਾਹੀਂ ਰਸੂਲ ਨੇ ਇਸ ਵਿਚਾਰ ਨੂੰ ਟਾਲ ਦਿੱਤਾ ਕਿ ਮਸੀਹ ਲਈ ਉਹਦੀ ਸੇਵਾ ਇਕ ਬੋਝ ਸੀ ਜਿਹਦੇ ਤਹਿਤ ਉਸ ਨੂੰ ਮੇਹਨਤ ਕਰਨੀ ਪੈਂਦੀ ਸੀ, ਕਿਉਂ ਜੋ ਉਹ ਮਸੀਹ ਦੀ ਸ਼ਰ੍ਹਾ ਦੇ *ਅੰਦਰ* ਸੀ। ਸਾਡਾ ਪੱਕਾ ਯਕੀਨ ਹੈ ਕਿ ਇਹ ''ਸ਼ਰ੍ਹਾ'' ਭਾਵ ਪ੍ਰੇਮ ਦਾ ਹੁਕਮ ਉਹ ਹੁਕਮ ਹੈ ਜਿਸ ਨੂੰ ਮਨੁੱਖੀ ਸਬੰਧਾਂ ਦੀ ਹਰ ਗੱਲ ਦੇ ਸਬੰਧ ਵਿਚ ਸਾਡੇ ਪ੍ਰਭੂ ਨੇ ਸਭ ਤੋਂ ਵੱਡੇ ਹੁਕਮ ਦੇ ਰੂਪ ਵਿਚ ਮੰਨਿਆ। ਸ਼ਰ੍ਹਾ ਵਿਚ ਪ੍ਰੇਮ ਸਰਵੋਤਮ ਹੈ (ਲੇਵੀਆਂ 19:18); ਇਹ ਇੰਜੀਲ ਵਿਚ ਵੀ ਪ੍ਰਮੁੱਖ ਹੈ (ਮੱਤੀ 7:12[45])।

ਪ੍ਰੇਮ ਦਾ ਉਹ ਵੱਡਾ, ਬੇਹੱਦ ਮਹਾਨ ਹੁਕਮ ਆਪਣੇ ਪਿਆਰੇ ਪ੍ਰਭੂ ਵੱਲੋਂ ਪੌਲੁਸ ਦੀ ਪ੍ਰੇਰਣਾ ਸੀ ਅਤੇ ਉਸ ਨੂੰ ਹਰ ਕੁਰਬਾਨੀ ਕਰਨ ਦੀ ਪ੍ਰੇਰਣਾ ਦਿੰਦਾ ਸੀ। ਆਖਿਰ ਯਿਸੂ ਨੇ ਉਹਦੇ ਲਈ ਜਿਹੜਾ ਸਭ ਤੋਂ ਵੱਡਾ ਪਾਪੀ ਸੀ, ਸਲੀਬ ਦੀ ਤਕਲੀਫ਼ ਅਤੇ ਸ਼ਰਮ ਨੂੰ ਸਹਿ ਕੇ ਉਸ ਨੂੰ ਮਾਫ਼ ਜੋ ਕਰ ਦਿੱਤਾ ਸੀ! ਹੁਣ ਉਹ ਕਿਸੇ ਬਾਹਰੀ ਫ਼ਰਜ਼ ਦੀ ਸੇਵਾ ਨਹੀਂ ਕਰਦਾ ਸੀ ਬਲਕਿ ਖ਼ੁਦਾ ਅਤੇ ਆਪਣੇ ਸਾਥੀ ਮਨੁੱਖ ਲਈ ਪਿਆਰ ਨਾਲ ਭਰਿਆ ਹੋਇਆ ਸੀ, ਜਿਹੜਾ ਉਸ ਨੂੰ ਖ਼ੁਦਾ ਦੇ ਆਪਣੇ ਆਤਮਾ ਦੇ ਵਾਸ ਨਾਲ ਮਿਲਿਆ ਸੀ।

*ਮਸੀਹ ਦੀ ਸ਼ਗਿਰਦੀ।* ਜਿਸ ਪ੍ਰੇਮ ਦੀ ਅਸੀਂ ਗੱਲ ਕਰਦੇ ਹਾਂ ਉਸ ਦਾ ਅਰਥ ਇਹ ਨਹੀਂ ਹੋਣਾ ਚਾਹੀਦਾ ਕਿ ਅਸੀਂ ਇਸ ਦੇ ਵਿਆਪਕ ਅਰਥ ਵਿਚ ਕਿ ਅਸੀਂ ਇੰਜੀਲ ਵਿਚ (ਭਾਵ ਨਵੇਂ ਨੇਮ ਵਿਚ) ਵਿਖਾਏ ਗਏ ਖ਼ੁਦਾ ਦੇ ਕਿਸੇ ਵੀ ਜਾਂ ਸਾਰੇ ਹੁਕਮਾਂ ਨੂੰ ਜਾਂ ਪ੍ਰਭੂ ਦੀ ਕਿਸੇ ਸਿੱਖਿਆ ਨੂੰ ਇਸ ਦੇ ਵਿਆਪਕ ਅਰਥ ਵਿਚ ਨਕਾਰ ਦਈਏ। ਯਿਸੂ ਦੇ ਚੇਲਿਆਂ ਨੂੰ ਪ੍ਰੇਰਣਾ ਦੇਣ ਵਾਲਾ ਪ੍ਰੇਮ ਨਿਰੀ ਭਾਵਨਾ ਨਹੀਂ ਹੈ। ਯਿਸੂ ਨੇ ਆਪਣੇ ਰਸੂਲਾਂ ਨੂੰ ਸਾਫ਼–ਸਾਫ਼ ਹੁਕਮ ਦਿੱਤਾ ਕਿ ''ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿਚ ਬਪਤਿਸਮਾ ਦਿਓ। ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ'' (ਮੱਤੀ 28:19, 20ੳ)। ਉਨ੍ਹਾਂ ਲਈ ਇਸ ਨਾਲੋਂ ਘੱਟ ਕਰਨ ਦਾ ਮਤਲਬ ਸੀ ਕਿ ਉਨ੍ਹਾਂ ਨੇ ਹੁਕਮ ਨੂੰ ਨਹੀਂ ਮੰਨਿਆ ਅਤੇ ਇਸ ਨਾਲ ਪੂਰੀ ਦੁਨੀਆਂ ਵਿਚ ਉਸੇ ਦਾ ਮਿਸ਼ਨ ਖ਼ਤਰੇ ਵਿਚ ਪੈ ਜਾਣਾ ਸੀ। ਖ਼ੁਦਾ ਦੇ ਹੁਕਮਾਂ ਦੇ ਪ੍ਰਤੀ ਸਾਡੀ ਇੱਛਾ ਨੂੰ ਬਦਲਣ ਦੇ ਉਨ੍ਹਾਂ ਦੇ ਟੀਚੇ ਦੇ ਰੂਪ ਵਿਚ ਖ਼ੁਦਾ ਦੇ ਪ੍ਰੇਮ, ਕਿਰਪਾ ਅਤੇ ਰਹਿਮ ਸਾਨੂੰ ਉਸ ਦਾ ਹੁਕਮ ਮੰਨਣ ਤੋਂ ਰੋਕਦੇ ਨਹੀਂ ਹਨ।

ਪੂਰੀ ਕੋਸ਼ਿਸ਼ ਕਰਨ ਤੇ ਵੀ ਸਾਨੂੰ ਖ਼ੁਦਾ ਦੇ ਦਿਲ ਤੋਂ ਸਾਡੇ ਲਈ ਮੁਹੱਈਆ ਕਰਵਾਏ ਗਏ ਸਾਰੇ ਪ੍ਰੇਮ, ਕਿਰਪਾ ਅਤੇ ਰਹਿਮ ਦੀ ਲੋੜ ਹੁੰਦੀ ਹੈ। ਅਸੀਂ ਜਾਣਦੇ ਹਾਂ ਕਿ ''ਉਹ ਸਾਰੇ ਕੰਮ ਜਿਨ੍ਹਾਂ ਦਾ ਸਾਨੂੰ ਹੁਕਮ ਦਿੱਤਾ ਗਿਆ'' ਕਰ ਲੈਣ ਦੇ ਬਾਅਦ ਵੀ ਅਸਾਂ ਕੋਈ ਕਮਾਈ ਨਹੀਂ ਕੀਤੀ ਜਾਂ ਉਨ੍ਹਾਂ ਨੂੰ ਕਮਾਇਆ ਨਹੀਂ ਹੈ (ਲੂਕਾ 17:10)। ਅਸੀਂ ਇਹ ਵੀ ਜਾਣਦੇ ਹਾਂ ਕਿ ਉਹਦਾ ਪ੍ਰੇਮ ਮਹਾਨ ਹੈ। ਮੁਕਤੀ ਕਿਰਪਾ ਦੇ ਨਾਲ ਹੈ ਅਤੇ ਕਿਰਪਾ ਦੇ ਨਾਲ ਹੀ ਰਹੇਗੀ। ਇਸ ਦੇ ਬਾਵਜੂਦ ਨਵੇਂ ਨੇਮ ਦੀ ਇਹਦੇ ਨਾਲ ਮੇਲ ਖਾਂਦੀ ਸਿੱਖਿਆ ਇਹ ਹੈ ਕਿ ਨਿਆਂ ਸਾਡੇ ਅਮਲਾਂ ਦੇ ਮੁਤਾਬਿਕ ਹੋਵੇਗਾ।[46]

''ਪ੍ਰੇਮ ਦੀ ਸ਼ਰ੍ਹਾ'' ਨਾਲ ਬੱਧਾ ਪੌਲੁਸ, ਜਿਸ ਦਾ ਪਤਾ ਉਸ ਨੂੰ ਮਸੀਹ ਯਿਸੂ ਵਿਚ ਲੱਗਾ ਸੀ, ਆਪਣੇ ਆਪ ਨੂੰ ਯਿਸੂ ਦੇ ਗੁਲਾਮ ਜਾਂ ਦਾਸ (*doulos*, ਡੁਲੋਸ 1:10; ਰੋਮੀਆਂ 1:1; ਫ਼ਿਲਿੱਪੀਆਂ 1:1) ਦੇ ਰੂਪ ਵਿਚ ਵੇਖਦਾ ਸੀ। ਦਾਸ ਦੇ ਰੂਪ ਵਿਚ ਵੀ ਉਹ ''ਮਸੀਹ ਦੀ ਸ਼ਰ੍ਹਾ'' ਨਾਲ ਘਿਰਿਆ ਹੋਇਆ ਅਤੇ ਉਸ ਦੀ ਗੋਦ ਵਿਚ ਸੀ। ਉਹ ਉਸੇ ਕਰਕੇ ਅਜ਼ਾਦ ਸੀ ਜਿਵੇਂ ਯਿਸੂ ਨੇ ਯਹੂਦੀਆਂ ਨੂੰ ਦੱਸਿਆ ਸੀ, ''ਜੇ ਪੁੱਤਰ ਤੁਹਾਨੂੰ ਅਜ਼ਾਦ ਕਰੇ ਤਾਂ ਤੁਸੀਂ ਅਜ਼ਾਦ ਹੋ'' (ਯੂਹੰਨਾ 8:36)।

ਡਬਲਯੂ. ਗਟਬ੍ਰੋਡ ਨੇ ਲਿਖਿਆ ਹੈ, ''ਇਹ ਪੁੱਛਿਆ ਜਾ ਸਕਦਾ ਹੈ ਕਿ ਕੀ ਇਹ ਹੋ ਸਕਦਾ ਹੈ ਕਿਸੇ ਨੂੰ *[nomos*, ਨੋਮੋਸ*]* ਦੀ ਸਮਝ ਨਾ ਹੋਵੇ, ਜਿਸ ਨੂੰ ਖ਼ੁਦਾ ਨਾਲ ਪਿਆਰ ਅਤੇ ਆਪਣੇ ਗੁਆਂਢੀ ਨਾਲ ਪਿਆਰ ਕਰਨ ਦੇ ਹੁਕਮ ਨੂੰ ਮਸੀਹ ਦੀ ਸ਼ਰ੍ਹਾ ਮੰਨਦੀ ਹੈ ਅਤੇ ਸਹੀ ਮਾਇਨਿਆਂ ਵਿਚ ਇਹੀ ਸ਼ਰ੍ਹਾ ਹੈ।''[47] ਅਜਿਹਾ ਲਗਦਾ ਹੈ ਕਿ ਇਸ ਵਿਸ਼ੇ ਉੱਤੇ ਗਟਬਰੋਡ ਪੌਲੁਸ ਦੀ ਸੋਚ ਦੇ ਬੜਾ ਨੇੜੇ ਆ ਗਿਆ। ਯਿਸੂ ਨੇ ਆਖਿਆ ਕਿ ''ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਹੁਕਮਾਂ ਦੀ ਪਾਲਨਾ ਕਰੋਗੇ'' (ਯੂਹੰਨਾ 14:15)। ਉਸ ਦੇ ਪਿਆਰੇ ਚੇਲੇ ਯੂਹੰਨਾ ਨੇ ਕਿਹਾ, ''ਜੇ ਅਸੀਂ ਉਹ ਦੇ ਹੁਕਮਾਂ ਦੀ ਪਾਲਨਾ ਕਰੀਏ ਤਾਂ ਇਸ ਤੋਂ ਜਾਣਦੇ ਹਾਂ ਜੋ ਅਸੀਂ ਉਹ ਨੂੰ ਜਾਤਾ ਹੈ'' (1 ਯੂਹੰਨਾ 2:3); ''ਕਿਉਂ ਜੋ ਪਰਮੇਸ਼ੁਰ ਦਾ ਪ੍ਰੇਮ ਇਹ ਹੈ ਭਈ ਅਸੀਂ ਉਹ ਦੇ ਹੁਕਮਾਂ ਦੀ ਪਾਲਨਾ ਕਰੀਏ, ਅਤੇ ਉਹ ਦੇ ਹੁਕਮ ਔਖੇ ਨਹੀਂ ਹਨ'' (1 ਯੂਹੰਨਾ 5:3)। ਸਾਡਾ ਮੰਨਣਾ ਹੈ ਕਿ ਇਹ ਨਾ ਸਿਰਫ਼ ''ਮਸੀਹ ਦੀ ਸ਼ਰ੍ਹਾ'' ਦੇ ਸਾਰ ਨੂੰ ਵਿਖਾਉਂਦਾ ਹੈ ਬਲਕਿ ਸਾਨੂੰ ਇਹ ਵੀ ਦੱਸਦਾ ਹੈ ਕਿ ਸ਼ਰ੍ਹਾ ਅਤੇ ਨਬੀਆਂ ਦੀਆਂ ਸਭ ਗੱਲਾਂ ਨੂੰ ਪੂਰਾ ਕਿਉਂ ਕਰਦਾ ਹੈ।[48]

### **ਧੋਖੇ ਤੋਂ ਬਚਣਾ** (6:7)

ਗਲਾਤੀਆ ਵਿਚ ਆਪਣੇ ਪਾਠਕਾਂ ਨੂੰ ਪੌਲੁਸ ਨੇ ਚਿਤਾਵਨੀ ਦਿੱਤੀ, ''ਧੋਖਾ ਨਾ ਖਾਓ ...'' (6:7)। ਧੋਖਾ ਦੇਣ ਵਾਲੇ ਦੇ ਚਲਾਕੀ ਭਰੇ ਕੰਮਾਂ ਨਾਲ ਸੰਸਾਰ ਵਿਚ ਬਲਕਿ ਪੀੜ੍ਹੀ ਦਰ ਪੀੜ੍ਹੀ ਗੜਬੜ,

ਉਲਝਣ ਅਤੇ ਦੁੱਖ ਮਿਲਿਆ ਹੈ। ਉਹਦੀਆਂ ਸਿੱਖਿਆਵਾਂ ਦੇ ਕਾਰਣ ਅਸੀਂ ਆਪਣੇ ਪੁਰਾਣੇ ਵਢੇਰਿਆਂ ਦੀ ਪੈੜ ਤੇ ਚੱਲੇ: ''ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ'' (ਰੋਮੀਆਂ 3:23)। ਇਸੇ ਪਾਪ ਨਾਲ, ਮੌਤ ਸਾਡੇ ਉੱਤੇ ਆਈ: ''ਇਸ ਲਈ ਜਿਵੇਂ ਇਕ ਮਨੁੱਖ ਤੋਂ ਪਾਪ ਸੰਸਾਰ ਵਿਚ ਆਇਆ ਅਤੇ ਪਾਪ ਤੋਂ ਮੌਤ ਆਈ ਅਤੇ ਇਸੇ ਤਰ੍ਹਾਂ ਸਭਨਾਂ ਮਨੁੱਖਾਂ ਵਿਚ ਫੈਲਰ ਗਈ ਏਸ ਲਈ ਜੋ ਸਭਨਾਂ ਨੇ ਪਾਪਾ ਕੀਤਾ'' (ਰੋਮੀਆਂ 5:12)। ਸਾਡੇ ਸਭ ਤੋਂ ਬੁਨਿਆਦੀ ਅਤੇ ਇਸ ਤੱਥ ਤੋਂ ਕਿ ਅਸੀਂ ਸਭ ਪਾਪੀ ਹਾਂ, ਅੱਗੇ ਵੱਧਣ ਤੋਂ ਇਲਾਵਾ ਸਾਡੇ ਕੋਲ ਆਪਣੇ ਪਵਿੱਤਰ ਅਤੇ ਸਰਬਗਿਆਨੀ ਪਰਮੇਸ਼ੁਰ ਨਾਲ ਸਬੰਧ ਦੀ ਸ਼ੁਰੂਆਤ ਕਰਨ ਦਾ ਹੋਰ ਕੋਈ ਰਸਤਾ ਨਹੀਂ ਹੈ। ਮਾਫ਼ੀ ਦੇ ਪ੍ਰਤੀ ਪਹਿਲਾ ਕਦਮ ਸਾਡਾ ਆਪਣੇ ਪਾਪਾਂ ਨੂੰ ਮੰਨ ਲੈਣਾ ਹੈ; ਫਿਰ ਸਾਨੂੰ ਮੁਕਤੀ ਦੇ ਉਸ ਦੇ ਰਾਹ ਵਿਚ ਚੱਲਣ ਲਈ ਆਪਣੇ ਆਪ ਨੂੰ ਸਮਰਪਿਤ ਕਰਨਾ ਜ਼ਰੂਰੀ ਹੈ। ਭਾਵੇਂ ''ਪਾਪ ਦੀ ਮਜੂਰੀ ਤਾਂ ਮੌਤ ਹੈ, ਪਰ ਪਰਮੇਸ਼ੁਰ ਦੀ ਬਖ਼ਸ਼ੀਸ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿਚ ਸਦੀਪਕ ਜੀਵਨ'' (ਰੋਮੀਆਂ 6:23)। ਮਸੀਹ ਵਿਚ, ਆਸ ਹੈ!

**ਰੂਹਾਨੀ ਚੰਦਾ** (6:6-10)

ਮਸੀਹੀ ਹੋਣ ਦੇ ਨਾਤੇ ਸਾਨੂੰ ਇਹ ਜਾਣਦਾ ਜ਼ਰੂਰੀ ਹੈ ਕਿ ਮਸੀਹ ਦੇ ਕੰਮ ਨੂੰ ਵਧਾਉਣ ਲਈ ਮਾਲੀ ਤੌਰ ਤੇ ਦੇਣਾ ਅਤੇ ਲੋੜਵੰਦਾਂ ਲਈ ਆਪਣੀਆਂ ਚੀਜ਼ਾਂ ਵਿੱਚੋਂ ਸਾਂਝਾ ਕਰਨਾ ਧਰਮ ਦੇ ਸਭ ਤੋਂ ਨਿਰੋਲ ਮੁਜ਼ਾਹਰਿਆਂ ਵਿੱਚੋਂ ਹੈ।

ਪੌਲੁਸ ਨੇ ਆਪਣੇ ਅਤੇ ਬਰਨਬਾਸ ਦੇ ਸਬੰਧ ਵਿਚ ਕੁਰਿੰਥੀਆਂ ਤੋਂ ਪੁੱਛਿਆ ਸੀ, ''ਜੇ ਅਸਾਂ ਤੁਹਾਡੇ ਲਈ ਆਤਮਕ ਪਦਾਰਥ ਬੀਜੇ ਤਾਂ ਕੀ ਇਹ ਕੋਈ ਵੱਡੀ ਗੱਲ ਜੋ ਅਸੀਂ ਤੁਹਾਡੇ ਸਰੀਰਕ ਪਦਾਰਥ ਵੱਢੀਏ?''(1 ਕੁਰਿੰਥੀਆਂ 9:11)। ਇਹ ਸਵਾਲ ਉਸ ਨੇ ਵਿਵਸਥਾ ਸਾਰ 25:4 ਵਿੱਚੋਂ ਦੁਹਰਾਉਣ ਦੇ ਬਾਅਦ ਪੁੱਛਿਆ: ''ਕਿਉਂ ਜੋ ਮੂਸਾ ਦੀ ਸ਼ਰਾ ਵਿਚ ਇਹ ਲਿਖਿਆ ਹੋਇਆ ਹੈ ਭਈ ਤੂੰ ਗਾਹ ਦੇ ਬਲਦ ਦੇ ਮੂੰਹ ਨੂੰ ਛਿੱਕੁਲੀ ਨਾ ਚਾੜ੍ਹ'' (1 ਕੁਰਿੰਥੀਆਂ 9:9ੳ)।

ਮਸੀਹ ਵੱਲੋਂ ਅਰੰਭੀ ਗਈ ਅਸਲ ਬੰਦਗੀ ਨੂੰ ਪੁਰਾਣੇ ਨੇਮ ਦੀ ਬੰਦਗੀ ਦੇ ਬਾਹਰੀ ਪਹਿਲੂਆਂ ਨਾਲੋਂ ਬਿਲਕੁਲ ਫ਼ਰਕ ਦੱਸਦਿਆਂ ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਆਪਣੇ ਪਾਠਕਾਂ ਅੱਗੇ ਬੇਨਤੀ ਕੀਤੀ,

> ''ਸੋ ਅਸੀਂ ਉਹ ਦੇ ਦੁਆਰਾ ਉਸਤਤ ਦਾ ਬਲੀਦਾਨ ਅਰਥਾਤ ਉਨ੍ਹਾਂ ਬੁੱਲ੍ਹਾਂ ਦਾ ਫਲ ਜਿਹੜੇ ਉਹ ਦੇ ਨਾਮ ਨੂੰ ਮੰਨ ਲੈਂਦੇ ਹਨ ਪਰਮੇਸ਼ੁਰ ਦੇ ਅੱਗੇ ਸਦਾ ਚੜ੍ਹਾਇਆ ਕਰੀਏ। ਪਰ ਭਲਾ ਕਰਨੋਂ ਅਤੇ ਪਰਉਪਕਾਰ [*koinōnia*, ਕੋਇਨੋਨਿਆ] ਕਰਨੋਂ ਨਾ ਭੁੱਲਿਓ ਕਿਉਂਕਿ ਅਜੇਹਿਆਂ ਬਲੀਦਾਨਾਂ ਤੋਂ ਪਰਮੇਸ਼ੁਰ ਪਰਸੰਨ ਹੁੰਦਾ ਹੈ'' (ਇਬਰਾਨੀਆਂ 13:15, 16)।

ਯੂਨਾਨੀ ਸ਼ਬਦ *koinōnia* (ਕੋਇਨੋਨਿਆ) ਆਮ ਤੌਰ ਤੇ ''ਸੰਗਤ ਜਾਂ ਸਾਂਝ'' ਕੀਤਾ ਗਿਆ ਹੈ (ਰਸੂਲਾਂ ਦੇ ਕਰਤੱਬ 2:42; 1 ਕੁਰਿੰਥੀਆਂ 1:9; ਫ਼ਿਲਿੱਪੀਆਂ 2:1; 3:10); ਪਰ ਇਸ ਦਾ ਅਨੁਵਾਦ ''ਚੰਦਾ'' (ਰੋਮੀਆਂ 15:26), ''ਸਾਂਝ'' ''*a sharing*- NASB ਅਨੁਵਾਦ (1 ਕੁਰਿੰਥੀਆਂ 10:16), ''ਸਾਂਝ''(*partnership*- NASB ਅਨੁਵਾਦ) (2 ਕੁਰਿੰਥੀਆਂ 6:14), ਅਤੇ ''ਸਾਂਝ'' (*participation*- NASB ਅਨੁਵਾਦ) (2 ਕੁਰਿੰਥੀਆਂ 8:4) ਵੀ ਕੀਤਾ ਜਾ ਸਕਦਾ ਹੈ। ਇਹ ਸ਼ਬਦ ਸਮਾਜਿਕ ਤੌਰ ਤੇ ਮਿਲਣ ਦੀ ਰਵਾਇਤੀ ਧਾਰਣਾ ਨਾਲੋਂ ਕਿਤੇ ਅੱਗੇ ਨਿਕਲ ਜਾਂਦਾ ਹੈ ਜਿਸ ਵਿਚ ਮਿਲਣ ਅਤੇ ਖਾਣਾ ਪੀਣਾ ਸ਼ਾਮਿਲ ਹੁੰਦਾ ਹੈ, ਇਹ ਸਭ ਗੱਲਾਂ ਸਾਂਝ ਦੇ ਵਿਚਾਰ ਵਿਚ ਹੋ ਸਕਦੀਆਂ ਹਨ। ਕਈ ਮਾਮਲਿਆਂ ਵਿਚ *koinōnia* (ਕੋਇਨੋਨਿਆ) ਇੰਜੀਲ ਦੇ ਪ੍ਰਚਾਰ ਵਿਚ

ਮਦਦ ਲਈ ਮਾਲੀ ਤੌਰ ਤੇ ਦੇਣ ਲਈ ਹੈ ਤਾਂ ਜੋ ਰੂਹਾਂ ਬਚਾਈਆਂ ਜਾ ਸਕਣ। ਪੌਲੁਸ ਨੇ ''ਖੁਸ਼ਖ਼ਬਰੀ ਦੇ ਫੈਲਾਉਣ ਲਈ ਸਾਂਝੀ ਹੋਣ'' ਲਈ ਫ਼ਿਲਿੱਪੀਆਂ ਦੀ ਤਾਰੀਫ਼ ਕੀਤੀ (ਫ਼ਿਲਿੱਪੀਆਂ 1:5)। ਉਨ੍ਹਾਂ ਦੀ ਮਾਲੀ ਮਦਦ ਨਾਲ ਉਹ ਪ੍ਰਚਾਰ ਕਰਨ ਅਤੇ ਸਿਖਾਉਣ ਲਈ ਆਪਣਾ ਵਧੇਰੇ ਸਮਾਂ ਦੇ ਸਕਿਆ ਜਿਸ ਨਾਲ ਗੁਆਚਿਆਂ ਹੋਇਆਂ ਨੂੰ ਮਨਬਦਲੀ ਦਾ ਮੌਕਾ ਮਿਲ ਗਿਆ।

ਯਾਕੂਬ ਨੇ ਇਸ ਗੱਲ ਦਾ ਵਰਣਨ ਕੀਤਾ ਕਿ ਅਸਲ ਭਗਤੀ ਕੀ ਹੈ: ''ਸਾਡੇ ਪਰਮੇਸ਼ੁਰ ਅਤੇ ਪਿਤਾ ਦੇ ਅੱਗੇ ਸ਼ੁੱਧ ਅਤੇ ਨਿਰਮਲ ਭਗਤੀ ਇਹ ਹੈ ਭਈ ਅਨਾਥਾਂ ਅਤੇ ਵਿਧਵਾਂ ਦੀ ਉਨ੍ਹਾਂ ਦੀ ਬਿਪਤਾ ਦੇ ਵੇਲੇ ਸੁੱਧ ਲੈਣੀ ਅਤੇ ਆਪਣੇ ਆਪ ਨੂੰ ਜਗਤ ਤੋਂ ਨਿਹਕਲੰਕ ਰੱਖਣਾ'' (ਯਾਕੂਬ 1:27)। ਭਗਤੀ ਲਈ ਵਰਤਿਆ ਗਿਆ ਯੂਨਾਨੀ ਭਾਸ਼ਾ ਦਾ ਸ਼ਬਦ (*thrēskeia*, ਥ੍ਰੇਸਕਿਆ) ਰੂਹਾਨੀ ਬੰਦਗੀ ਲਈ ਸਭ ਤੋਂ ਖ਼ਾਸ ਸ਼ਬਦਾਂ ਵਿੱਚੋਂ ਇਕ ਹੈ। ਇੱਥੇ ਇਸ ਦੀ ਵਰਤੋਂ ਸਾਨੂੰ ਉਸ ਬਾਰੇ ਬਹੁਤ ਕੁਝ ਦੱਸਦੀ ਹੈ ਜੋ ਅਸਲ ਬੰਦਗੀ ਹੈ। ਇਸ ਦਾ ਭਵਨ ਦੀ ਖ਼ੂਬਸੂਰਤੀ, ਸਜਾਵਟ ਜਾਂ ਸਮਾਨ ਜਾਂ ਲੋਕਾਂ ਦੀ ਕਿਸੇ ਖ਼ਾਸ ਤਰ੍ਹਾਂ ਦੀ ਪੋਸ਼ਾਕ ਨਾਲ ਕੋਈ ਸਬੰਧ ਨਹੀਂ ਹੈ। ਜਿਵੇਂ ਕਿ ਕਈਆਂ ਦਾ ਮੰਨਣਾ ਹੁੰਦਾ ਹੈ ਕਿ ਖ਼ੁਦਾ ਦੀ ਸਹੀ ਬੰਦਗੀ ਲਈ ਇਹ ਜ਼ਰੂਰੀ ਹੈ। ਇਹਦਾ ਸਬੰਧ ਮਨ ਦੀ ਹਾਲਤ ਅਤੇ ਨਜ਼ਰਾਂ ਨਾਲ ਬਹੁਤਾ ਹੈ, ਜੋ ਆਪਣੇ ਸਾਥੀ ਦੀਆਂ ਲੋੜਾਂ ਉੱਤੇ ਲੱਗੇ ਹੋਣੇ ਚਾਹੀਦੇ ਹਨ।

ਯਾਕੂਬ 1:27 ਵਿਚ ''ਸੁਧ ਲੈਣੀ'' ਲਈ ਯੂਨਾਨੀ ਕਿਰਿਆ ਸ਼ਬਦ (*episkeptomai* ਐਪਿਸਕੇਪਟੋਮੇ) ਵੀ ਅਹਿਮ ਹੈ। ਇਹਦਾ ਸਬੰਧ ਵੀ ਨਾਉਂ ਸ਼ਬਦ ''ਨਿਗਰਾਨ'' (*episkopos*, ਐਪਿਸਕੋਪੋਸ) ਨਾਲ ਹੈ ਜਿਹੜਾ ''ਐਲਡਰ/ਬਜ਼ੁਰਗ'' ਜਾਂ ''ਪ੍ਰੈਸਬਿਟਰ'' ਵਰਗਾ ਹੀ ਹੈ। ਇਸ ਸ਼ਬਦ ਵਿਚ ਅੰਗ੍ਰੇਜ਼ੀ (ਪੰਜਾਬੀ) ਬੋਲਣ ਵਾਲੇ ਦੇ ਮਨ ਵਿਚ ਆਉਣ ਵਾਲੇ ਆਮ ਸ਼ਬਦ ਨਾਲੋਂ ਕਿਤੇ ਵੱਧ ਗੱਲਾਂ ਪਾਈਆਂ ਜਾਂਦੀਆਂ ਹਨ। ਇਹ ਦੋਸਤੀ ਵਜੋਂ ਕਿਸੇ ਨੂੰ ਮਿਲਣ ਲਈ ਜਾਣ ਨਾਲੋਂ ਅੱਗੇ ਨਿੱਕਲ ਕੇ ਦੂਸਰਿਆਂ ਦੀ ਮਦਦ ਅਤੇ ਪਰਵਾਹ ਕਰਨ ਲਈ ਜਾਣਾ ਹੈ।

ਪੁਰਾਣੇ ਨੇਮ ਵਿਚ ਹੀ ਵਿਧਵਾਵਾਂ ਦੀ ਦੇਖਭਾਲ ਉੱਤੇ ਜ਼ੋਰ ਨਹੀਂ ਦਿੱਤਾ ਜਾਂਦਾ ਸੀ, ਬਲਕਿ ਸਾਫ਼ ਹੈ ਕਿ ਮੁੱਢਲੀ ਕਲੀਸੀਆ ਵਿਚ ਲੋੜਵੰਦਾਂ ਦੀ ਦੇਖਭਾਲ ਨੂੰ ਵੀ ਅਹਿਮ ਮੰਨਿਆ ਜਾਂਦਾ ਸੀ।[49] ਪੌਲੁਸ ਨੇ ਉਨ੍ਹਾਂ ਦੀ ਦੇਖਭਾਲ ਲਈ ਖ਼ਾਸ ਕਾਇਦੇ ਕਾਨੂੰਨ ਦਿੱਤੇ। ਕਲੀਸੀਆ ਵੱਲੋਂ ਮਦਦ ਹਾਸਲ ਕਰਨ ਲਈ ਪਹਿਲੀ ਯੋਗਤਾ ਉਨ੍ਹਾਂ ਦੀ ਸਚੁਮਚ ਵਿਚ ਲੋੜ ਹੋਣਾ ਜ਼ਰੂਰੀ ਸੀ। ਪਰਿਵਾਰ ਦੇ ਵਿਸ਼ਵਾਸੀ ਮੈਂਬਰਾਂ ਦੀ ਜ਼ਿੰਮੇਵਾਰੀ ਆਪਣੀਆਂ ਵਿਧਵਾ ਰਿਸ਼ਤੇਦਾਰਾਂ ਦੀ ਮਦਦ ਕਰਨ ਦੀ ਸੀ ਤਾਂ ਜੋ ਕਲੀਸੀਆ ਉੱਤੇ ''ਭਾਰ ਨਾ ਪਵੇ'' ਅਤੇ ''ਉਨ੍ਹਾਂ ਦੀ ਸਹਾਇਤਾ ਕਰੇ ਜਿਹੜੀਆਂ ਸਚਮੁਚ ਵਿਧਵਾਵਾਂ'' ਸਨ (1 ਤਿਮੋਥਿਉਸ 5:16)। ਹੋਰ ਵੀ ਗੱਲਾਂ ਉੱਤੇ ਧਿਆਨ ਦੇਣਾ ਜ਼ਰੂਰੀ ਸੀ, ਜਿਵੇਂ ਉਮਰ, ਪਿਛਲਾ ਰਵੱਈਆ ਅਤੇ ਲੋਕਾਂ ਵਿਚ ਉਸ ਬਾਰੇ ਰਾਇ ਵੀ ਉਸ ਸੰਦਰਭ ਵਿਚ ਗਿਣੇ ਗਏ ਹਨ (1 ਤਿਮੋਥਿਉਸ 5:9–15)।

ਗਲਾਤੀਆਂ 6 ਵਿਚ ਪੌਲੁਸ ਨੇ ਜ਼ੋਰ ਦਿੱਤਾ ਕਿ ਖ਼ੁਦਾ ਨੂੰ ਪਸੰਦ ਰਵੱਈਆ ਆਦਮੀ ਦੇ ਮਾਲੀ ਇੰਤਜ਼ਾਮ ਅਤੇ ਪਰਉਪਕਾਰ ਕਰਨਾ ਹੈ। ਖ਼ੁਦਾ ਨੂੰ ਸਿਰਫ਼ ਕਲੀਸੀਆ ਦੇ ਲੋਕਾਂ ਦੀ ਹੀ ਫ਼ਿਕਰ ਨਹੀਂ ਹੈ ਬਲਕਿ ਉਸ ਨੂੰ ਕਲੀਸੀਆ ਦੇ ਬਾਹਰ ਦੇ ਲੋਕਾਂ ਦੀਆਂ ਲੋੜਾਂ ਦਾ ਵੀ ਧਿਆਨ ਹੈ। ਭਾਈਆਂ ਲਈ ਪੌਲੁਸ ਦੀ ਤਾੜਨਾ ਵਿਚ ਸਭ ਨੂੰ ਸ਼ਾਮਿਲ ਕੀਤਾ ਗਿਆ:

> ਅਤੇ ਭਲਿਆਈ ਕਰਦਿਆਂ ਅਸੀਂ ਅੱਕ ਨਾ ਜਾਈਏ ਕਿਉਂਕਿ ਜੇ ਹੌਸਲਾ ਨਾ ਹਾਰੀਏ ਤਾਂ ਵੇਲੇ ਸਿਰ ਵੱਢਾਂਗੇ। ਉਪਰੰਤ ਜਿਵੇਂ ਸਾਨੂੰ ਮੌਕਾ ਮਿਲੇ ਅਸੀਂ ਸਭਨਾਂ ਨਾਲ ਭਲਾ ਕਰੀਏ ਪਰ ਨਿਜ ਕਰਕੇ ਨਿਹਚਾਵਾਨਾਂ ਦੇ ਨਾਲ (6:9, 10)।

ਸਾਨੂੰ ਖ਼ਾਸ ਤੌਰ ਤੇ ਹੋਰਨਾਂ ਮਸੀਹੀਆਂ ਦੀ ਮਦਦ ਕਰਨੀ ਚਾਹੀਦੀ ਹੈ, ਪਰ ਇਹ ਨਹੀਂ ਕਿ ਸਿਰਫ਼ ਉਨ੍ਹਾਂ ਦੀ ਹੀ। ਆਖ਼ਰ ਯਿਸੂ ਕਿਸ ਨੂੰ ਬਚਾਉਣ ਲਈ ਆਇਆ? ਭਲਾ ਉਨ੍ਹਾਂ ਲੋਕਾਂ ਨੂੰ ਨਹੀਂ ਜਿਹੜੇ ਖ਼ੁਦਾ ਦੀ ਕਿਰਪਾ ਦੇ ਦਰਬਾਰ ਤੋਂ ਬਾਹਰ ਹਨ ਅਤੇ ਜਿਨ੍ਹਾਂ ਨੂੰ ਤਰਸ ਅਤੇ ਰਹਿਮ ਦੇ ਕੰਮਾਂ ਨੂੰ ਵੇਖਣ ਦੀ ਬੇਹੱਦ ਲੋੜ ਹੈ, ਜਿਹੜੇ ਉਨ੍ਹਾਂ ਲੋਕਾਂ ਵਿਚ ਹੋਣੇ ਚਾਹੀਦੇ ਹਨ ਜਿਹੜੇ ਉਸ ਨੂੰ ਜਾਣ ਗਏ ਹਨ (ਮੱਤੀ 5:16)? ਆਪਣੇ ਆਪਨੂੰ ਇਹ ਦੱਸਦਿਆਂ ਕਿ ਅਸੀਂ ਉਨ੍ਹਾਂ ਦੀ ਬਿਲਕੁਲ ਮਦਦ ਨਹੀਂ ਕਰ ਸਕਦੇ, ''ਭਲਾ ਯਿਸੂ ਨੇ ਵੀ ਨਹੀਂ ਆਖਿਆ ਕਿ ਗਰੀਬ ਹਮੇਸ਼ਾ ਸਾਡੇ ਨਾਲ ਰਹਿਣਗੇ [ਮਰਕੁਸ 14:7]?'' ਅਸੀਂ ਮੂੰਹ ਨਹੀਂ ਮੋੜ ਸਕਦੇ।

ਆਮ ਤੌਰ ਤੇ ਦੁਨੀਆਂ ਵਿਚ ਇੰਜੀਲ ਦੇ ਪ੍ਰਚਾਰ ਦੇ ਸਭ ਤੋਂ ਪ੍ਰਭਾਵੀ ਢੰਗਾਂ ਵਿੱਚੋਂ ਇਕ ਭਲਿਆਈ ਕਰਨਾ ਅਤੇ ਕਿਰਪਾ ਦੇ ਕੰਮ ਕਰਨਾ ਹੈ। ਉਨ੍ਹਾਂ ਤੋਂ ਖ਼ੁਦਾ ਦੇ ਆਤਮਾ ਦਾ ਸਾਫ਼ ਸਾਫ਼ ਪਤਾ ਲਗ ਜਾਂਦਾ ਹੈ ਜਿਸ ਨਾਲ ਆਮ ਤੌਰ ਤੇ ਲੋਕਾਂ ਦੇ ਮਨ ਖ਼ੁਦਾ ਦੇ ਵਚਨ ਨੂੰ ਸੁਣਨ ਲਈ ਨਰਮ ਹੋ ਸਕਦੇ ਹਨ। ਬਹੁਤ ਸਾਰੇ ਲੋਕ ਅਣਜਾਣੇ ਵਿਚ ਹੀ ਸਾਡੇ ਨਿਰਮੋਹੇ ਸੰਸਾਰ ਵਿਚ ਖ਼ੁਦਾ ਅਤੇ ਜ਼ਿੰਦਗੀ ਦੇ ਅਰਥ ਦੀ ਤਲਾਸ਼ ਵਿਚ ਹਨ। ਬੇਸ਼ੱਕ ਸਾਡੇ ਵਿੱਚੋਂ ਕਈ ਮਦਦ ਲਈ ਪੁਕਾਰਣ ਵਾਲੀ ਭੀੜ ਨੂੰ ਵੇਖ ਕੇ ਭਲਿਆਈ ਦੇ ਕੰਮ ਤੋਂ ਹਿੰਮਤ ਹਾਰ ਬੈਠੇ ਹਨ ਅਤੇ ਉਨ੍ਹਾਂ ਨੇ ਆਪਣੇ ਦਾਨ ਨੂੰ ਬੰਦਗੀ ਵਿਚ ਦਿੱਤੇ ਜਾਣ ਵਾਲੇ ਚੰਦੇ ਤਕ ਸੀਮਤ ਕਰਨ ਦਾ ਫੈਸਲਾ ਕਰ ਲਿਆ ਹੈ। ਭਾਂਵੇਂ ਇਹ ਸੱਚ ਹੈ ਕਿ ਅਸੀਂ ਆਪਣੇ ਸੰਸਾਰ ਦੇ ਹਰ ਦੁੱਖ ਨੂੰ ਕਦੇ ਦੂਰ ਨਹੀਂ ਕਰ ਸਕਦੇ, ਪਰ ਸਾਨੂੰ ਹੌਸਲਾ ਨਹੀਂ ਛੱਡਣਾ ਚਾਹੀਦਾ। ਭਲਾ ਅੰਨ੍ਹਿਆਂ ਦੀ ਪੁਕਾਰ ਸੁਣ ਕੇ ਕਿ ''ਹੇ ਪ੍ਰਭੂ, ਦਾਊਦ ਦੇ ਪੁੱਤਰ, ਸਾਡੇ ਉੱਤੇ ਦਯਾ ਕਰ!'' (ਮੱਤੀ 20:31) ਯਿਸੂ ਨੇ ਮੂੰਹ ਫੇਰ ਲਿਆ ਸੀ? ਭਲਾ ਨੇਕ ਸਾਮਰੀ ਦੀ ਕਹਾਣੀ ਵਾਲੇ ਯਾਜਕ ਅਤੇ ਲੇਵੀ ਵਾਂਗ ਉਹ (ਵੇਖੋ ਲੂਕਾ 10:30–32) ਕਤਰਾ ਕੇ ਚਲਿਆ ਗਿਆ ਸੀ? ਇਸ ਦੇ ਉਲਟ ਮੱਤੀ ਨੇ ਲਿਖਿਆ ਹੈ, ''ਯਿਸੂ ਨੇ ਤਰਸ ਖਾ ਕੇ ਉਨ੍ਹਾਂ ਦੀਆਂ ਅੱਖਾਂ ਨੂੰ ਛੋਹਿਆ ਅਰ ਓਹੀ ਝੱਟ ਸੁਜਾਖੇ ਹੋ ਗਏ ਅਤੇ ਉਹ ਦੇ ਮਗਰ ਤੁਰ ਪਏ'' (ਮੱਤੀ 20:34)। ਭਲਾ ਅਸੀਂ ਕਲਪਨਾ ਵੀ ਕਰ ਸਕਦੇ ਹਾਂ ਕਿ ਉਸ ਨੇ ਇਸ ਦੇ ਉਲਟ ਕੀਤਾ ਹੋਵੇਗਾ?

ਧਰਤੀ ਉਤਲੀ ਆਪਣੀ ਸੇਵਕਾਈ ਦੇ ਤਿੰਨ ਸਾਲਾਂ ਦੇ ਛੋਟੇ ਜਿਹੇ ਅਰਸੇ ਦੌਰਾਨ ਯਿਸੂ ਨੇ ਫਲਸਤੀਨ ਦੇ ਹਰ ਦੁਖੀ ਨੂੰ ਚੰਗਿਆਈ ਨਹੀਂ ਦਿੱਤੀ ਸੀ। ਨਾ ਹੀ ਅਸੀਂ ਹਰ ਦੁਖੀ ਅਤੇ ਪਰੇਸ਼ਾਨ ਆਦਮੀ ਨੂੰ ਜਿਹੜਾ ਸਾਨੂੰ ਮਿਲਦਾ ਹੋਵੇ ਰਾਹਤ ਦੇ ਸਕਦੇ ਹਾਂ। ਪਰ ਅਸੀਂ ਕੁਝ ਲੋਕਾਂ ਨੂੰ ਸੰਭਾਲ ਕੇ ਉਨ੍ਹਾਂ ਨੂੰ ਦੁੱਖ ਜਾਂ ਪਰੇਸ਼ਾਨੀ ਤੋਂ ਰਾਹਤ ਦੇ ਸਕਦੇ ਹਾਂ। ਕਾਸ਼ ਅਸੀਂ ਇਸ ਨਿਚੋੜ ਤਕ ਕਦੇ ਨਾ ਪਹੁੰਚੀਏ ਕਿ ਅਸੀਂ ਉਨ੍ਹਾਂ ਦੀਆਂ ਪਰੇਸ਼ਾਨੀਆਂ ਲਈ ਤਰਸ ਦੀ ਭਾਵਨਾ ਨਹੀਂ ਰੱਖ ਸਕਦੇ।

**ਬੀਜਣਾ ਅਤੇ ਵੱਢਣਾ** (6:7, 8)

ਗਲਾਤੀਆਂ 6:7, 8 ਬਾਈਬਲ ਦੇ ਇਸ ਨਿਯਮ ਨੂੰ ਦੱਸਦੀ ਹੈ ਕਿ ''ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਭੀ।'' ਬੀਜਣ ਅਤੇ ਵੱਢਣ ਦੀ ਭਾਸ਼ਾ ਇਸ ਤਰ੍ਹਾਂ ਦੇ ਭਜਨਾਂ ਵਿਚ ਮਿਲਦੀ ਹੈ:

> ਆਰ ਯੂ ਸੋਇੰਗ ਦ ਸੀਡ ਆਫ਼ ਦ ਕਿੰਗਡਮ, ਬ੍ਰਦਰ,
> ਇਨ ਦ ਮੌਰਨਿੰਗ ਬ੍ਰਾਈਟ ਐਂਡ ਫੇਅਰ?
> ਆਰ ਯੂ ਸੋਇੰਗ ਦ ਸੀਡ ਆਫ਼ ਦ ਕਿੰਗਡਮ, ਬ੍ਰਦਰ,
> ਇਨ ਦ ਹੀਟ ਆਫ਼ ਨੂਨ ਡੇ'ਜ਼ ਗਲੇਅਰ?
> ਫ਼ਾਰ ਦ ਹਾਰਵੈਸਟ ਟਾਈਮ ਕਮਿੰਗ ਆਨ,
> ਐਂਡ ਦ ਰੀਪਰਜ਼' ਵਰਕ ਵਰਕ ਵਿਲ ਸੂਨ ਬੀ ਡੱਨ;
> ਵਿੱਲ ਯੋਅਰ ਸ਼ੀਵਜ਼ ਬੀ ਮੈਨੀ? ਵਿਲ ਯੂ ਗਾਰਨਰ ਐਨੀ,

ਫ਼ਾਰ ਦ ਗੈਦ'ਰਿੰਗ ਐਟ ਦ ਹਾਰਵੈਸਟ ਹੋਮ?[50]

ਬਚਪਨ ਵਿਚ ਮੈਨੂੰ ਇਹ ਸ਼ਬਦ ਬੜੇ ਗੰਭੀਰ ਲਗਦੇ ਸਨ। ਮੇਰਾ ਜਨਮ ਆਪਣੇ ਬੁੱਢੇ ਨਾਨੇ ਦੇ ਖੇਤ ਵਿਚ ਹੋਇਆ ਸੀ। ਉਸ ਜ਼ਮਾਨੇ ਵਿਚ ਜੋ ਕਿ ਵੱਡੀ ਮੰਦੀ ਦਾ ਸਮਾਂ ਸੀ, ਮੇਰੇ ਪਰਿਵਾਰ ਦੇ ਲੋਕਾਂ ਵਰਗਿਆਂ ਨੂੰ ਪਤਾ ਹੁੰਦਾ ਸੀ ਕਿ ਅਸਲ ਵਿਚ ਸਭ ਕੁਝ ਫਸਲ ਉੱਤੇ ਨਿਰਭਰ ਹੈ। ਮੌਸਮ ਹੋਣ ਤੇ ਜਦ ਸੂਰਜ ਨਾ ਨਿੱਕਲਦਾ ਅਤੇ ਬਾਰਿਸ਼ ਨਾ ਹੁੰਦੀ ਤਾਂ ਫ਼ਿਕਰ ਵਧ ਜਾਂਦੀ ਸੀ। ਮੇਰੇ ਪਿਤਾ ਦੀ ਸਖ਼ਤ ਮੇਹਨਤ ਅਤੇ ਡੂੰਘੇ ਵਿਸ਼ਵਾਸ ਅਤੇ ਮੇਰੇ ਮਾਪਿਆਂ ਦੀ ਦੁਆ ਦੇ ਬਾਵਜੂਦ, ਭਵਿੱਖ ਬਾਰੇ ਕੁਝ ਸ਼ੱਕ ਹੀ ਰਹਿੰਦਾ।

ਇਕ ਆਨੰਦ ਭਰਿਆ ਗੀਤ ਜਿਹੜਾ ਅਸੀਂ ਉਸ ਜ਼ਮਾਨੇ ਵਿਚ ਗਾਉਂਦੇ ਹੁੰਦੇ ਸਾਂ ਉਸ ਦੇ ਬੋਲ ਇਸ ਤਰ੍ਹਾਂ ਹਨ:

ਸੁਬ੍ਹਾ ਕੇ ਵਕਤ ਹਮ ਬੋਤੇ, ਬੋਤੇ ਬੀਜ ਇਲਾਹੀ,
ਬੋਤੇ ਜਬ ਹੋ ਗਰਮੀ, ਸ਼ਾਮ ਕਾ ਹੋ ਅਮਲ;
ਖੇਤ ਕੋ ਅਬ ਹਮ ਦੇਖਤੇ, ਕਾਟਨੇ ਕਾ ਹੈ ਮੌਸਮ,
ਸਨਾ, ਸਨਾ, ਗਾਤੇ, ਕਾਟੇਂਗੇ ਫ਼ਸਲ।[51]

ਫ਼ਸਲ ਤੇ ਨਿਰਭਰ ਅਸੀਂ ਦਿਲੋਂ ਆਨੰਦ ਨਾਲ, ਇਹ ਦੁਆ ਕਰਦਿਆਂ ਵਿਸ਼ਵਾਸ ਐਨੀ ਸਾਦਗੀ ਨਾਲ ਵਿਖਾਉਂਦੇ ਸਾਂ ਕਿ ਹਰ ਸਾਲ ਦੀ ਫ਼ਸਲ ਸਾਡੀਆਂ ਉਮੀਦਾਂ ਨੂੰ ਪੂਰਿਆਂ ਕਰ ਦਿੰਦੀ ਸੀ। ਇਹ ਗੀਤ ਕਣਕ ਦੀ ਵਾਢੀ ਨਾਲ ਸਬੰਧਤ ਸੀ। ਜਦ ਕਿ ਮੇਰਾ ਪਰਿਵਾਰ ਮੱਕੀ ਅਤੇ ਸਬਜ਼ੀਆਂ ਬੀਜਣ ਵਾਲੇ ਦੇਸ਼ ਵਿਚ ਰਹਿੰਦਾ ਸੀ। ਉਨ੍ਹਾਂ ਬੱਚਿਆਂ ਵਾਂਗ ਜਿਨ੍ਹਾਂ ਨੇ ਕਦੇ ''ਭਰੀਆਂ'' ਨਾ ਵੇਖੀਆਂ ਹੋਣ, ਸਾਨੂੰ ਕਲਪਨਾ ਦੇ ਰਾਹੀਂ ਸਮਝਾਇਆ ਜਾਂਦਾ ਸੀ। ਅਜਿਹੇ ਗੀਤਾਂ ਨਾਲ ਸਾਡੇ ਅਨੰਦ ਵਿਚ ਕੋਈ ਕਮੀ ਨਹੀਂ ਆਉਂਦੀ। ਕਿਉਂ ਜੋ ਸਾਨੂੰ ਚੰਗੀ ਤਰ੍ਹਾਂ ਪਤਾ ਹੁੰਦਾ ਸੀ ਕਿ ਆਉਣ ਵਾਲੇ ਸਾਲ ਵਿਚ ਵਧੀਆ ਫ਼ਸਲ ਦੀ ਸਾਡੀ ਜ਼ਿੰਦਗੀ ਵਿਚ ਕਿੰਨੀ ਅਹਿਮੀਅਤ ਹੈ।

**ਭਲਿਆਈ ਕਰਨਾ** (6:9, 10)

ਪੌਲੁਸ ਨੇ ਗਲਾਤੀਆ ਦੇ ਮਸੀਹੀ ਭਾਈਆਂ ਨੂੰ ਸਮਝਾਇਆ, ''ਭਲਿਆਈ ਕਰਦਿਆਂ ਅਸੀਂ ਅੱਕ ਨਾ ਜਾਈਏ'' (6:9ੳ)। ਸੰਸਾਰ ਵਿਚ ਹੋਈਏ ਜਾਂ ਕਲੀਸੀਆ ਵਿਚ, ਮੁਸ਼ਕਿਲਾਂ ਤਾਂ ਆਉਣਗੀਆਂ ਹੀ, ਜਿਨ੍ਹਾਂ ਨੂੰ ਪਾਰ ਕਰਨਾ ਜ਼ਰੂਰੀ ਹੈ। ਜਿਵੇਂ ਅੱਜ ਤੋਂ ਦੋ ਹਜ਼ਾਰ ਸਾਲ ਪਹਿਲਾਂ ਉਸ ਦੇ ਇਸ ਪੱਤਰੀ ਨੂੰ ਲਿਖਣ ਵੇਲੇ ਸੀ, ਉਵੇਂ ਹੀ ਅੱਜ ਵੀ ਹੈ।

ਫਿਰ ਵਿਰੋਧੀਆਂ ਨੇ ਪੌਲੁਸ ਦੇ ਰਸੂਲ ਹੋਣ ਦੇ ਇਖ਼ਤਿਆਰ ਉੱਤੇ ਸਵਾਲ ਉਠਾਇਆ, ਜਿਵੇਂ ਅੱਜ ਵੀ ਕੁਝ ਧਰਮ ਸ਼ਾਸਤਰੀ ਕਰਦੇ ਹਨ। ਉਨ੍ਹਾਂ ਦਾ ਤਰਕ ਹੁੰਦਾ ਹੈ ਕਿ ਰਸੂਲ ਜਦ ਆਪਣੀਆਂ ਪੱਤਰੀਆਂ ਨੂੰ ਲਿਖ ਰਿਹਾ ਸੀ, ਤਦ ਉਸ ਨੂੰ ਇਹ ਅੰਦਾਜ਼ਾ ਨਹੀਂ ਸੀ ਕਿ ਉਹ ਇਲਹਾਮ ਨਾਲ ਦਿੱਤੀ ਗਈ ਬਾਈਬਲ ਹੀ ਲਿਖ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੁੰਦਾ ਹੈ ਕਿ ਇਸ ਦੀ ਥਾਂ ਉਹ ਉਨ੍ਹਾਂ ਨੂੰ ਆਪਣੇ ਯਹੂਦੀ ਭਾਈਆਂ ਵੱਲੋਂ ਗੁਮਰਾਹ ਹੋਣ ਤੋਂ ਬਚਾਉਣ ਲਈ ਆਪਣੀਆਂ ''ਭੇਡਾਂ'' ਦੇ ਸਥਾਨਕ ਇੱਜੜ ਨੂੰ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਉਨ੍ਹਾਂ ਦਾ ਦਾਅਵਾ ਹੁੰਦਾ ਹੈ ਕਿ ਪੌਲੁਸ ਇਸ ਕਰਕੇ ਲਿਖ ਰਿਹਾ ਸੀ ਤਾਂ ਜੋ ਯਹੂਦੀ ਅਤੇ ਗੈਰ ਕੌਮ ਮਸੀਹੀ ਇਕ ਦੂਜੇ ਦੇ ਨਾਲ ਮਿਲ ਕੇ ਚੱਲਣ।

ਅਜਿਹੇ ਵਿਚਾਰ ਗੁਮਰਾਹ ਕਰਨ ਵਾਲੇ ਹਨ। ਪੌਲੁਸ ਲਈ ਸਿੱਖਿਆ (ਡਾਕਟ੍ਰਿਨ) ਦਾ ਸਚਮੁਚ ਵਿਚ ਮਹੱਤਵ ਸੀ! ਪਰਗਟ ਕੀਤੀ ਗਈ ਸਚਿਆਈ ਨਾਲ ਸਮਝੌਤਾ ਕਰਨਾ ਕਦੇ ਵੀ ਕਬੂਲੇ ਜਾਣ

ਯੋਗ ਹੱਲ ਨਹੀਂ ਹੈ। ਜਦ ਸਚਿਆਈ ਨਾਲ ਸਮਝੌਤਾ ਕੀਤਾ ਜਾਂਦਾ ਹੈ ਤਾਂ ਇਹ ਆਮ ਤੌਰ ਤੇ ਉਨ੍ਹਾਂ ਸਭ ਤੋਂ ਵਫ਼ਾਦਾਰ ਭਾਈਆਂ ਦੀ ਕੀਮਤ ਉੱਤੇ ਹੁੰਦਾ ਹੈ ਜਿਹੜੇ ''ਹਿੰਮਤ ਹਾਰ'' ਕੇ ਨਿਰਾਸ਼ ਹੋ ਜਾਂਦੇ ਹਨ। ਜਦ ਸਚਿਆਈ ਨੂੰ ਸਚਿਆਈ ਦੇ ਰੂਪ ਵਿਚ ਕਬੂਲਿਆ ਨਹੀਂ ਜਾਂਦਾ, ਤਾਂ ਮਸੀਹ ਦਾ ਇਖ਼ਤਿਆਰ ਪ੍ਰਭਾਵਿਤ ਹੁੰਦਾ ਹੈ ਅਤੇ ਆਤਮਾ ਦੀ ਸ਼ਕਤੀ ਬੁਝਦੀ ਹੈ।

ਨਾਲੇ ਪੌਲੁਸ ਇਸ ਗੱਲ ਤੋਂ ਵਾਕਫ਼ ਸੀ ਕਿ ਉਸ ਦੇ ਲੇਖ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੇ ਗਏ ਸਨ (1:11, 12; ਵੇਖੋ 1 ਕੁਰਿੰਥੀਆਂ 14:37, 38)। ਪਤਰਸ ਦਾ ਵੀ ਇਹੀ ਨਜ਼ਰੀਆ ਸੀ (2 ਪਤਰਸ 3:14–16)। ਬਾਈਬਲ ਦੀ ਕਿਸੇ ਵੀ ਸਚਿਆਈ ਉੱਤੇ ਕਿਸੇ ਵੀ ਗਲਤੀ ਨੂੰ ਹਲਕੇ ਢੰਗ ਨਾਲ ਨਹੀਂ ਲਿਆ ਜਾਣਾ ਚਾਹੀਦਾ। ਬਲਕਿ ਕੋਈ ਵੀ ਪ੍ਰਚਾਰਕ, ਸਿਖਾਉਣ ਵਾਲਾ (ਟੀਚਰ), ਪ੍ਰੋਫ਼ੈਸਰ ਜਾਂ ਧਰਮਸ਼ਾਸਤਰੀ (ਥਿਓਲੋਜੀਅਨ) ਜਿਹੜਾ ਬਾਈਬਲ ਦੇ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੇ ਹੋਣ ਤੋਂ ਇਨਕਾਰ ਕਰਦਾ ਹੈ, ਗਲਤੀ ਕਰਨ ਦਾ ਹੀ ਦੋਸ਼ੀ ਨਹੀਂ ਹੈ। ਅਜਿਹਾ ਇਨਕਾਰ ਸੋਚੀ ਸਮਝੀ ਗਲਤੀ ਹੋ ਸਕਦਾ ਹੈ ਅਤੇ ਇਸ ਨੂੰ ਵਧਾਵਾ ਦੇਣ ਵਾਲੇ ਕਿਸੇ ਵੀ ਵਿਅਕਤੀ ਨੂੰ ਝੂਠੀ ਸਿੱਖਿਆ ਦੇਣ ਵਾਲਾ ਮੰਨਿਆ ਜਾਣਾ ਚਾਹੀਦਾ ਹੈ।[52] ਗਲਾਤੀਆਂ ਦੀ ਸਥਿਤੀ ਤੇ ਇਹ ਗੱਲ ਸਾਫ਼ ਤੌਰ ਤੇ ਲਾਗੂ ਹੁੰਦੀ ਸੀ ਜਿਹੜੀ ਪੌਲੁਸ ਨੇ ਤਿਮੋਥਿਉਸ ਨੂੰ ਦਿੱਤੀ:

> ਪਰ ਆਗਿਆ ਦਾ ਤਾਤਪਰਜ ਉਹ ਪ੍ਰੇਮ ਹੈ ਜਿਹੜਾ ਸ਼ੁੱਧ ਮਨ ਅਤੇ ਸਾਫ਼ ਅੰਤਹਕਰਨ ਅਤੇ ਨਿਸ਼ਕਪਟ ਨਿਹਚਾ ਤੋਂ ਹੁੰਦਾ ਹੈ। ਅਤੇ ਕਈ ਇਹਨਾਂ ਗੱਲਾਂ ਤੋਂ ਖੁੰਝ ਕੇ ਬਕਵਾਸ ਦੀ ਵੱਲ ਪਰਤ ਗਏ ਹਨ। ਜਿਹੜੇ ਸ਼ਰਾ ਦੇ ਪੜ੍ਹਾਉਣ ਵਾਲੇ ਹੋਣੇ ਚਾਹੁੰਦੇ ਹਨ ਭਾਵੇਂ ਓਹ ਸਮਝਦੇ ਹੀ ਨਹੀਂ ਭਈ ਕੀ ਬੋਲਦੇ ਅਥਵਾ ਕਿਹ ਦੇ ਵਿਖੇ ਪੱਕ ਕਰ ਕੇ ਆਖਦੇ ਹਨ (1 ਤਿਮੋਥਿਉਸ 1:5–7)।

''ਜਿਵੇਂ ਸਾਨੂੰ ਮੌਕਾ ਮਿਲੇ ਸਭਨਾਂ ਨਾਲ ਭਲਾ'' (6:10) ਕਰਨ ਦੀ ਬਹੁਤ ਤਰ੍ਹਾਂ ਨਾਲ ਚਿਤਾਵਨੀ ਵੀ ਹੈ ਜਿਹੜੀ ਕੌਮ, ਲਿੰਗ ਜਾਂ ਆਰਥਿਕ ਸਥਿਤੀ ਦੇ ਅਧਾਰ ਤੇ ਲਗਾਅ ਜਾਂ ਪੱਖਪਾਤ ਨੂੰ ਰੋਕਦੀ ਹੈ। ਦੂਜਿਆਂ ਦੀ ਮਦਦ ਕਰਦਿਆਂ ਮਸੀਹੀ ਲੋਕਾ ਨੂੰ ਇਹ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਪ੍ਰਭੂ ਦੀ ਕਲੀਸੀਆ ਦੇ ਲੋਕਾਂ ਦੀ ਸੰਭਾਲ ਪਹਿਲਾਂ ਦਿੱਤੀ ਜਾਵੇ। ਮਸੀਹੀ ਆਦਮੀ ਨੂੰ ਸਮਾਜਿਕ ਸਬੰਧਾਂ ਵਿਚ, ਜਿੱਥੋਂ ਤਾਈਂ ਹੋ ਸਕੇ, ਮਸੀਹੀ ਲੋਕ ਹੋਣ ਜਾਂ ਬੇਪਰਤੀਤੇ, ਕਿਸੇ ਨੂੰ ਵੀ ਠੋਕਰ ਦੇਣ ਤੋਂ ਬਚਣਾ ਚਾਹੀਦਾ ਹੈ, ਤਦ ਵੀ ਜਦ ਆਪਣੇ ਹੱਕਾਂ ਨੂੰ ਛੱਡਣ ਦੀ ਗੱਲ ਕਹੀ ਜਾਏ।[53]

ਮੁੱਢਲੇ ਮਸੀਹੀਆਂ ਲਈ ਸਿਆਸੀ ਤੌਰ ਤੇ ਪ੍ਰਭਾਵਸ਼ਾਲੀ ਰੋਮੀਆਂ, ਸੱਭਿਆਚਾਰਕ ਤੌਰ ਤੇ ਬੇਹਤਰ ਯੂਨਾਨੀਆਂ ਅਤੇ ਧਾਰਮਿਕ ਅਤੇ ਨੈਤਿਕ ਤੌਰ ਤੇ ਬੇਹਤਰ ਪਹਿਲੀ ਸਦੀ ਦੇ ਯਹੂਦੀਆਂ ਦੇ ਧਾਰਮਿਕ ਪਿਛੋਕੜਾਂ ਅਤੇ ਸੱਭਿਆਤਾਵਾਂ ਦੇ ਮਾਨਕਾਂ ਨੂੰ ਮਿਲਾਉਣਾ ਭਾਵੇਂ ਉਹ ਪਵਿੱਤਰ ਆਤਮਾਵਾ ਦੀ ਮਦਦ ਦੇ ਨਾਲ ਹੀ ਹੋਵੇ, ਕੋਈ ਛੋਟਾ ਕਾਰਨਾਮਾ ਨਹੀਂ ਸੀ। ਪਵਿੱਤਰ ਆਤਮਾ ਦੇ ਰਾਹੀਂ ਇਨ੍ਹਾਂ ਸਭਨਾਂ ਨੂੰ ਇਕ ਦੂਜੇ ਨਾਲ ਸਾਰਥਕ ਸੰਗਤੀ ਦੇ ਯੋਗ ਸਥਾਨਕ ਸਮੂਹਾਂ (ਮੰਡਲੀਆਂ) ਵਿਚ ਲਿਆਂਦਾ ਗਿਆ। ਜ਼ਾਹਿਰ ਤੌਰ ਤੇ ਇਹਦੇ ਲਈ ਇਸ ਵਿਚ ਸ਼ਾਮਿਲ ਸਭ ਲੋਕਾਂ ਦੀ ਕੁਰਬਾਨੀ ਦਿਸਦੀ ਹੈ। ਸਿਰ ਢੱਕਣਾ, ਸ਼ੁੱਧ ਅਤੇ ਅਸ਼ੁੱਧ ਭੋਜਨ, ਪਵਿੱਤਰ ਦਿਨ, ਸੁੰਨਤ ਅਤੇ ਮੂਰਤਾਂ ਅੱਗੇ ਚੜ੍ਹਾਏ ਭੋਜਨ ਕੁਝ ਅਜਿਹੇ ਮੁੱਦੇ ਸਨ ਜਿਨ੍ਹਾਂ ਉੱਤੇ ਧਿਆਨ ਦਿੱਤਾ ਜਾਣਾ ਅਤੇ ਵਿਚਾਰ ਕੀਤਾ ਜਾਣਾ ਜ਼ਰੂਰੀ ਸੀ।

ਕਈ ਵਾਰ ਭਾਸ਼ਾ ਵੀ ਜ਼ਹਿਰੀਲੀ ਬਣ ਸਕਦੀ ਹੈ। ''ਪ੍ਰਭੂ'' (*kurios*, ਕੁਰਿਓਸ) ਮਸੀਹੀ ਆਦਮੀ ਨੂੰ ਇਸ ਖ਼ਤਰਨਾਕ ਸਵਾਲ ਵਿਚ ਪਾ ਸਕਦਾ ਸੀ ਕਿ ਪ੍ਰਭੂ ਕੌਣ ਹੈ, ਮਸੀਹ ਜਾਂ ਫਿਰ ਕੈਸਰ। ਇਹ ਕੈਸਰ ਨੂੰ ਮੰਨਣ ਅਤੇ ਮਸੀਹ ਦਾ ਇਨਕਾਰ ਕਰਨ ਅਤੇ ਜਾਂ ਫਿਰ ਮਸੀਹ ਦਾ ਇਕਰਾਰ ਕਰਕੇ ਸ਼ਹੀਦ ਦੀ ਮੌਤ ਮਰਨ ਦਾ ਮਾਮਲਾ ਵੀ ਬਣ ਸਕਦਾ ਹੈ।

ਜਿਸ ਸਮੇਂ ਪੌਲੁਸ ਆਪਣੇ ਸ਼ੁਰੂਆਤੀ ਖ਼ਤ ਲਿਖ ਰਿਹਾ ਸੀ ਉਦੋਂ ਤਿੰਨ ਵੱਡੀਆਂ ਸੱਭਿਅਤਾਵਾਂ ਵਿੱਚੋਂ ਮਨਬਦਲੀ ਕਰਨ ਵਾਲਿਆਂ ਨੂੰ ਇਕ ਕਰਨਾ ਔਖਾ ਰਿਹਾ ਹੋਵੇਗਾ। ਸਮਰਪਤ ਚੇਲਾ ਹੋਣ ਕਰਕੇ ਪੌਲੁਸ ਡਟਿਆ ਰਿਹਾ। ਸਮੇਂ ਦੇ ਨਾਲ ਉਹ ਕਈ ਨਸਲੀ ਤੌਰ ਤੇ ਵੱਖੋ ਵੱਖ ਮੰਡਲੀਆਂ ਕਾਇਮ ਕਰਨ ਵਿਚ ਸਫਲ ਹੋ ਗਿਆ ਜਿਹੜੀਆਂ ਨਾ ਸਿਰਫ਼ ਇਕ ਦੂਜੇ ਨੂੰ ਕਬੂਲ ਕਰਦੀਆਂ ਸਨ ਬਲਕਿ ਇਕ ਦੂਜੇ ਦੀ ਮਦਦ ਵੀ ਕਰਦੀਆਂ ਸਨ। ਰਸੂਲਾਂ ਦੇ ਕਰਤੱਬ ਦੇ ਨਾਲ ਨਾਲ ਉਸ ਦੇ ਆਪਣੇ ਲੇਖਾਂ ਤੋਂ ਅਸੀਂ ਯੂਨਾਨ, ਮਕਦੂਨੀਆ ਅਤੇ ਏਸ਼ੀਆ ਮਾਈਨਰ ਦੀਆਂ ਖ਼ਾਸ ਤੌਰ ਤੇ ਗੈਰਕੌਮ ਕਲੀਸੀਆਵਾਂ ਵਿਚ ਫਲਸਤੀਨ ਦੇ ਯਹੂਦੀ ਮਸੀਹੀਆਂ ਦੇ ਕੰਗਾਲਾਂ ਲਈ ਖੁਲ੍ਹ ਦਿਲੀ ਨਾਲ ਦੇਣ ਨੂੰ ਵੇਖਦੇ ਹਾਂ।[54]

**ਪੱਖਪਾਤ ਵਿਖਾਉਣਾ** (6:12, 13)

ਪੌਲੁਸ ਨੇ ਗਲਾਤੀਆ ਦੇ ਮਸੀਹੀਆਂ ਨੂੰ ਦੱਸਿਆ, ''ਜਿੰਨੇ ਲੋਕ ਸਰੀਰ ਵਿਚ ਵੱਡਾ ਵਿਖਾਵਾ ਵਿਖਾਉਣਾ ਚਾਹੁੰਦੇ ਹਨ ਓਹ ਬਦੋ ਬਦੀ ਤੁਹਾਡੀ ਸੁੰਨਤ ਕਰਾਉਂਦੇ ਹਨ'' (6:12ੳ)। ਇਨ੍ਹਾਂ ਸ਼ਬਦਾਂ ਵਿਚ ਸਾਨੂੰ ਅੰਤਾਕਿਆ ਦੇ ਉਸ ਬੁਰੇ ਦਿਨ ਦੀ ਸਾਫ਼ ਗੂੰਜ ਸੁਣਾਈ ਦਿੰਦੀ ਹੈ ਜਦ ਪੌਲੁਸ ਨੇ ਪਤਰਸ ਨੂੰ ਸਾਰਿਆਂ ਦੇ ਸਾਹਮਣੇ ਝਾੜ ਪਾਈ ਸੀ। ਪੌਲੁਸ ਨੇ 2:14 ਵਾਲੀ ਉਹ ਕਹਾਣੀ ਦੱਸੀ: ''ਸਭਨਾਂ ਦੇ ਅੱਗੇ ਕੇਫ਼ਾਸ ਨੂੰ ਆਖਿਆ ਭਈ ਜਦੋਂ ਤੂੰ ਯਹੂਦੀ ਹੋ ਕੇ ਪਰਾਈਆਂ ਕੌਮਾਂ ਦੀ ਰੀਤ ਉੱਤੇ ਚੱਲਦਾ ਹੈਂ ਅਤੇ ਯਹੂਦੀਆਂ ਦੀ ਰੀਤ ਉੱਤੇ ਨਹੀਂ ਤਾਂ ਤੂੰ ਕਿਵੇਂ ਪਰਾਈਆਂ ਕੌਮਾਂ ਨੂੰ ਯਹੂਦੀਆਂ ਦੀ ਰੀਤ ਉੱਤੇ *ਬਦੋਬਦੀ* ਚਲਾਉਂਦਾ ਹੈਂ?''

ਪਤਰਸ ਦਾ ਜਾਣ ਬੁੱਝ ਕੇ ਕਿਸੇ ਨੂੰ ਸੁੰਨਤ ਕਰਾਉਣ ਲਈ ਮਜਬੂਰ ਕਰਨ ਦਾ ਕੋਈ ਇਰਾਦਾ ਨਹੀਂ ਸੀ, ਪਰ ਆਪਣੇ ਨਮੂਨੇ ਦੇ ਰਾਹੀਂ ਉਹ ਗੈਰਕੌਮਾਂ ਉੱਤੇ ਬਿਲਕੁਲ ਇਹੀ ਕਰਨ ਦਾ ਦਬਾਅ ਪਾ ਰਿਹਾ ਸੀ। ਉਹ ਪੂਰੀ ਮਸੀਹੀ ਲਹਿਰ ਵਿਚ ਸਭ ਤੋਂ ਪ੍ਰਮੁੱਖ ਅਤੇ ਪ੍ਰਭਾਵਸ਼ਾਲੀ ਆਗੂਆਂ ਵਿੱਚੋਂ ਇਕ ਸੀ। ਪਤਰਸ ਨੂੰ ਯਿਸੂ ਨੇ ਸਿਰਫ਼ ਸੁਰਗ ਦੇ ਰਾਜ ਦੀਆਂ ਕੁੰਜੀਆਂ ਨਹੀਂ ਦਿੱਤੀਆਂ ਸਨ,[55] ਬਲਕਿ ਉਸ ਦਾ ਉਪਨਾਮ ''ਚੱਟਾਨ'' ਵੀ ਰੱਖਿਆ ਸੀ (ਵੇਖੋ ਯੂਹੰਨਾ 1:42[56])। ਫਿਰ ਵੀ ਕੁਝ ਹਾਲਾਤ ਵਿਚ ਪਤਰਸ ਨਿਰਾਸ਼ਾਨਜਕ ਢੰਗ ਨਾਲ ਕਮਜ਼ੋਰ ਹੋ ਸਕਦਾ ਸੀ। ਇੱਥੇ ਇਕ ਸਬਕ ਹੈ ਜਿਹੜਾ ਸਾਨੂੰ ਸਭ ਨੂੰ ਪ੍ਰਭਾਵਿਤ ਕਰਦਾ ਹੈ ਕਿ ਜਦ ਅਸੀਂ ਪਿੱਛੇ ਮੁੜ ਕੇ ਖਾਮੋਸ਼ ਹੋ ਜਾਂਦੇ ਹਾਂ ਜਾਂ ਭੀੜ ਦੇ ਨਾਲ ਖਾਮੋਸ਼ੀ ਨਾਲ ਚੱਲਣ ਲੱਗ ਪੈਂਦੇ ਹਾਂ, ਤਾਂ ਸਾਡਾ ਆਪਣਾ ਨਮੂਨਾ ਦੂਜਿਆਂ ਨੂੰ ਉਵੇਂ ਹੀ ਕਰਨ ਲਈ ਦਬਾਅ ਪਾ ਸਕਦਾ ਹੈ, ਜਿਸ ਦਾ ਨਤੀਜਾ ਖ਼ਤਰਨਾਕ ਹੋ ਸਕਦਾ ਹੈ।

ਪਤਰਸ ਦੀ ਕਹਾਣੀ ਸਾਨੂੰ ਯਾਦ ਦੁਆਉਂਦੀ ਹੈ ਕਿ ਨਸਲ ਦੇ ਸਬੰਧ ਵਿਚ ਖ਼ੁਦਾ ਕਿਸੇ ਨਾਲ ਪੱਖਪਾਤ ਨਹੀਂ ਕਰਦਾ। ਪੈਂਟੀਕਾਸਟ ਵਾਲੇ ਦਿਨ ਜਦ ਉਸ ਨੇ ਅਤੇ ਹੋਰਨਾਂ ਰਸੂਲਾਂ ਨੇ ਇੰਜੀਲ ਸੁਣਾਈ ਸੀ ਤਾਂ ਉਨ੍ਹਾਂ ਦੇ ਸੁਣਨ ਵਾਲਿਆਂ ਦੇ ਦਿਲ ਛਿਦ ਗਏ ਸਨ ਅਤੇ ਉਹ ਉਨ੍ਹਾਂ ਤੋਂ ਪੁੱਛਣ ਲੱਗੇ ਸਨ ਕਿ ਉਹ ਕੀ ਕਰਨ। ਪਤਰਸ ਨੇ ਉਨ੍ਹਾਂ ਸਾਰਿਆਂ ਨੂੰ ਕਿਹਾ ਸੀ, ''ਤੌਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ'' (ਰਸੂਲਾਂ ਦੇ ਕਰਤੱਬ 2:38)। ਉਸ ਨੇ ਸਿਰਫ਼ ਐਨਾ ਹੀ ਨਹੀਂ ਕਿਹਾ ਸੀ। ਬਲਕਿ ਉਸ ਨੇ ਅੱਗੇ ਆਖਿਆ, ''ਕਿਉਂਕਿ ਇਹ ਕਰਾਰ ਤੁਹਾਡੇ ਅਰ ਤੁਹਾਡੇ ਬਾਲਕਾਂ ਦੇ ਨਾਲ ਹੈ ਅਤੇ ਉਨ੍ਹਾਂ *ਸਭਨਾਂ ਨਾਲ ਜਿਹੜੇ ਦੂਰ ਹਨ* ਜਿੰਨਿਆਂ ਨੂੰ ਪ੍ਰਭੂ ਸਾਡਾ ਪਰਮੇਸ਼ੁਰ ਆਪਣੇ ਕੋਲ ਬੁਲਾਵੇ'' (ਰਸੂਲਾਂ ਦੇ ਕਰਤੱਬ 2:39)।

ਪਤਰਸ ਨੂੰ ਆਪਣੇ ਆਤਮਾ ਦੀ ਪ੍ਰੇਰਣਾ ਨਾਲ ਦਿੱਤੇ ਗਏ ਸ਼ਬਦਾਂ ਦਾ ਮਤਲਬ ਪੂਰੀ ਤਰ੍ਹਾਂ ਨਾਲ ਉਦੋਂ ਤਕ ਸਮਝ ਨਹੀਂ ਸੀ ਆਇਆ ਜਦੋਂ ਤਕ ਉਸ ਨੂੰ ਖ਼ੁਦਾ ਵੱਲੋਂ ਕਈ ਸਾਲਾਂ ਬਾਅਦ ਕੁਰਨੇਲਿਉਸ ਦੇ ਘਰ ਨਹੀਂ ਘੱਲਿਆ ਗਿਆ। ਉਸ ਵਕਤ ਪਤਰਸ ਨੇ ਆਖਿਆ, ''ਮੈਂ ਸੱਚ ਸੱਚ

ਜਾਣ ਲਿਆ ਜੋ ਪਰਮੇਸ਼ੁਰ ਕਿਸੇ ਦਾ ਪੱਖ ਨਹੀਂ ਕਰਦਾ। ਸਗੋਂ ਹਰੇਕ ਕੌਮ ਵਿੱਚੋਂ ਜੋ ਕੋਈ ਉਸ ਤੋਂ ਡਰਦਾ ਅਤੇ ਧਰਮ ਦੇ ਕੰਮ ਕਰਦਾ ਹੈ ਸੋ ਉਹ ਨੂੰ ਭਾਉਂਦਾ ਹੈ'' (ਰਸੂਲਾਂ ਦੇ ਕਰਤੱਬ 10:34, 35)। ਇਸ ਸੰਦਰਭ ਵਿਚ ''ਉਸ ਤੋਂ ਡਰਦਾ'' ਤੋਂ ਭਾਵ ਹੈ ''ਉਸ ਦਾ ਆਦਰ ਕਰਦਾ ਸੀ,'' ਜੋ ਕਿ ਕੁਰਨੇਲਿਉਸ ਨਾਮਕ ਸ਼ਖ਼ਸ ਦੀ ਖੂਬੀ ਸੀ (ਰਸੂਲਾਂ ਦੇ ਕਰਤੱਬ 10:1, 2, 22)।

ਰਸੂਲਾਂ ਦੇ ਕਰਤੱਬ 10:34, 35 ਵਿਚ ਪਤਰਸ ਦੀ ਇਕ ਹੋਰ ਖ਼ਾਸ ਗੱਲ ''ਕਿਸੇ ਦਾ ਪੱਖ'' (*prosōpolēmptēs*, ਪ੍ਰੋਸੋਲੈਂਪਟਸ) ਹੈ, ਜਿਸ ਦਾ ਅਨੁਵਾਦ ''ਲੋਕਾਂ ਦਾ ਲਿਹਾਜ਼ ਕਰਨ ਵਾਲਾ'' (KJV) ਹੋ ਸਕਦਾ ਹੈ। ਇਹ ''ਗ੍ਰਹਿਣ'' ਜਾਂ ''ਕਬੂਲ'' (*lambanō*, ਲੈਂਬਨ) ਦੇ ਨਾਲ ਚਿਹਰਾ ਜਾਂ ''ਬਾਹਰੀ ਰੂਪ'' (*prosōpon*, ਪ੍ਰੋਸੋਪੋਨ) ਨੂੰ ਮਿਲਾਉਂਦਾ ਇਕ ਮਿਸ਼ਰਿਤ ਸ਼ਬਦ ਹੈ। ਇਸ ਦਾ ਮਤਲਬ ਇਹ ਹੋਇਆ ਕਿ ਇਸ ਸ਼ਬਦ ਦਾ ਅਰਥ ਕਿਸੇ ਵੱਲ, ਖ਼ਾਸਕਰ ਫੈਸਲਾ ਦੇਣ ਵੇਲੇ, ''ਪੱਖਪਾਤ ਵਿਖਾਉਣਾ'' ਜਾਂ ''ਤਰਜੀਹ ਵਿਖਾਉਣਾ'' ਹੈ।

ਨਵਾਂ ਨੇਮ ਅਜਿਹੇ ਰਵੱਈਏ ਦੀ ਨਿੰਦਿਆ ਕਰਦਾ ਹੈ। ਉਦਾਹਰਣ ਲਈ, ਯਾਕੂਬ ਨੇ ਕੰਗਾਲਾਂ ਨਾਲੋਂ ਧਨਵਾਨਾਂ ਨੂੰ ਜਾਂ ਮੈਲੇ ਕੁਚੇਲੇ ਕੱਪੜੇ ਪਾਉਣ ਵਾਲਿਆਂ ਨਾਲੋਂ ਸੂਟ ਬੂਟ ਪਾਉਣ ਵਾਲਿਆਂ ਨੂੰ ਖਾਸ ਸਨਮਾਨ ਦੇਣ ਦੇ ਖ਼ਿਲਾਫ਼ ਲਿਖਿਆ (ਯਾਕੂਬ 2:1–9)। ਪੌਲੁਸ ਨੇ ਉਨ੍ਹਾਂ ਦਾ ਵਿਰੋਧ ਕੀਤਾ ''ਜਿਹੜੇ ਵਿਖਾਵੇ ਤੇ ਅਭਮਾਨ ਕਰਦੇ ਹਨ ਅਤੇ ਹਿਰਦੇ ਤੇ ਨਹੀਂ'' (2 ਕੁਰਿੰਥੀਆਂ 5:12)। ਖ਼ੁਦਾ ਨਸਲੀ ਅਧਾਰ ਤੇ ਪੱਖਪਾਤ ਨਹੀਂ ਵਿਖਾਉਂਦਾ (ਰੋਮੀਆਂ 2:5–11), ਅਤੇ ਸਾਨੂੰ ਵੀ ਨਹੀਂ ਵਿਖਾਉਣਾ ਚਾਹੀਦਾ। ਇਹ ਗੱਲ ਖ਼ਾਸ ਤੌਰ ਤੇ ਮਸੀਹੀ ਸਬੰਧਾਂ ਵਿਚ ਲਾਗੂ ਹੁੰਦੀ ਹੈ: ''ਨਾ ਯਹੂਦੀ ਨਾ ਯੂਨਾਨੀ, ਨਾ ਗੁਲਾਮ ਨਾ ਅਜ਼ਾਦ, ਨਾ ਨਰ ਨਾ ਨਾਰੀ ਹੋ ਸਕਦਾ ਹੈ ਕਿਉਂ ਜੋ ਤੁਸੀਂ ਸੱਭੇ ਮਸੀਹ ਯਿਸੂ ਵਿਚ ਇੱਕੋ ਹੀ ਹੋ। ਅਤੇ ਜੇ ਤੁਸੀਂ ਮਸੀਹ ਦੇ ਹੋ ਤਾਂ ਅਬਰਾਹਾਮ ਦੀ ਅੰਸ ਅਤੇ ਬਚਨ ਦੇ ਅਨੁਸਾਰ ਅਧਕਾਰੀ ਹੋ'' (ਗਲਾਤੀਆਂ 3:28, 29)। ਸਮਾਜਕ, ਆਰਥਕ ਜਾਂ ਨਸਲੀ ਅਧਾਰ ਤੇ ਕੀਤਾ ਜਾਣ ਵਾਲਾ ਕੋਈ ਵੀ ਵਿਤਕਰਾ ''ਸਰੀਰਕ'' ਹੈ ਅਤੇ ਇਸ ਕਰਕੇ ਆਤਮਾ ਦੀ ਸੋਚ ਦੇ ਉਲਟ ਹੈ, ਜਿਹੜਾ ਆਤਮਿਕ ਮਨੁੱਖ ਦੇ ਅੰਦਰ ਵਾਸ ਵਾਸ ਕਰਦਾ ਹੈ (5:16–18; ਰੋਮੀਆਂ 8:5–9)।

**ਸਰੀਰ ਵਿਚ ਘੁਮੰਡ ਕਰਨਾ** (6:12-15)

''ਸਰੀਰ'' (*sarx*, ਸਾਰਕਸ) ਸ਼ਬਦ ਦੇ ਪਾਪ ਭਰੇ ਝੁਕਾਅ (''ਸਰੀਰ ਦੇ ਕੰਮ''; 5:19–21) ਤੋਂ ਲੈ ਕੇ ਸਰੀਰਕ ਵਾਸਨਾ ਤੋਂ ਕੁਦਰਤੀ ਗਿਰਾਵਟ ਤਕ ਕਈ ਅਰਥ ਹਨ। 6:12, 13 ਵਿਚ ਕੌਮਾਂ ਦੀ ਸੁੰਨਤ ਦੀ ਗੱਲ ਹੈ, ਇਸ ਕਰਕੇ ਇਹ ਸਾਫ਼ ਹੈ ਕਿ ''ਸਰੀਰ ਵਿਚ ਵੱਡਾ ਵਿਖਾਵਾ ਵਿਖਾਉਣਾ'' ਅਤੇ ''ਤੁਹਾਡੇ ਸਰੀਰ ਉੱਤੇ ਅਭਿਮਾਨ'' ਵਾਕ ਅੰਸ਼ਾਂ ਵਿਚ ਸਰੀਰਕ ਕਾਮਨਾ ਦੀ ਗੱਲ ਹੈ। ਇੱਥੇ ਇਸ ਦੀ ਪਰਿਭਾਸ਼ਾ ਭਾਵੇਂ ਜੋ ਵੀ ਹੋਵੇ, ਕਿਸੇ ਦਾ ''ਸਰੀਰ'' ਕਦੇ ਅਜਿਹੀ ਚੀਜ਼ ਨਹੀਂ ਹੁੰਦਾ ਜਿਸ ਵਿਚ ਆਦਮੀ ਘੁਮੰਡ ਕਰੇ।

2 ਕੁਰਿੰਥੀਆਂ 5:16 ਵਿਚ ਪੌਲੁਸ ਨੇ ਕਿਹਾ ਕਿ ਹੁਣ ਉਹ ਦੂਜਿਆਂ ਨੂੰ ਉਨ੍ਹਾਂ ਦੇ ਸਰੀਰਕ ਗੁਣਾਂ ਜਾਂ ਨਿੱਜੀ ਪ੍ਰਾਪਤੀਆਂ ਦੇ ਅਧਾਰ ਤੇ ਨਹੀਂ ਵੇਖਦਾ। ਉਸ ਨੇ ਲਿਖਿਆ, ''ਸੋ ਅਸੀਂ ਹੁਣ ਤੋਂ ਕਿਸੇ ਨੂੰ *ਸਰੀਰ ਦੇ ਅਨੁਸਾਰ* ਨਹੀਂ ਸਿਆਣਦੇ ਹਾਂ ਭਾਵੇਂ ਅਸਾਂ ਮਸੀਹ ਨੂੰ ਸਰੀਰ ਦੇ ਅਨੁਸਾਰ [ਦੁਨਿਆਵੀ ਨਜ਼ਰੀਏ ਤੋਂ; NIV] ਜਾਣਿਆ ਹੈ ਪਰ ਹੁਣ ਉਸ ਤਰਾਂ ਉਹ ਨੂੰ ਫੇਰ ਨਹੀਂ ਜਾਣਦੇ।'' ਮਸੀਹੀ ਲੋਕਾਂ ਵਿਚ ਖਾਨਦਾਨ, ਸਮਾਜਿਕ ਰੁਤਬੇ ਜਾਂ ਖਾਸ ਨਿੱਜੀ ਖੂਬੀਆਂ ਦੇ ਅਧਾਰ ਤੇ ਘੁਮੰਡ ਕਰਨ ਲਈ ਕੋਈ ਗੁੰਜਾਇਸ਼ ਨਹੀਂ ਹੈ।

ਪੌਲੁਸ ਨੇ ਅਜਿਹੇ ਘੁਮੰਡ ਕਰਨ ਦਾ ਵਿਰੋਧ ਕੀਤਾ, ਭਾਵੇਂ ਸੰਸਾਰਕ ਤੌਰ ਤੇ ਕਹੀਏ ਤਾਂ ਉਸ ਦੇ ਆਪਣੇ ਦਾਅਵੇ ਇਸੇ ਤੱਥ ਉੱਤੇ ਅਧਾਰਿਤ ਹੋਣੇ ਸਨ। ਦਲੀਲ ਦੇਣ ਲਈ ਉਸ ਨੇ 2 ਕੁਰਿੰਥੀਆਂ

11:16–12:13 ਵਿਚ ਆਪਣੇ ਬਾਰੇ ਦਾਅਵੇ ਦੱਸੇ, ਪਰ ਨਾਲ ਹੀ ਪੂਰੀ ਚਰਚਾ ਨੂੰ ਮੂਰਖਤਾ ਆਖ ਕੇ ਉਸ ਨੂੰ ਗਲਤ ਠਹਿਰਾ ਦਿੱਤਾ (2 ਕੁਰਿੰਥੀਆਂ 11:16; 12:11)। ਅਜਿਹੇ ਮਾਮਲਿਆਂ ਵਿਚ ਪੌਲੁਸ ਦੀ ਨੀਤੀ ਵਿਚ ਉਸ ਦਾ ਮਨ ਉਸ ਦੇ ਕੁਰਿੰਥੁਸ ਵਿਚ ਆਉਣ ਤੋਂ ਪਹਿਲਾਂ ਹੀ ਬਣਿਆ ਹੋਇਆ ਸੀ। 1 ਕੁਰਿੰਥੀਆਂ 1:31 ਵਿਚ ਉਸ ਨੇ ਲਿਖਿਆ, ''ਜਿਵੇਂ ਲਿਖਿਆ ਹੋਇਆ ਹੈ, ਜੇ ਕੋਈ ਅਭਮਾਨ ਕਰੇ ਸੋ ਪ੍ਰਭੂ ਵਿਚ ਅਭਮਾਨ ਕਰੇ।'' ਫਿਰ ਉਸ ਨੇ ਆਪਣੀ ਸੇਵਕਾਈ ਦਾ ਬਿਆਨ ਕੀਤਾ:

> ਹੇ ਭਰਾਵੋ, ਮੈਂ ਤੁਹਾਨੂੰ ਪਰਮੇਸ਼ੁਰ ਦੀ ਸਾਖੀ ਦੀ ਖ਼ਬਰ ਦਿੰਦਾ ਹੋਇਆ ਤੁਹਾਡੇ ਕੋਲ ਆਇਆ ਤਾਂ ਬਚਨ ਯਾ ਗਿਆਨ ਦੀ ਉੱਤਮਤਾਈ ਨਾਲ ਨਹੀਂ ਆਇਆ। ਕਿਉਂ ਜੋ ਮੈਂ ਇਹ ਠਾਣ ਲਿਆ ਭਈ ਯਿਸੂ ਮਸੀਹ ਸਗੋਂ ਸਲੀਬ ਦਿੱਤੇ ਹੋਏ ਮਸੀਹ ਤੋਂ ਬਿਨਾ ਤੁਹਾਡੇ ਵਿਚ ਕਿਸੇ ਹੋਰ ਗੱਲ ਨੂੰ ਨਾ ਜਾਣਾਂ। ਅਤੇ ਮੈਂ ਦੁਰਬਲਤਾਈ ਅਤੇ ਭੈ ਅਤੇ ਵੱਡੇ ਕਾਂਬੇ ਨਾਲ ਤੁਹਾਡੇ ਕੋਲ ਰਹਿੰਦਾ ਸਾਂ। ਅਤੇ ਮੇਰਾ ਬਚਨ ਅਤੇ ਮੇਰਾ ਪ੍ਰਚਾਰ ਗਿਆਨ ਦੀਆਂ ਮਨਾਉਣ ਵਾਲੀਆਂ ਗੱਲਾਂ ਦੇ ਨਾਲ ਨਹੀਂ ਸਗੋਂ ਆਤਮਾ ਅਤੇ ਸਮਰੱਥਾ ਦੇ ਪਰਮਾਣ ਨਾਲ ਸੀ। ਤਾਂ ਜੋ ਤੁਹਾਡੀ ਨਿਹਚਾ ਮਨੁੱਖਾਂ ਦੀ ਬੁੱਧ ਉੱਤੇ ਨਹੀਂ ਸਗੋਂ ਪਰਮੇਸ਼ੁਰ ਦੀ ਸਮਰੱਥਾ ਉੱਤੇ ਠਹਿਰੇ (1 ਕੁਰਿੰਥੀਆਂ 2:1–5)।

ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਲੋਕ ਖ਼ੁਦਾ ਦੇ ਖ਼ਾਸ ਲੋਕਾਂ ਦੇ ਰੂਪ ਵਿਚ ਯਹੂਦੀ ਕੌਮ ਦੇ ਪਿਛਲੇ ਇਤਿਹਾਸ ਵਿਚ ਭਰੋਸਾ ਰੱਖਣਗੇ, ਭਾਵ ਪਿਤਾ ਅਬਰਾਹਾਮ ਅਤੇ ਮਹਾਨ ਨਬੀ ਮੂਸਾ ਵੱਲ ਵਾਪਸ ਜਾਣ ਲਈ ਗੁਮਰਾਹ ਕੀਤੇ ਗਏ ਸਨ। ਇਸ ਤੋਂ ਛੁੱਟ ਉਨ੍ਹਾਂ ਲਈ ਗੈਰਕੌਮ ਮਸੀਹੀਆਂ ਉੱਤੇ ਸੁੰਨਤ ਦੀ ਗੱਲ ਥੋਪਣਾ ਅਤੇ ਆਪਣੇ ''ਸਰੀਰ ਉੱਤੇ ਅਭਿਮਾਨ'' ਕਰਨਾ ਗਲਤ ਸੀ (ਗਲਾਤੀਆਂ 6:13)। ਪੌਲੁਸ ਨੇ ਲਿਖਿਆ, ''ਪਰ ਮੈਥੋਂ ਇਹ ਨਾ ਹੋਵੇ ਜੋ ਮੈਂ ਕਿਸੇ ਹੋਰ ਗੱਲ ਉੱਤੇ ਅਭਮਾਨ ਕਰਾਂ ਬਿਨਾਂ ਸਾਡੇ ਪ੍ਰਭੂ ਯਿਸੂ ਮਸੀਹ ਦੀ ਸਲੀਬ ਦੇ ਜਿਹ ਦੇ ਰਾਹੀਂ ਸੰਸਾਰ ਮੇਰੀ ਵੱਲੋਂ ਅਤੇ ਮੈਂ ਸੰਸਾਰ ਦੀ ਵੱਲੋਂ ਸਲੀਬ ਉੱਤੇ ਚਾੜ੍ਹਿਆ ਗਿਆ'' (6:14)।

**ਸੁੰਨਤ ਕੀਤੇ ਹੋਏ ਦਿਲ** (6:12-15)

6:15 ਵਿਚ ਪੌਲੁਸ ਨੇ ਕਿਹਾ, ''ਕਿਉਂ ਜੋ ਨਾ ਤਾਂ ਸੁੰਨਤ, ਨਾ ਹੀ ਅਸੁੰਨਤ ਕੁਝ ਹੈ ਸਗੋਂ ਨਵੀਂ ਸਰਿਸ਼ਟ।'' ਦੂਜੇ ਸ਼ਬਦਾਂ ਵਿਚ, ਖ਼ੁਦਾ ਸਾਡੇ ਦਿਲਾਂ ਦੀ ਸੁੰਨਤ ਕਰਵਾਉਣਾ ਚਾਹੁੰਦਾ ਹੈ। ਯਿਰਮਿਯਾਹ ਦੇ ਰਾਹੀਂ ਖ਼ੁਦਾ ਨੇ ਆਖਿਆ,

> ਆਪਣੀ ਪਈ ਜ਼ਮੀਨ ਨੂੰ ਵਾਹੋ,
> ਅਤੇ ਕੰਡਿਆਂ ਵਿਚ ਨਾ ਬੀਜੋ।
> ਯਹੋਵਾਹ ਲਈ ਆਪਣੀ ਸੁੰਨਤ ਕਰਾਓ
> ਆਪਣੇ ਦਿਲ ਦੀ ਖਲੜੀ ਲਹਾਓ
> ਹੇ ਯਹੂਦਾ ਦੇ ਮਨੁੱਖੋ ਅਤੇ ਯਰੂਸ਼ਲਮ ਦੇ ਵਾਸੀਓ
> (ਯਿਰਮਿਯਾਹ 4:3, 4ੳ)।

ਅੱਜ ਯਿਰਮਿਯਾਹ ਨੂੰ ਆਮ ਤੌਰ ਤੇ ''ਕੁਰਲਾਉਂਦਾ ਨਬੀ'' ਆਖਿਆ ਜਾਂਦਾ ਹੈ। ਖ਼ੁਦਾ ਦੇ ''ਪੈਗੰਬਰ'' ਦੇ ਰੂਪ ਵਿਚ ਉਹ ਭਵਿੱਖ ਵਿਚ ਹੋਣ ਵਾਲੀ ਉਸ ਬਰਬਾਦੀ ਨੂੰ ਵੇਖ ਸਕਦਾ ਸੀ ਜਿਹੜੀ ਉਸ ਦੇ ਲੋਕਾਂ ਉੱਤੇ ਪੈਣ ਵਾਲੀ ਸੀ। ਯਿਰਮਿਯਾਹ ਆਪਣੀ ਕੌਮ ਦੇ ਲੋਕਾਂ ਨਾਲ ਬੇਹੱਦ ਪਿਆਰ ਕਰਦਾ ਸੀ ਅਤੇ ਇਹੀ ਕਾਰਨ ਸੀ ਕਿ ਉਨ੍ਹਾਂ ਦੀ ਬਰਬਾਦੀ ਉੱਤੇ ਰੋਣ ਤੋਂ ਛੁੱਟ ਉਹ ਹੋਰ ਕੁਝ ਨਹੀਂ ਕਰ ਸਕਦਾ ਸੀ।

ਇਸ ਗਿਰਾਵਟ ਦੀ ਗੱਲ ਕਰਦਿਆਂ ਜਿਹੜੇ ਸ਼ਬਦ ਉਸ ਨੇ ਕਹੇ ਉਹ ਉਸ ਦੇ ਆਪਣੇ ਨਹੀਂ ਸਨ, ਬਲਕਿ ਉਹ ਉਸ ਨੂੰ ਖ਼ੁਦਾ ਵੱਲੋਂ ਦਿੱਤੇ ਗਏ ਸਨ। ਸੰਦੇਸ਼ ਵਿਚ ਅੱਗੇ ਕਿਹਾ ਗਿਆ,

> ਮਤੇ ਮੇਰਾ ਗੁੱਸਾ ਅੱਗ ਵਾਂਙੂ ਭੜਕ ਉੱਠੇ,
> ਉਹ ਬਲ ਉੱਠੇ ਅਤੇ ਬੁਝਾਉਣ ਵਾਲਾ ਕੋਈ ਨਾ ਹੋਵੇ (ਯਿਰਮਿਯਾਹ 4:4ਅ)।

ਇਹ ਰੂਪਕ ਇਸ ਗੱਲ ਦਾ ਇਸ਼ਾਰਾ ਹੈ ਕਿ ਉਨ੍ਹਾਂ ਦੇ ਦਿਲ ਅਜਿਹੇ ਹੋਣੇ ਜ਼ਰੂਰੀ ਸਨ ਜੋ ਉਨ੍ਹਾਂ ਦੀ ਆਪਣੀ ਬੁਰਿਆਈ ਨਾਲ ਟੁੱਟ ਚੁੱਕੇ ਸਨ। ਧਰਮ ਦੇ ਕੰਮਾਂ ਦੇ ਉਨ੍ਹਾਂ ਦੇ ਵਿਖਾਵੇ ਲਈ ਉਨ੍ਹਾਂ ਦੇ ਮਨ ਖ਼ੁਦਾ ਦੇ ਅੱਗੇ ਸਿੱਧੇ ਨਹੀਂ ਸਨ। ਧਾਰਮਿਕਤਾ ਦਾ ਫਲ ਬਾਹਰੀ ਦੁਨਿਆਵੀ ਰਸਮਾਂ ਨਾਲੋਂ ਕਿਤੇ ਵਧਕੇ ਹੋਣਾ ਜ਼ਰੂਰੀ ਹੈ। ਖ਼ੁਦਾ ਨੂੰ ਪਤਾ ਹੈ ਕਿ ਮਨੁੱਖ ਦੇ ਅੰਦਰ ਕੀ ਹੈ ਅਤੇ ਜਦ ਮਨ ਬੁਰਿਆਈ ਨਾਲ ਭਰਿਆ ਹੋਵੇ ਤਾਂ ਸਿਆਣਾ ਕਾਫ਼ਰ ਵੀ ਵਿਰੋਧਾਭਾਸ ਦੇ ਵਿੱਚੋਂ ਹੀ ਵੇਖ ਲਵੇਗਾ। ਕੰਡਿਆਲਿਆਂ ਵਿਚ ਬੀਜੀ ਗਈ ਕੋਈ ਚੀਜ਼ ਧਾਰਮਿਕਤਾ ਦਾ ਉਹ ਫਲ ਨਹੀਂ ਲਿਆ ਸਕਦੀ ਜਿਹਦੇ ਲਈ ਇਸਰਾਏਲੀਆਂ ਨੂੰ ''ਕੌਮਾਂ ਲਈ ਜੋਤ'' ਹੋਣ ਲਈ ਸੱਦਿਆ ਅਤੇ ਅੱਡ ਕੀਤਾ ਗਿਆ ਸੀ (ਯਸਾਯਾਹ 42:6)। ਪਹਾੜੀ ਉਪਦੇਸ਼ ਵਿਚ ਯਿਸੂ ਨੇ ਦੱਸਿਆ, ''ਨਾ ਹਰੇਕ ਜਿਹੜਾ ਮੈਨੂੰ ਪ੍ਰਭੂ! ਪ੍ਰਭੂ! ਕਹਿੰਦਾ ਹੈ ਸੁਰਗ ਦੇ ਰਾਜ ਵਿਚ ਵੜੇਗਾ ...'' (ਮੱਤੀ 7:21)।

''ਪਈ ਹੋਈ ਜ਼ਮੀਨ'' ਦੇ ਸਬੰਧ ਵਿਚ ਹੋਸ਼ੇਆ ਦੇ ਸ਼ਬਦ ਹੋਰ ਵੀ ਸਾਰਥਕ ਹਨ:

> ਆਪਣੇ ਲਈ ਧਰਮ ਬੀਜੋ,
> ਦਯਾ ਅਨੁਸਾਰ ਫ਼ਸਲ ਵੱਢੋ;
> ਆਪਣੀ ਪਈ ਹੋਈ ਜ਼ਮੀਨ ਵਿਚ ਹਲ ਚਲਾਓ,
> ਇਹ ਯਹੋਵਾਹ ਦੇ ਭਾਲਣ ਦਾ ਵੇਲਾ ਹੈ।
> ਜਦ ਤੀਕ ਉਹ ਨਾ ਆਵੇ ਅਤੇ ਤੁਹਾਡੇ ਉੱਤੇ ਧਰਮ ਨਾ ਵਰਹਾਵੇ।
> ਤੁਸਾਂ ਦੁਸ਼ਟਪੁਣੇ ਦੀ ਵਾਹੀ ਕੀਤੀ,
> ਤੁਸਾਂ ਬੁਰਿਆਈ ਵੱਡੀ,
> ਤੁਸਾਂ ਝੂਠ ਦਾ ਫਲ ਖਾਧਾ,
> ਕਿਉਂ ਜੋ ਤੈਂ ਆਪਣੇ ਰਾਹ ਉੱਤੇ,
> ਆਪਣਿਆਂ ਸੂਰਮਿਆਂ ਦੀ ਵਾਫ਼ਰੀ ਉੱਤੇ ਭਰੋਸਾ ਕੀਤਾ।
> ਰੌਲਾ ਤੇਰੇ ਲੋਕਾਂ ਵਿਚ ਉੱਠੇਗਾ,
> ਅਤੇ ਤੇਰੇ ਸਾਰੇ ਗੜ੍ਹ ਬਰਬਾਦ ਕੀਤੇ ਜਾਣਗੇ ... (ਹੋਸ਼ੇਆ 10:12–14)।

ਇਨ੍ਹਾਂ ਸ਼ਬਦਾਂ ਦਾ ਸਾਹਮਣਾ ਕਰਨਾ ਔਖਾ ਹੈ, ਪਰ ਅਜਿਹੀਆਂ ਨਬੂਵਤਾਂ ਵਿਚ ਆਉਣ ਵਾਲੀ ਤਸੱਲੀ, ਵਾਅਦਾ ਅਤੇ ਬਰਕਤ ਨਾਲ ਭਰੇ ਸ਼ਬਦਾਂ ਦੇ ਨਾਲ ਦਿੱਤੀਆਂ ਜਾਣੀਆਂ ਸਨ (ਹੋਸ਼ੇਆ 11:1–4)।

ਨਬੀਆਂ ਦੇ ''ਪਈ ਹੋਈ ਜ਼ਮੀਨ'' ਕਹਿਣ ਤੋਂ ਕੀ ਅਰਥ ਹੁੰਦਾ ਸੀ? ਇਹ ਉਸ ਖੇਤ ਨੂੰ ਕਿਹਾ ਜਾਂਦਾ ਸੀ ਜਿਸ ਵਿਚ ਸਾਲ ਭਰ ਤੋਂ ਨਾ ਤਾਂ ਬੀਜਿਆ ਗਿਆ ਹੋਵੇ ਅਤੇ ਨਾ ਵੱਢਿਆ ਗਿਆ ਹੋਵੇ। ਜ਼ਮੀਨ ਨੂੰ ਬੇਹੱਦ ਵਰਤੋਂ ਤੋਂ ਅਰਾਮ ਦੇਣਾ ਇਸ ਨੂੰ ਖ਼ਰਾਬ ਹੋਣ ਅਤੇ ਬੰਜਰ ਹੋਣ ਤੋਂ ਬਚਾਉਂਦਾ ਹੈ। ਅਜਿਹਾ ਕਰਨ ਦਾ ਹੁਕਮ ਖ਼ੁਦਾ ਨੇ ਸ਼ਰ੍ਹਾ ਵਿਚ ਦਿੱਤਾ ਸੀ ਕਿ ਹਰ ਸੱਬਤ ਦੇ ਵਰ੍ਹੇ ਵਿਚ ਜ਼ਮੀਨ ਅਣਵਾਹੀ ਰਹੇ (ਕੂਚ 23:10, 11; ਲੇਵੀਆਂ 25:2–6)।

ਯੂਰੋਪ ਵਿਚ ਇਹ ਗਿਆਨ ਪੀੜ੍ਹੀ ਤੋਂ ਪੀੜ੍ਹੀ ਅੱਗੇ ਦਿੱਤਾ ਗਿਆ ਹੈ ਜਿਸ ਦਾ ਨਤੀਜਾ ਇਹ ਹੋਇਆ ਕਿ ਜਰਮਨ ਲੋਕ ਆਪਣੀ ਜ਼ਮੀਨ ਨੂੰ ਖਾਦ ਅਤੇ ਫਸਲ ਦੇ ਅਦਲ-ਬਦਲ ਕਰਕੇ ਬੀਜਣ ਨਾਲ ''ਬਨਾਉਣ'' ਦੀ ਆਪਣੀ ਮਹਾਰਤ ਲਈ ਮਸ਼ਹੂਰ ਹਨ। ਅਸਲ ਵਿਚ ''ਕਿਸਾਨ'' ਲਈ ਅੰਗ੍ਰੇਜ਼ੀ ਭਾਸ਼ਾ ਦੇ ''ਫ਼ਾਰਮਰ'' ਜਰਮਨ ਭਾਸ਼ਾ ਦਾ ਸ਼ਬਦ ''ਬਾਉਰ'' (*bauer*) ਹੈ ਜਿਸ ਦਾ ਅਰਥ ਮੂਲ ਵਿਚ ''ਬਨਾਉਣ ਵਾਲਾ'' ਹੈ। ਪਰ ਅਮਰੀਕੀ ਹੱਦਾਂ ਤੇ ਕਿਸਾਨਾਂ ਨੂੰ ਇਹ ਗਿਆਨ ਹਮੇਸ਼ਾ ਤੋਂ ਨਹੀਂ ਸੀ। ਉਨ੍ਹਾਂ ਕੋਲ ਲਗਭਗ ਬੇਸ਼ੁਮਾਰ ਜ਼ਮੀਨ ਬਹੁਤ ਮਾਤਰਾ ਵਿਚ ਮੌਜੂਦ ਸੀ, ਇਸ ਕਰਕੇ ਕਿਸਾਨ ਆਮ ਤੌਰ ਤੇ ਕਿਸੇ ਹੋਰ ''ਨਵੀਂ ਜਮੀਨ'' ਨੂੰ ਲੱਭ ਕੇ ਇਸ ਨੂੰ ਸਾਫ਼ ਕਰਦੇ ਅਤੇ ਜਦੋਂ ਤਕ ਇਹ ਚੰਗੀ ਫਸਲ ਦਿੰਦੀ ਰਹਿੰਦੀ ਉਦੋਂ ਤਕ ਇਸ ਨੂੰ ਵਰਤਦੇ ਰਹਿੰਦੇ। ਇਸ ਤੋਂ ਬਾਅਦ ਉਹ ਆਪਣਾ ਸਮਾਨ ਅਤੇ ਸੰਦ ਚੁੱਕ ਕੇ ਆਪਣੀਆਂ ਗੱਡੀਆਂ ਵਿਚ ਪਾਉਂਦੇ ਅਤੇ ਕਿਸੇ ਹੋਰ ਇਲਾਕੇ ਦੀ ਤਲਾਸ਼ ਵਿਚ ਨਿੱਕਲ ਪੈਂਦੇ ਜਿਹੜਾ ਉਨ੍ਹਾਂ ਦਾ ਪਸੰਦੀਦਾ ਹੁੰਦਾ ਸੀ। ਇਵੇਂ ਹੀ ਚੱਲਦਾ ਰਿਹਾ, ਆਮ ਤੌਰ ਤੇ ਉਹ ਪੱਛਮ ਵੱਲ ਨੂੰ ਹੀ ਜਾਂਦੇ ਸਨ। ਯੂਰੋਪੀ ਲੋਕ ਜਿੱਥੇ ''ਬਿਲਡਰ'' ਸਨ ਜਿਹੜੇ ਪੀੜ੍ਹੀ ਦਰ ਪੀੜ੍ਹੀ ਉਸੇ ਜ਼ਮੀਨ ਉੱਤੇ ਖੇਤੀ ਕਰਦੇ ਸਨ, ਉੱਥੇ ਹੀ ਅਮਰੀਕੀ ਲੋਕ ''ਮਾਈਨਰਜ਼ (ਖਾਨਾਂ ਪੁੱਟਣ ਵਾਲੇ)'' ਸਨ ਜਿਨ੍ਹਾਂ ਨੇ ਆਪਣੀ ਜ਼ਮੀਨ ਖਰਾਬ ਕਰ ਲਈ। ਉਨ੍ਹਾਂ ਨੇ ਫਸਲ ਬਦਲ ਬਦਲ ਕੇ ਬੀਜਣ ਨਾਲ ਪੋਸ਼ਕ ਤੱਤਾਂ ਨਾਲ ਖੇਤ ਨੂੰ ਉਪਜਾਊ ਬਣਾਉਣ ਦੀ ਲੋੜ ਲਈ ਬਿਨਾਂ ਸੋਚੇ ਇਸਦੇ ਪੋਸ਼ਕ ਤੱਤਾਂ ਨੂੰ ਖਰਾਬ ਕਰ ਲਿਆ।

ਜਿਸ ਖ਼ੁਦਾ ਨੇ ਪੁਰਾਣੇ ਨੇਮ ਦੇ ਆਪਣੇ ਲੋਕਾਂ ਇਸਰਾਏਲੀਆਂ ਨੂੰ ਦੱਸਿਆ ਸੀ ਕਿ ਫਲਦਾਇਕ ਮੌਸਮਾਂ ਲਈ ਜ਼ਮੀਨ ਨੂੰ ਕਿਵੇਂ ਉਪਜਾਊ ਬਣਾਉਣਾ ਸੀ, ਉਹੀ ਖ਼ੁਦਾ ਹੈ ਜਿਹੜਾ ਪ੍ਰੇਮ ਨਾਲ ਚਾਹੁੰਦਾ ਹੈ ਕਿ ਉਸਦਾ ਨਵਾਂ ਇਸਰਾਏਲ ਧਾਰਮਿਕਤਾ ਦੇ ਫਲ ਨਾਲ ਭਰਿਆ ਹੋਵੇ। ਇਹਦੇ ਲਈ ਉਸ ਨੇ ਆਪਣੇ ਆਤਮਾ ਨੂੰ ਵਹਾ ਦਿੱਤਾ ਜਿਹਦੇ ਰਾਹੀਂ ਉਹ ਆਤਮਾ ਦਾ ਫਲ ਉਪਜਾ ਕੇ ਆਤਮਾ ਦੇ ਰਾਹੀਂ (5:22, 23) ਮੁਕਤੀ ਲਈ ਆਪਣੀਆਂ ਜ਼ਿੰਦਗੀਆਂ ਨੂੰ ਪਵਿੱਤਰ ਕਰ ਸਕਦੇ ਹਨ। ਅਸੀਂ ਉਨ੍ਹਾਂ ਗੁਆਚੀਆਂ ਹੋਈਆਂ ਲੱਖਾਂ ਰੂਹਾਂ ਨੂੰ ਵੀ ਰਾਹ ਵਿਖਾ ਸਕਦੇ ਹਾਂ ਜਿਹੜੀਆਂ ਸਾਡੇ ਇਸ ਸੰਸਾਰ ਵਿਚ ਰੂਹਾਨੀ ਹਨੇਰੇ ਅਤੇ ਭਟਕਣ ਵਿਚ ਇੱਧਰ ਉੱਧਰ ਟੋਲਦੀਆਂ ਹੋਈਆਂ ਘੁੰਮਦੀਆਂ ਫਿਰਦੀਆਂ ਹਨ। ਅਸੀਂ ''ਜੋ ਸਹੀ ਹੈ ਉਸ ਨੂੰ ਕਰਨ ਵਿਚ ਢਿੱਲੇ'' (6:9; NRSV) ਨਾ ਪਈਏ। ਇਸ ਦੇ ਉਲਟ ਅਸੀਂ ਆਤਮਾ ਦੀ ਊਰਜਾ ਭਰੀ ਸ਼ਕਤੀ ਨੂੰ ਅਪਨਾ ਲਈਏ ਜਿਸ ਨੂੰ ਖ਼ੁਦਾ ਨੇ ਸਾਡੇ ਅੰਦਰ ਵਸਾਇਆ ਹੈ। ਅਸੀਂ ਕਦੇ ਵੀ ਅੱਧੇ ਨਾਪ ਨਾਲ ਜਾਂ ਜੋ ਕੁਝ ਅਸੀਂ ਕਰ ਲਿਆ ਹੈ ਉਸ ਨੂੰ ਕਰਨ ਨਾਲ ਖੁਸ਼ ਨਾ ਹੋਈਏ। ਇਸ ਦੇ ਉਲਟ ਨਿਹਚਾ ਨਾਲ ਖ਼ੁਦਾ ਦੀ ਸਮਰੱਥਾ ਦਾ ਫ਼ਾਇਦਾ ਲਈਏ, ਜੋ ਕਿਸੇ ਵੀ ਚੀਜ਼ ਨਾਲੋਂ ਜਿਹੜੀ ਅਸੀਂ ਮੰਗ ਸਕਦੇ ਹਾਂ ਜਾਂ ਜਿਸ ਦੀ ਅਸੀਂ ਕਲਪਨਾ ਕਰ ਸਕਦੇ ਹਾਂ, ਵਧ ਕੇ ਹੈ (ਅਫ਼ਸੀਆਂ 3:20, 21)।

**ਸ਼ਰ੍ਹਾ ਨੂੰ ਸੰਖੇਪ ਕੀਤਾ ਗਿਆ (6:13)**

ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਨੇ ਸ਼ਰ੍ਹਾ ਨੂੰ ਥੋਪਣ ਦੀ ਕੋਸ਼ਿਸ਼ ਕਰਕੇ ਕਲੀਸੀਆਵਾਂ ਉੱਤੇ ਗਲਤ ਅਸਰ ਪਾਇਆ ਸੀ (1:6, 7; 3:1, 2)। 6:13 ਵਿਚ ਪੌਲੁਸ ਨੇ ਇਹ ਆਖਦਿਆਂ ਉਨ੍ਹਾਂ ਦੇ ਕਪਟ ਨੂੰ ਸਾਹਮਣੇ ਲਿਆਂਦਾ, ''ਕਿਉਂਕਿ ਜਿਹੜੇ ਸੁੰਨਤੀ ਹਨ ਓਹ ਆਪ ਵੀ ਸ਼ਰਾ ਦੀ ਪਾਲਨਾ ਨਹੀਂ ਕਰਦੇ।'' ਰਸੂਲ ਦੀ ਗੱਲ ਇਕ ਅਹਿਮ ਸਵਾਲ ਖੜਾ ਕਰਦੀ ਹੈ ਕਿ ਅੱਜ ਸ਼ਰ੍ਹਾ ਦੀ ਕੀ ਅਹਿਮੀਅਤ ਜਾਂ ਮਹੱਤਵ ਹੈ?

*ਸ਼ਰ੍ਹਾ (ਪੁਰਾਣਾ ਨੇਮ) ਸਿਰਫ਼ ਇਸਰਾਏਲੀਆਂ ਲਈ।* ਮੂਸਾ ਦੀ ਸ਼ਰ੍ਹਾ ਖ਼ੁਦਾ ਵੱਲੋਂ ਇਸਰਾਏਲੀਆਂ ਨੂੰ ਦਿੱਤੀ ਗਈ ਸੀ (ਵੇਖੋ ਕੂਚ 19:1-8) ਅਤੇ ਕਦੇ ਵੀ ਕਿਸੇ ਹੋਰ ਕੌਮ ਨੂੰ ਦਿੱਤੇ ਜਾਣ ਲਈ ਨਹੀਂ

ਦਿੱਤੀ ਗਈ ਸੀ। ਇਸ ਦਾ ਮਕਸਦ ਮੂਸਾ ਦੇ ਸਮੇਂ ਤੋਂ ਲੈ ਕੇ ਮਸੀਹ ਦੇ ਸਮੇਂ ਤਕ ਪ੍ਰਭਾਵੀ ਹੋਣਾ ਸੀ (ਵੇਖੋ ਗਲਾਤੀਆਂ 3:10–29)।

*ਸ਼ਰ੍ਹਾ (ਤੌਰਾਹ) ਅਤੇ ਨਬੀਆਂ ਨੇ ਨਵੇਂ ਨੇਮ ਦੀ ਗੱਲ ਕੀਤੀ।* ਪੁਰਾਣੇ ਨੇਮ ਦੇ ਲੇਖਕਾਂ ਨੇ ਆਪ ਪਹਿਲਾਂ ਤੋਂ ਵੇਖ ਲਿਆ ਕਿ ਉਹ ਸਮਾਂ ਆਵੇਗਾ ਜਦੋਂ ਖ਼ੁਦਾ ਇਕ ਨਵੇਂ ਨਬੀ ਦੇ ਰਾਹੀਂ ਆਪਣੇ ਲੋਕਾਂ ਨਾਲ ਇਕ ਨਵਾਂ ਨੇਮ ਬੰਨ੍ਹੇਗਾ (ਵਿਵਸਥਾ ਸਾਰ 18:15–18; ਯਿਰਮਿਯਾਹ 31:31–34)।

*ਨਵਾਂ ਨੇਮ ਬੰਨ੍ਹੇ ਜਾਣ ਤੋਂ ਬਾਅਦ, ਸ਼ਰ੍ਹਾ (ਪੁਰਾਣਾ ਨੇਮ) ਪੁਰਾਣੀ ਹੋ ਗਈ।* ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਇਸ ਦਾ ਸੰਕੇਤ ਦਿੰਦਿਆਂ ਕਿ ਇਹ ਨਬੂਵਤ ਪੂਰੀ ਹੋ ਚੁੱਕੀ ਹੈ, ਯਿਰਮਿਯਾਹ 31 ਵਿੱਚੋਂ ਦੁਹਰਾਇਆ ਗਿਆ; ਨਵਾਂ ਨੇਮ ਖ਼ੁਦਾ ਦੇ ਨਵੇਂ ਇਸਰਾਏਲ (ਕਲੀਸੀਆ) ਦੇ ਨਾਲ ਬੰਨ੍ਹਿਆ ਜਾ ਚੁੱਕਿਆ ਸੀ। ਫਿਰ ਉਸ ਨੇ ਟਿੱਪਣੀ ਕੀਤੀ, ''ਜਦੋਂ *[ਪਰਮੇਸ਼ੁਰ]* ਨੇ ਨਵਾਂ ਨੇਮ ਆਖਿਆ ਤਾਂ ਪਹਿਲੇ ਨੂੰ ਪੁਰਾਣਾ ਠਹਿਰਾਇਆ ਹੈ। ਪਰ ਜੋ ਕੁਝ ਪੁਰਾਣਾ ਹੋਇਆ ਅਤੇ ਚਿਰ ਕਾਲ ਦਾ ਹੈ ਉਹ ਅਲੋਪ ਹੋਣ ਦੇ ਨੇੜੇ ਹੈ'' (ਇਬਰਾਨੀਆਂ 8:13)। ''ਅਲੋਪ ਹੋ ਜਾਣ ਦੇ ਨੇੜੇ ਹੈ'' ਵਾਕਅੰਸ਼ ਨਾਲ ਯਕੀਨਨ ਹੀ ਉਹ 70 ਈਸਵੀ ਵਿਚ ਰੋਮੀ ਫੌਜ ਦੇ ਰਾਹੀਂ ਯਰੂਸ਼ਲਮ ਦੀ ਹੈਕਲ ਦੀ ਬਰਬਾਦੀ ਦੀ ਗੱਲ ਕਰ ਰਿਹਾ ਸੀ। ਇਸ ਨਾਲ ਯਹੂਦੀ ਮਤ ਦੀਆਂ ਕੁਰਬਾਨੀਆਂ ਬੰਦ ਹੋ ਗਈਆਂ ਸਨ ਜੋ ਕਿ ਸ਼ਰ੍ਹਾ ਨੂੰ ਮੰਨੇ ਜਾਣ ਲਈ ਜ਼ਰੂਰੀ ਸਨ।

*ਅੱਜ ਵੀ ਸ਼ਰ੍ਹਾ (ਅਤੇ ਬਾਕੀ ਦਾ ਪੁਰਾਣਾ ਨੇਮ) ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤਾ ਹੋਇਆ ਵਚਨ ਹੀ ਹੈ।* ਪੁਰਾਣਾ ਨੇਮ ਉਸੇ ਤਰ੍ਹਾਂ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤਾ ਗਿਆ ਵਚਨ ਹੈ ਜਿਵੇਂ ਨਵਾਂ ਨੇਮ ਹੈ। 2 ਤਿਮੋਥਿਉਸ 3:16, 17 ਪੌਲੁਸ ਨੇ ਇਸ ਦੇ ਸੰਬਧ ਵਿਚ ਸਾਫ਼ ਕਿਹਾ ਹੈ:

> ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ। ਭਈ ਪਰਮੇਸ਼ੁਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ (ਵੇਖੋ 2 ਪਤਰਸ 1:20, 21; 3:1, 2, 14–16)।

*ਸ਼ਰ੍ਹਾ (ਅਤੇ ਬਾਕੀ ਦਾ ਪੁਰਾਣ ਨੇਮ) ਸਾਨੂੰ ਸਿਖਾਉਣ ਅਤੇ ਦਲੇਰ ਕਰਨ ਦਾ ਕੰਮ ਕਰਦੀ ਹੈ।* ਇੰਜੀਲੀ ਯੁੱਗ ਦੇ ਸ਼ੁਰੂ ਵਿਚ ਪੁਰਾਣਾ ਨੇਮ ਹੀ ਮਸੀਹੀ ਆਦਮੀ ਦੀ ਇੱਕੋ ਇਕ ਬਾਈਬਲ ਸੀ। ਮੁੱਢਲੇ ਵਿਸ਼ਵਾਸੀਆਂ ਲਈ ਪੌਲੁਸ ਨੇ ਇਸ ਦੀ ਅਹਿਮੀਅਤ ਨੂੰ ਸਮਝਾਇਆ: ''ਕਿਉਂਕਿ ਜੋ ਕੁਝ ਅੱਗੇ ਲਿਖਿਆ ਗਿਆ ਸੋ ਸਾਡੀ ਸਿੱਖਿਆ ਦੇ ਲਈ ਲਿਖਿਆ ਗਿਆ ਭਈ ਅਸੀਂ ਧੀਰਜ ਤੋਂ ਅਤੇ ਧਰਮ ਪੁਸਤਕ ਦੇ ਦਿਲਾਸੇ ਤੋਂ ਆਸਾ ਰੱਖੀਏ'' (ਰੋਮੀਆਂ 15:4)। ਨਕਲ ਕਰਨ ਲਈ ਵਿਸ਼ਵਾਸ ਦੇ ਆਦਰਸ਼ਾਂ ਦੇ ਨਾਲ–ਨਾਲ (ਇਬਰਾਨੀਆਂ 11) ਪੁਰਾਣਾ ਨੇਮ ਇਸ ਨੂੰ ਨਾ ਮੰਨਣ ਦੇ ਨਤੀਜਿਆਂ ਦੇ ਸਬੰਧ ਵਿਚ ਸਾਨੂੰ ਚਿਤਾਵਨੀਆਂ ਦਿੰਦਾ ਹੈ (1 ਕੁਰਿੰਥੀਆਂ 10:1–12; ਇਬਰਾਨੀਆਂ 3:7–13)। ਇਹ ਉਨ੍ਹਾਂ ਘਟਨਾਵਾਂ ਵੱਲ ਜਿਹੜੀਆਂ ਉਨ੍ਹਾਂ ਦੇ ਸ਼ੁਰੂ ਵਿਚ ਕਹੇ ਜਾਣ ਤੋਂ ਸੈਂਕੜੇ ਸਾਲ ਬਾਅਦ ਪੂਰੀਆਂ ਹੋਈਆਂ ਸਨ, ਵਿਸਤਾਰ ਨਾਲ ਨਬੂਵਤਾਂ ਦੱਸਦਿਆਂ (ਉਦਾਹਰਣ, ਜ਼ਬੂਰਾਂ 22; ਯਸਾਯਾਹ 53; ਮੀਕਾਹ 5:2) ਮਸੀਹ ਵੱਲ ਨੂੰ ਇਸ਼ਾਰਾ ਕਰਦੀ ਹੈ (ਲੂਕਾ 24:26, 27, 44–49; 2 ਤਿਮੋਥਿਉਸ 3:15)। ਬਿਨਾਂ ਪੁਰਾਣੇ ਨੇਮ ਦੇ, ਨਵੇਂ ਨੇਮ ਦੀਆਂ ਬਹੁਤ ਸਾਰੀਆਂ ਗੱਲਾਂ ਜਿਹੜੀਆਂ ਅਸੀਂ ਪੜ੍ਹਦੇ ਹਾਂ, ਸਾਨੂੰ ਸਮਝ ਨਹੀਂ ਆਉਣੀਆਂ ਸਨ। ਸ਼ਬਦਕੋਸ਼, ਖ਼ਾਸ ਸ਼ਬਦਾਵਲੀ ਅਤੇ ਪ੍ਰਤੀਕਾਤਮਕ ਭਾਸ਼ਾ ਦੇ ਸਬੰਧ ਵਿਚ ਇਹ ਸਾਨੂੰ ਕਈ ਭਾਸ਼ਾਈ ਸਹਾਇਤਾ ਮੁਹੱਈਆ ਕਰਵਾਉਂਦੀ ਹੈ। ਇਹ ਸਾਨੂੰ ਭੂਗੋਲ, ਇਤਿਹਾਸ, ਸੱਭਿਅਤਾ ਅਤੇ ਥਿਓਲੋਜੀ (ਧਰਮਸ਼ਾਸਤਰ) ਨੂੰ ਸਮਝਣ ਵਿਚ ਮਦਦ ਕਰਦੀ ਹੈ।

*ਸ਼ਰ੍ਹਾ (ਪੁਰਾਣੇ ਨੇਮ) ਨੂੰ ਨਵੇਂ ਨੇਮ ਨਾਲ ਨਹੀਂ ਰਲਾਉਣਾ ਚਾਹੀਦਾ।* ਯਹੂਦੀ ਮਤ ਦੀ ਸਿੱਖਿਆ

ਦੇਣ ਵਾਲੇ ਲੋਕ ਗੈਰਕੌਮ ਮਸੀਹੀਆਂ ਉੱਤੇ ਸ਼ਰ੍ਹਾ ਦੀਆਂ ਗੱਲਾਂ ਥੋਪਣ ਦੀ ਕੋਸ਼ਿਸ਼ ਕਰਕੇ ਇਕ ਬੁਨਿਆਦੀ ਗਲਤੀ ਕਰ ਰਹੇ ਸਨ। ਕੁਝ ਨੇਕ ਨੀਅਤ ਲੋਕ ਅੱਜ ਇਹੀ ਗਲਤੀ ਕਰਦੇ ਹਨ ਜਦ ਉਹ ਕਿਸੇ ਧਾਰਮਿਕ ਰੀਤ ਦੇ ਸਮਰਥਨ ਲਈ ਪੁਰਾਣੇ ਨੇਮ ਵਿੱਚੋਂ ਦੱਸਦੇ ਹਨ।

**ਪਾਪ ਲਈ ਮੌਤ ਅਤੇ ਮਸੀਹ ਵਿਚ ਨਵੀਂ ਜ਼ਿੰਦਗੀ** (6: 14, 15)

ਸਾਡੇ ਪ੍ਰਭੂ ਦੀ ਮੌਤ ਦੇ ਬਗੈਰ ਕੋਈ ਛੁਟਕਾਰਾ ਸੰਭਵ ਹੀ ਨਹੀਂ ਹੋਣਾ ਸੀ। ਉਸ ਦੀ ਮੌਤ ਵਿਚ ਉਸ ਦੇ ਨਾਲ ਇਕ ਹੋਏ ਬਗੈਰ ਇਸ ਸੰਸਾਰ ਦੀਆਂ ਖਿੱਚਾਂ ਅਤੇ ਇਸ ਦੇ ਆਰਜ਼ੀ ਖ਼ਜ਼ਾਨਿਆਂ ਤੋਂ ਮਰੇ ਬਗੈਰ ਅਸੀਂ ਆਪਣੇ ਛੁਟਕਾਰੇ ਦੇ ਸਾਂਝੀ ਹੋ ਹੀ ਨਹੀਂ ਸਕਦੇ (ਰੋਮੀਆਂ 6: 1–14; 1 ਯੂਹੰਨਾ 2: 15–17)।

ਸਲੀਬ ਦੇ ਕਦਮੀਂ ਅਸੀਂ ਨਜ਼ਰ ਚੁੱਕ ਕੇ ਉਸ ਘਟਨਾ ਨੂੰ ਵੇਖਦੇ ਹਾਂ ਜਿਸ ਨੇ ਸਾਰੀ ਮਨੁੱਖ ਜਾਤੀ ਦੇ ਇਤਿਹਾਸ ਨੂੰ ਹੀ ਬਦਲ ਦਿੱਤਾ। ਅਸੀਂ ਪਾਪ ਲਈ ਆਪਣੀ ਮੌਤ ਅਤੇ ਤੌਬਾ ਵਿਚ ਖੁਦੀ ਲਈ ਆਪਣੀ ਮੌਤ ਵਿਚ ਉਸ ਦੇ ਸਲੀਬ ਦਿੱਤੇ ਜਾਣ ਦੀ ਸਮਾਨਤਾ ਵਿਚ ਉਸ ਦੇ ਮਗਰ ਚੱਲਣ ਲਈ ਮਜਬੂਰ ਹੋ ਜਾਂਦੇ ਹਾਂ। ਇਸ ਕਰਕੇ ਅਸੀਂ ਉਸ ਦੇ ਹੁਕਮ ਅਨੁਸਾਰ ਬਪਤਿਸਮੇ ਵਿਚ ਆਪਣੇ ਆਪ ਨੂੰ ਉਹਦੇ ਨਾਲ ਦਫ਼ਨਾਏ ਬਗੈਰ ਨਹੀਂ ਰਹਿ ਸਕਦੇ। ਨਿਹਚਾ ਨਾਲ ਨਵੇਂ ਜੀਵਨ ਦੀ ਚਾਲ ਚੱਲਣ ਲਈ ਜੀ ਉੱਠਣ ਦੇ ਰਾਹੀਂ (ਵੇਖੋ ਰੋਮੀਆਂ 6:4; ਕੁਲੁੱਸੀਆਂ 2: 11, 12), ਸਾਨੂੰ ਪਵਿੱਤਰ ਆਤਮਾ ਦਾ ਦਾਨ ਦਿੱਤੇ ਜਾਣ ਨਾਲ ਜਿਵਾਲਿਆ ਜਾਂਦਾ ਹੈ।

**ਇਕ ਨਵੀਂ ਸਰਿਸ਼ਟ** (6: 15)

ਪੌਲੁਸ ਨੇ ਲਿਖਿਆ, ''ਕਿਉਂ ਜੋ ਨਾ ਤਾਂ ਸੁੰਨਤ, ਨਾ ਹੀ ਅਸੁੰਨਤ ਕੁਝ ਹੈ ਸਗੋਂ ਨਵੀਂ ਸਰਿਸ਼ਟ'' (6: 15)। ਰੋਮੀਆਂ 2:28, 29 ਵਿਚ ਇਸੇ ਤਾੜਨਾ ਦੀ ਗੂੰਜ ਸੁਣਾਈ ਦਿੰਦੀ ਹੈ:

> ਕਿਉਂ ਜੋ ਉਹ ਯਹੂਦੀ ਨਹੀਂ ਜਿਹੜਾ ਵਿਖਾਵੇ ਮਾਤਰ ਹੈ ਅਤੇ ਨਾ ਉਹ ਸੁੰਨਤ ਹੈ ਜਿਹੜੀ ਮਾਸ ਦੀ ਵਿਖਾਵੇ ਮਾਤਰ ਹੈ। ਸਗੋਂ ਯਹੂਦੀ ਉਹੋ ਹੈ ਜਿਹੜਾ ਅੰਦਰੋਂ ਹੋਵੇ ਅਤੇ ਸੁੰਨਤ ਉਹੋ ਹੈ ਜਿਹੜੀ ਮਨ ਦੀ ਹੋਵੇ ਅਰਥਾਤ ਆਤਮਾ ਵਿਚ ਨਾ ਲਿਖਤ ਵਿੱਚ, ਜਿਹ ਦੀ ਸੋਭਾ ਮਨੁੱਖਾਂ ਵੱਲੋਂ ਨਹੀਂ ਸਗੋਂ ਪਰਮੇਸ਼ੁਰ ਵੱਲੋਂ ਹੁੰਦੀ ਹੈ।

ਸੁੰਨਤ ਦਾ ਇਹ ਰੂਪਕ ਪੁਰਾਣਾ ਹੈ, ਅਸਲ ਵਿਚ ਅਬਰਾਹਾਮ ਜਿੰਨਾਂ ਹੀ ਪੁਰਾਣਾ ਹੈ (ਉਤਪਤ 17:9–11)।ਪੁਰਾਣੇ ਨੇਮ ਦੀਆਂ ਕਈ ਵਿਧੀਆਂ ਅਤੇ ਨਿਯਮ ਸਨ, ਜਿਵੇਂ ਸੁੰਨਤ, ਜਿਨ੍ਹਾਂ ਨੂੰ ਸਖ਼ਤਾਈ ਨਾਲ ਮੰਨਿਆ ਜਾਣਾ ਲਾਜ਼ਮੀ ਸੀ, ਪਰ ਆਪਣੇ ਆਪ ਵਿਚ ਉਹ ਆਪਣੇ ਲੋਕਾਂ ਦੀ ਖ਼ੁਦਾ ਦੀ ਅਸਲ ਇੱਛਾ ਦੇ ''ਸਿਰਫ਼ ਪਰਛਾਵੇਂ'' ਜਾਂ ਭਵਿੱਖ ਹੋਣ ਵਾਲੀਆਂ ਗੱਲਾਂ ਹੀ ਸਨ। ਖ਼ੁਦਾ ਦੀ ਦਿਲਚਸਪੀ ਅਸਲ ਵਿਚ ਇਨਸਾਨ ਦੇ ਦਿਲ ਦੀ ਸੁੰਨਤ ਵਿਚ ਹੈ। (ਇਨਸਾਨ ਦੀਆਂ ਸਰੀਰਕ ਇੱਛਾਵਾਂ ਨੂੰ ਲਾਹ ਸੁੱਟਣ ਵਿਚ), ਤਾਂ ਜੋ ਅਸੀਂ ਸਚੁਮਚ ਵਿਚ ਉਵੇਂ ਹੀ ਆਗਿਆਕਾਰ ਬਣ ਸਕੀਏ ਜਿਵੇਂ ਧਰਤੀ ਉੱਤੇ ਮਨੁੱਖ ਦੇ ਨਿਵਾਸ ਉੱਤੇ ਖ਼ੁਦਾ ਚਾਹੁੰਦਾ ਸੀ ਕਿ ਉਹ ਬਣਨ।[57]

ਪਰਛਾਵਿਆਂ ਦੇ ਸਬੰਧ ਵਿਚ ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਕਿਹਾ ਹੈ, ''ਸ਼ਰਾ ਜਿਹੜੀ ਆਉਣ ਵਾਲੀਆਂ ਚੰਗੀਆਂ ਵਸਤਾਂ ਦਾ *ਪਰਛਾਵਾਂ ਹੀ* ਹੈ ਪਰ ਉਨ੍ਹਾਂ ਵਸਤਾਂ ਦਾ ਅਸਲੀ ਸਰੂਪ ਨਹੀਂ, ਕੋਲ ਆਉਣ ਵਾਲਿਆਂ ਨੂੰ ਜਿਹੜੇ ਵਰਹੇ ਦੇ ਵਰਹੇ ਸਦਾ ਇੱਕੋ ਪਰਕਾਰ ਦੇ ਬਲੀਦਾਨ ਚੜ੍ਹਾਉਂਦੇ ਹਨ ਕਦੇ ਕਾਮਿਲ ਨਹੀਂ ਕਰ ਸੱਕਦੀ ਹੈ'' (ਇਬਰਾਨੀਆਂ 10: 1)। ਮਸੀਹ ਦੇ ਸਬੰਧ ਵਿਚ ਉਸ ਨੇ

ਅੱਗੇ ਆਖਿਆ:

> ਬਲੀਦਾਨ ਅਰ ਭੇਟ ਤੂੰ ਨਹੀਂ ਚਾਹਿਆ,
> *ਪਰ ਮੇਰੇ ਲਈ ਦੇਹੀ ਤਿਆਰ ਕੀਤੀ।*
> ਹੋਮਬਲੀ ਅਰ ਪਾਪਬਲੀ ਤੋਂ ਤੂੰ ਪਰਸੰਨ ਨਹੀਂ ਹੁੰਦਾ,
> ਤਦ ਮੈਂ ਆਖਿਆ, ਵੇਖ, ਮੈਂ ਆਇਆ ਹਾਂ,
> ਹੇ ਪਰਮੇਸ਼ੁਰ, ਭਈ ਤੇਰੀ ਇੱਛਿਆ ਨੂੰ ਪੂਰਿਆਂ ਕਰਾਂ,
> (ਜਿਵੇਂ ਪੁਸਤਕ ਦੀ ਪੱਤ੍ਰੀ ਵਿਚ ਮੇਰੇ ਵਿਖੇ ਲਿਖਿਆ ਹੋਇਆ ਹੈ)
> (ਇਬਰਾਨੀਆਂ 10:5ਅ–7)।

ਸ਼ਰ੍ਹਾ ਦੇ ਡੇਢ ਹਜ਼ਾਰ ਤੋਂ ਵੱਧ ਸਾਲਾਂ ਤਕ ਪ੍ਰਭਾਵੀ ਰਹਿਣ ਦੌਰਾਨ ਵਫ਼ਾਦਾਰ ਇਸਰਾਏਲੀਆਂ ਵੱਲੋਂ ਕਿੰਨੇ ਹਜ਼ਾਰ ਚੋਣਵੇਂ ਜਾਨਵਰਾਂ ਦੀ ਕੁਰਬਾਨੀ ਦੇ ਦਿੱਤੀ ਗਈ ਹੋਵੇਗੀ? ਜੇ ਖ਼ੁਦਾ ਨੇ ਨਾ ਤਾਂ ਕਦੇ ਚਾਹਿਆ ਅਤੇ ਨਾ ਉਨ੍ਹਾਂ ਵਿਚ ਉਸ ਨੂੰ ਕਦੇ ਖੁਸ਼ੀ ਮਿਲੀ ਤਾਂ ਫਿਰ ਉਸ ਨੇ ਕੁਰਬਾਨੀਆਂ ਮੰਗੀਆਂ ਹੀ ਕਿਉਂ? ਇਨ੍ਹਾਂ ਸਵਾਲਾਂ ਦੇ ਸਬੰਧ ਵਿਚ ਕੁਝ ਵਿਚਾਰ ਮਦਦਗਾਰ ਹੋ ਸਕਦੇ ਹਨ। (1) ਖ਼ੁਦਾ ਨੇ ਜੋ ਕਿ ਸਿਰਜਣਹਾਰਾ ਅਤੇ ਸਰਵਸ਼ਕਤੀਮਾਨ ਹੈ, ਆਪਣੇ ਖ਼ੁਦ ਦੇ ਕਾਰਣਾਂ ਨਾਲ ਕੁਰਬਾਨੀਆਂ ਦਾ ਹੁਕਮ ਦਿੱਤਾ ਅਤੇ ਇਸਰਾਏਲੀਆਂ ਦਾ ਕੰਮ ਸਿਰਫ਼ ਭਰੋਸਾ ਕਰਕੇ ਹੁਕਮ ਮੰਨਣਾ ਸੀ। (2) ਪਰ ਕੋਈ ਵੀ ਕੁਰਬਾਨੀ ਜਿਹੜੀ ਮਨੁੱਖ ਲਈ ਉਸ ਨੂੰ ਜਿੰਨੀ ਵੀ ਪਿਆਰੀ ਕਿਉਂ ਨਾ ਹੋਵੇ ਐਨੀਂ ਵੱਡੀ ਨਹੀਂ ਹੈ ਕਿ ਉਹ ਖ਼ੁਦਾ ਨਾਲ ਨੇਮ ਦਾ ਸਬੰਧ ਉਹਦੇ ਹੱਕ ਵਿਚ ਕਰ ਸਕੇ, ਜਿਹੜਾ ''ਹਰ ਚੰਗੇ ਦਾਨ ਅਤੇ ਹਰ ਮੁਕੰਮਲ ਦਾਨ'' ਦਾ ਦੇਣ ਵਾਲਾ ਹੈ (ਯਾਕੂਬ 1:17; KJV)। (3) ਖ਼ੁਦਾ ''ਖੁਸ਼ੀ ਨਾਲ ਦੇਣ ਵਾਲੇ ਨੂੰ ਪਿਆਰ ਕਰਦਾ ਹੈ'' (2 ਕੁਰਿੰਥੀਆਂ 9:7) ਅਤੇ ਉਸ ਦੇ ਲੋਕਾਂ ਨੂੰ ਭਾਵੇਂ ਉਹ ਬਾਲ ਅਵਸਥਾ ਵਿਚ ਹੀ ਕਿਉਂ ਨਾ ਹੋਣ, ਉਹਨੂੰ ਦੇਣ ਦੇ ਮਹੱਤਵ ਨੂੰ ਸਿੱਖਣਾ ਜ਼ਰੂਰੀ ਸੀ। (4) ਜਾਨਵਰਾਂ ਦੀਆਂ ਕੁਰਬਾਨੀਆਂ ਨਾਲ ਇਸਰਾਏਲੀਆਂ ਨੂੰ ਖ਼ੁਦਾ ਦੀ ਪਵਿੱਤਰਤਾਈ ਦੇ ਨਾਲ ਨਾਲ ਬਾਅਦ ਦੀ ਗੰਭੀਰਤਾ ਦਾ ਪਤਾ ਦਿੱਤਾ ਗਿਆ। ਫਿਰ ਵੀ, ਮਨੁੱਖ ਦਾ ਕੋਈ ਵੀ ਦਾਨ, ਭਾਵੇਂ ਉਹ ਕਿੰਨਾਂ ਵੀ ਵੱਡਾ ਕਿਉਂ ਨਾ ਹੋਵੇ, ਉਹਦੇ ਪਾਪਾਂ ਨੂੰ ਮਿਟਾ ਨਹੀਂ ਸਕਦਾ ਸੀ। ਸਿਰਫ਼ ਮਸੀਹ ਦੀ ਦੇਹ ਜਿਹੜੀ ਸਲੀਬ ਉੱਤੇ ਦਿੱਤੀ ਗਈ ਸੀ, ਹੀ ਅਜਿਹਾ ਕਰ ਸਕਦੀ ਸੀ। ਇਹ ਖ਼ੁਦਾ ਦੀ ਖ਼ਾਸ ਅਤੇ ਸਿੱਧ ਇੱਛਾ ਸੀ (ਇਬਰਾਨੀਆਂ 10:9, 10, 14)।

ਹੋਣ ਵਾਲੀਆਂ ਗੱਲਾਂ ਦੇ ''ਪਰਛਾਵਿਆਂ'' ਦੀ ਫ਼ਹਰਿਸਤ ਵੱਡੀ ਹੈ। ਕੁਝ ਗੱਲਾਂ ਯਾਜਕਾਈ ਨਾਲ ਅਤੇ ਤੰਬੂ ਨਾਲ ਸਬੰਧਿਤ ਸਨ (ਇਬਰਾਨੀਆਂ 8:5; 9:11; 10:1–18)। ਫ਼ਹਰਿਸਤ ਵਿਚ ਹੋਰ ਗੱਲਾਂ ਵਿਚ ਸ਼ਾਮਿਲ ਖਾਣ ਪੀਣ, ਪਰਬਾਂ, ਨਵੇਂ ਚੰਨ ਅਤੇ ਸੱਬਤ ਦੇ ਦਿਨਾਂ ਦੀ ਗੱਲ ਸੀ (ਕੁਲੁੱਸੀਆਂ 2:16)। ''ਏਹ ਤਾਂ ਹੋਣ ਵਾਲੀਆਂ ਗੱਲਾਂ ਦਾ ਪਰਛਾਵਾਂ ਹਨ ਪਰ ਦੇਹ ਮਸੀਹ ਦੀ ਹੈ'' (ਕੁਲੁੱਸੀਆਂ 2:17; NIV)।

ਗਲਾਤੀਆਂ 6:15 ਵਿਚ ਪੌਲੁਸ ਸਰੀਰ ਦੀ ਸੁੰਨਤ ਨਾਲ ਸਬੰਧਿਤ ਜਿਹੜੀ ਪ੍ਰਾਸੰਗਿਕਤਾ ਬਣਾ ਰਿਹਾ ਸੀ ਉਸ ਤੋਂ ਸਾਫ਼ ਹੈ ਕਿ ਖ਼ੁਦਾ ਨੇ ਜੋ ਮਨੁੱਖ ਤੋਂ ਚਾਹਿਆ ਉਹ ਬਾਹਰੀ, ਰਸਮੀ ਗੱਲਾਂ ਨਹੀਂ ਹਨ। ਇਸ ਦੇ ਉਲਟ ਉਹ ਇਕ ਨਵੀਂ ਸਰਿਸ਼ਟ ਚਾਹੁੰਦਾ ਹੈ। ਜਿਸ ਵਿਚ ਮਨ ਦੇ ਅੰਦਰ ਦੀਆਂ ਗੱਲਾਂ ਅਤੇ ਆਤਮਾ ਦੁਆਰਾ ਚੱਲਣਾ ਸ਼ਾਮਿਲ ਹੈ (5:16, 18, 22, 23, 25)।

**ਬਪਤਿਸਮਾ ਅਤੇ ਨਵੀਂ ਸਰਿਸ਼ਟ** (6:15)

ਰੋਮੀਆਂ 6:4 ਅਤੇ ਕੁਲੁੱਸੀਆਂ 2:12 ਵਿਚ ''ਦੱਬੇ ਗਏ'' ਜ਼ਾਹਿਰ ਤੌਰ ਤੇ ਡੁਬਕੀ ਦਾ ਇਸ਼ਾਰਾ

ਦਿੰਦਾ ਸ਼ਬਦ ਹੈ ਜਿਹੜਾ ''ਬਪਤਿਸਮਾ'' (*baptisma*) ਸ਼ਬਦ ਨਾਲ ਸਬੰਧਿਤ ਹੈ। ਯੂਨਾਨੀ ਸ਼ਬਦ ਜਿਸ ਦਾ ਇਸਤੇਮਾਲ ਯੂਹੰਨਾ ਬਪਤਿਸਮਾ ਦੇਣ ਵਾਲੇ ਅਤੇ ਮੁੱਢਲੇ ਮਸੀਹੀਆਂ ਵੱਲੋਂ ਦਿੱਤੇ ਜਾਣ ਵਾਲੇ ਬਪਤਿਸਮੇ ਵਿਚ ਕੀਤਾ ਜਾਂਦਾ ਸੀ, ਡੁਬਕੀ ਨੂੰ ਛੱਡ ਹੋਰ ਕੁਝ ਨਹੀਂ ਹੋ ਸਕਦਾ। ਇਸ ਤੱਥ ਨੂੰ ਗ੍ਰੀਕ ਆਰਥੋਡੌਕਸ ਚਰਚ ਵੱਲੋਂ ਸਮਝਾਇਆ ਜਾਂਦਾ ਹੈ ਜਿਸ ਵਿਚ ਸਦੀਆਂ ਤਕ ਭਾਸ਼ਾ ਅਤੇ ਅਮਲ ਦੋਹਾਂ ਵਿਚ ਡੁਬਕੀ (*baptisma*) ਨੂੰ ਬਰਾਬਰ ਮੰਨਿਆ ਜਾਂਦਾ ਹੈ। ਇਸ ਤੋਂ ਛੁੱਟ ਇਸ ਸ਼ਬਦ ਦਾ ਕੋਈ ਅਰਥ ਕਦੇ ਸਮਝਿਆ ਹੀ ਨਹੀਂ ਗਿਆ।[58] ''ਛਿੜਕਾਅ'' (*rhantizō*, ਰੈਂਟਿਜ਼ੋ) ਅਤੇ ''ਡੋਲ੍ਹਣਾ'' (*ekcheō*, ਐਕਚਿਓ) ਦੋਹਾਂ ਲਈ ਯੂਨਾਨੀ ਬਾਈਬਲ ਵਿਚ ਵੱਖੋ ਵੱਖ ਸ਼ਬਦ ਪਾਏ ਜਾਂਦੇ ਹਨ। ਪਰ ਦੋਹਾਂ ਵਿਚ ਕੋਈ ਵੀ ਸ਼ਬਦ ਨਵੇਂ ਨੇਮ ਵਿਚਲੇ ਪਾਣੀ ਦੇ ਬਪਤਿਸਮੇ ਲਈ ਕਦੇ ਨਹੀਂ ਵਰਤਿਆ ਗਿਆ।

ਖ਼ੁਦਾ ਦੇ ਹੁਕਮ (ਡੁਬਕੀ) ਦੀ ਥਾਂ ਮਨੁੱਖ ਦੀ ਰੀਤ (ਛਿੜਕਾਅ ਜਾਂ ਉਂਡੇਲਣਾ/ਡੋਲ੍ਹਣਾ ਜੋ ਵੀ ਹੋਵੇ) ਨੂੰ ਦੇ ਕੇ ਪਤਾ ਨਹੀਂ ਕਿੰਨੀਆਂ ਰੂਹਾਂ ਨੇ ਮਸੀਹ ਦੀ ਇੰਜੀਲ ਦੀ ਗੱਲ ਨਹੀਂ ਮੰਨੀ ਹੈ। ਨਾਲੇ ਇਨ੍ਹਾਂ ਬੇਕਾਰ ਬਦਲਾਂ ਨੇ ਬਪਤਿਸਮੇ ਦੇ ਉਸ ਕਾਰਜ ਭਾਵ ਮਸੀਹ ਦੀ ਮੌਤ, ਉਸ ਦੇ ਦਫ਼ਨਾਏ ਜਾਣ ਅਤੇ ਜੀ ਉੱਠਣ ਨੂੰ ਵੀ ਲੁਕਾ ਦਿੱਤਾ ਜਿਹਦਾ ਪ੍ਰਤੀਕ ਹੋਣ ਲਈ ਇਸ ਨੂੰ ਦਿੱਤਾ ਗਿਆ ਸੀ। ਤੌਬਾ ਅਤੇ ਡੁਬਕੀ ਵਿਚ ਆਦਮੀ ਪਾਪ ਅਤੇ ਸੰਸਾਰ ਵੱਲੋਂ ਮਰ ਜਾਂਦਾ ਹੈ; ਫਿਰ ਉਸ ਨੂੰ ਮਸੀਹ ਵਿਚ ''ਜ਼ਿੰਦਗੀ ਦੇ ਨਵੇਂਪਣ'' ਵਿਚ ਚੱਲਣ ਲੱਈ ਜਿਵਾਲਿਆ ਜਾਂਦਾ ਹੈ।[59]

ਯੂਰੋਪ ਦੇ ਜਰਮਨ ਭਾਸ਼ਾ ਬੋਲਣ ਵਾਲੇ ਦੇਸ਼ ਵਿਚ ਸੇਵਕਾਈ ਵਿਚ ਮੇਰੇ ਭਾਗ ਲੈਣ ਵੇਲੇ ਸਾਡੇ ਕੋਲ ਕਈ ਵਾਰ ਅਜਿਹੇ ਮਹਿਮਾਨ ਆ ਜਾਂਦੇ ਸਨ ਜਿਨ੍ਹਾਂ ਨੇ ਵਿਸ਼ਵਾਸੀ ਦੇ ਮਸੀਹ ਵਿਚ ਡੁਬਕੀ ਲੈਣ ਨੂੰ ਪਹਿਲੀ ਵਾਰ ਵੇਖਿਆ ਹੁੰਦਾ ਸੀ। ਕਈ ਵਾਰ ਇਨ੍ਹਾਂ ਮੌਕਿਆਂ ਤੇ ਉਹ ਮਹਿਮਾਨ ਇਸ ਤਸਵੀਰ ਨੂੰ ਵੇਖ ਕੇ ਅਤੇ ਇਸ ਦੇ ਪੂਰੇ ਮਕਸਦ ਨੂੰ ਸਮਝ ਕੇ, ਉਸੇ ਘੜੀ ਮਸੀਹ ਦਾ ਇਕਰਾਰ ਕਰਕੇ ਆਪਣੇ ਆਪ ਨੂੰ ਕਰਦਿਆਂ ਪ੍ਰਭੂ ਦੇ ਸਪੁਰਦ ''ਪਾਣੀ ਵਿਚ ਆਉਣ'' ਦਾ ਫੈਸਲਾ ਲੈ ਲੈਂਦੇ ਸਨ। ਯਿਸੂ ਨੇ ਆਪ ਵੀ ਸਾਫ਼ ਸਾਫ਼ ਆਖਿਆ, ''ਕੋਈ ਮੇਰੇ ਵਸੀਲੇ ਬਿਨਾਂ ਪਿਤਾ ਦੇ ਕੋਲ ਨਹੀਂ ਆਉਂਦਾ'' (ਯੂਹੰਨਾ 14:6)। ਪੌਲੁਸ ਕੀਤੇ ਜਾਣ ਵਾਲੇ ਇਸੇ ਅਸਾਨ ਜਿਹੇ ਕੰਮ ਦੀ ਗੱਲ ਕਰ ਰਿਹਾ ਸੀ ਜਦ ਉਸ ਨੇ ਆਖਿਆ, ''ਜਦੋਂ ਅਸੀਂ ਉਹ ਦੀ ਮੌਤ ਦੀ ਸਮਾਨਤਾ ਵਿਚ ਉਹ ਦੇ ਨਾਲ ਜੋੜੇ ਗਏ ਤਾਂ ਉਹ ਦੇ ਜੀ ਉੱਠਣ ਦੀ ਸਮਾਨਤਾ ਵਿਚ ਵੀ ਹੋਵਾਂਗੇ'' (ਰੋਮੀਆਂ 6:5)।

ਇਸ ਪ੍ਰਕਾਸ਼ ਨੂੰ ਲੁਕਾਉਣਾ ਸ਼ਰਮ ਦੀ ਗੱਲ ਹੈ ਕਿ ਇਹ ਤਾਂ ਸਿਰਫ਼ ਆਗਿਆਕਾਰੀ ਵਿਸ਼ਵਾਸ ਦੇ ਰਾਹੀਂ ਮਸੀਹ ਦੇ ਮਾਰੇ ਜਾਣ, ਦਫ਼ਨਾਏ ਜਾਣ ਅਤੇ ਜੀ ਉੱਠਣ ਨੂੰ ਦੋਬਾਰਾ ਤੋਂ ਵਿਖਾਉਂਦੇ ਹੋਏ ਲੋਕਾਂ ਦੀਆਂ ਰੂਹਾਂ ਨਾਲ ਗੱਲਬਾਤ ਕਰਨਾ ਹੈ। ਬਹੁਤਿਆਂ ਲਈ ਸੱਭਿਆਚਾਰਕ ਰੀਤਾਂ ਅਤੇ ਕਲੀਸੀਆ ਵੱਲੋਂ ਦਿੱਤੀਆਂ ਗਈਆਂ ਪਰਤਾਂ ਦੇ ਹੇਠ ਇਸ ਨੂੰ ਲੁਕਾ ਦਿੱਤਾ ਗਿਆ ਹੈ। ਇਹ ਰੀਤਾਂ ਉਸ ਅਸਾਨ ਜਿਹੀ ਪਰ ਡੂੰਘੀ ਸਮਝ ਨੂੰ ਜਲਾਲੀ ਪ੍ਰਭੂ ਦੇ ਆਪਣੇ ਰਸੂਲਾਂ ਨੂੰ ਦਿੱਤੇ ਗਏ ਹੁਕਮ ਨੂੰ ਉਲਝਾ ਦਿੰਦੀਆਂ ਹਨ। ਯਿਸੂ ਨੇ ਰਾਹ ਤੱਕਦੀਆਂ ਕੌਮਾਂ ਦੇ ਕੰਨਾਂ ਅਤੇ ਅੱਖਾਂ ਦੋਹਾਂ ਤਕ ਇਸ ਨੂੰ ਪਹੁੰਚਾਉਣਾ ਚਾਹਿਆ ਤਾਂ ਜੋ ਉਹ ਵੀ ਉਸ ਦੀ ਮੁਕਤੀ ਦੀ ਜ਼ਬਰਦਸਤ ਕਿਰਪਾ ਵਿਚ ਸਾਂਝੀ ਹੋ ਸਕਣ (ਮੱਤੀ 28:18–20)।

ਯਿਸੂ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੇ ਇਸ ਦ੍ਰਿਸ਼ ਨੂੰ ਮੁੱਢ ਤੋਂ ਵਿਖਾਉਣ ਦੇ ਇਸ ਵਿਚਾਰ ਨਾਲ ਜ਼ਯੂਰਿਕ, ਸਵਿਟਜ਼ਰਲੈਂਡ ਵਿਚ ਮਿਸ਼ਨ ਦਾ ਅਤੇ ਉੱਥੇ ਮਿਸ਼ਨ ਦੌਰਾਨ ਪਾਣੀ ਕੋਲ ਆਉਣ ਵਾਲੇ ਪਹਿਲੇ ਆਦਮੀ ਦੀ ਕਹਾਣੀ ਦਾ ਚੇਤਾ ਆਉਂਦਾ ਹੈ। ਮਿਸ਼ਨ ਸ਼ੁਰੂ ਕਰਨਾ ਅਸਾਨ ਨਹੀਂ ਸੀ। ਅੱਧੇ ਦਰਜਣ ਤੋਂ ਵੱਧ ਨਹੀਂ ਹੋਣਗੇ ਜਿਹੜੇ ਪਾਕ ਕਲਾ ਦੇ ਸਕੂਲ ਦੀ ਚੌਥੀ ਮੰਜ਼ਿਲ ਤੇ ਕਿਰਾਏ ਦੇ ਉਸ ਹਾਲ ਵਿਚ ਇਕੱਠੇ ਹੁੰਦੇ ਸਨ ਜਿਹੜਾ ਐਤਵਾਰ ਵਾਲੇ ਦਿਨ ਖਾਲੀ ਹੁੰਦਾ ਸੀ। ਉਹ ਹਾਲ ਸ਼ਹਿਰ ਦੇ ਉਦਯੋਗਿਕ ਇਲਾਕੇ ਵਿਚ ਸੀ ਅਤੇ ਉਸ ਵਿਚ ''ਪ੍ਰਾਰਥਨਾ ਭਵਨ'' ਵਰਗਾ ਲੱਗਣ ਵਾਲੀ ਕੋਈ ਗੱਲ ਨਹੀਂ ਸੀ। ਇਸ ਗੱਲ ਅਤੇ ਇਸ ਤੱਥ ਸਣੇ ਕਿ ਉੱਥੇ ਸਿਰਫ਼ ਲਿਫ਼ਟ

ਨਾਲ ਹੀ ਜਾਇਆ ਜਾ ਸਕਦਾ ਸੀ ਅਤੇ ਉਹ ਵੀ ਲੈਕਚਰਹਾਲ ਦੇ ਲੰਮੇ ਲੰਮੇ ਡੈਸਕਾਂ ਨਾਲ ਸੱਜਿਆ ਹੋਇਆ ਸੀ, ਆਉਣ ਵਾਲੇ ਬੰਦੇ ਲਈ ਜਿਹੜਾ ਪਹਿਲੀ ਵਾਰ ਦਰਵਾਜ਼ਾ ਖੋਲ੍ਹ ਕੇ ਅੰਦਰ ਝਾਕਦਾ ਸੀ, ਡਰਾਉਣਾ ਜਿਹਾ ਸੀਨ ਹੁੰਦਾ ਸੀ।

ਪਰ ਇਕ ਰੋਜ਼ਾਨਾ ਅਖ਼ਬਾਰ ਵਿਚ ਜਿਹੜੀ ਸ਼ਹਿਰ ਦੇ ਹਰ ਘਰ ਵਿਚ ਮੁਫ਼ਤ ਭੇਜੀ ਜਾਂਦੀ ਸੀ ‘‘ਬਾਈਬਲ ਵੱਲ ਨੂੰ ਵਾਪਸ’’ ਨਾਮ ਨਾਲ ਛਪਦੇ ਸਾਡੇ ਲੇਖਾਂ ਨਾਲ ਲੋਕਾਂ ਦੀ ਜਿਗਿਆਸਾ ਵਧਣ ਲੱਗੀ। ਬਹੁਤ ਸਾਰੇ ਲੋਕ ਨਾ ਸਿਰਫ਼ ਇਹ ਵੇਖਣ ਲਈ ਬਲਕਿ ਸੁਣਨ ਲਈ ਵੀ ਆਉਣ ਲੱਗੇ। ‘‘ਓਲਗਾ’’ ਨਾਮਕ ਇਕ ਔਰਤ ਸਾਡੀ ਸੰਗਤੀ ਵਿਚ ਆਉਣ ਲਗ ਪਈ ਜਿਹੜੀ ਬੜੇ ਧਿਆਨ ਨਾਲ ਸੁਣਦੀ ਸੀ ਅਤੇ ਹੋਰ ਜਾਣਨ ਦੀ ਚਾਹਵਾਨ ਸੀ। ਕੁਝ ਦੇਰ ਬਾਅਦ ਅਸੀਂ ਉਹਦੇ ਨਾਲ ਅਧਿਐਨ ਕਰਕੇ ਉਹਦੇ ਕਈ ਸਵਾਲਾਂ ਉੱਤੇ ਚਰਚਾ ਕਰਨ ਲੱਗ ਪਏ। ਕਿਉਂ ਜੋ ਉਸ ਨੇ ਕਦੇ ਵੀ ਕਿਸੇ ਨੂੰ ਡੁਬਕੀ ਲੈਂਦਿਆਂ ਨਹੀਂ ਵੇਖਿਆ ਸੀ ਇਸ ਕਰਕੇ ਬਪਤਿਸਮੇ ਵਿਚ ਮਸੀਹ ਦੇ ਨਾਲ ਦਫ਼ਨਾਏ ਜਾਣ ਬਾਰੇ ਰੋਮੀਆਂ 6 ਅਤੇ ਕੁਲੁੱਸੀਆਂ 2 ਵਿਚਲੇ ਹਵਾਲਿਆਂ ਵਿਚ ਪੜ੍ਹਨ ਤੇ ਉਸ ਨੇ ਪੁੱਛਿਆ, ‘‘ਸਾਨੂੰ ਇਸ ਦੀ ਸਮਝ ਕਿਵੇਂ ਲਗ ਸਕਦੀ ਹੈ?’’ ਮੈਂ ਸਿਰਫ਼ ਖਲੋ ਕੇ ਵਿਖਾਇਆ ਕਿ ਕਿਵੇਂ ਕੋਈ ਪਾਣੀ ਵਿਚ ਪਿਛਾਂਹ ਨੂੰ ਬੈਠ ਕੇ ਡੁਬਕੀ ਲੈ ਸਕਦਾ ਹੈ। ਉਹ ਸਮਝ ਗਈ ਅਤੇ ਉਸ ਨੂੰ ਐਨਾਂ ਹੀ ਸਮਝਣ ਦੀ ਲੋੜ ਸੀ। ਜਿਵੇਂ ਹੀ ਉਹਦੇ ਬਪਤਿਸਮੇ ਦੀ ਤਿਆਰੀ ਹੋ ਗਈ ਤਾਂ ਦੋ ਹੋਰ ਜਣੇ ਉਸੇ ਦਿਨ ਉਹਦੇ ਮਗਰ ਹੀ ਪਾਣੀ ਵਿਚ ਆ ਗਏ, ‘‘ਜ਼ਯੂਰਿਕ ਵਿਚ ਪਹਿਲੇ ਫਲ’’ ਬਣ ਗਏ।

ਅਫ਼ਸੋਸ ਕਿ ਓਲਗਾ ਦਾ ਪਤੀ ਉਹਦੇ ਫੈਸਲੇ ਨਾਲ ਸਹਿਮਤ ਨਹੀਂ ਸੀ ਅਤੇ ਉਹ ਕਈ ਤਰ੍ਹਾਂ ਨਾਲ ਉਸ ਨੂੰ ਤੰਗ ਕਰਨ ਲੱਗ ਪਿਆ। ਉਹ ਆਪਣੀ ਮੌਤ ਵਾਲੇ ਦਿਨ ਤਕ ਅੜਿਆ ਰਿਹਾ, ਜਿਸ ਕਰਕੇ ਓਲਗਾ ਨੂੰ ਪਤਾ ਲੱਗ ਗਿਆ ਕਿ ਮਸੀਹ ਦੀ ਖ਼ਾਤਰ ਦੁੱਖ ਝੱਲਣ ਦਾ ਕੀ ਮਤਲਬ ਹੈ। ਫਿਰ ਵੀ ਉਹ ਆਪਣੀ ਮੌਤ ਤਕ ਵਫ਼ਾਦਾਰ ਬਣੀ ਰਹੀ। ਇਹ ਨਹੀਂ ਕਿ ਓਲਗਾ ਨੂੰ ਕੋਈ ਖ਼ਾਸ ਦਾਨ ਮਿਲਿਆ ਸੀ ਬਲਕਿ ਉਹ ਤਾਂ ਇਕ ਆਮ ਘਰੇਲੂ ਔਰਤ ਸੀ। ਜਦ ਤਕ ਉਸ ਦਾ ਪਤੀ ਜ਼ਿੰਦਾ ਰਿਹਾ ਤਦ ਤਕ ਉਹ ਉਹਦੀ ਤਕਲੀਫ਼ ਝੱਲਦੀ ਰਹੀ। ਉਸ ਦੀ ਜ਼ਿੰਦਗੀ ਦੀ ਖ਼ੂਬਸੂਰਤੀ ਇਹ ਸੀ ਕਿ ਜਦ ਤਕ ਉਹ ਜ਼ਿੰਦਾ ਰਹੀ ਤਦ ਤਕ ਉਸ ਨੇ ਆਪਣਾ ਸਮਰਪਣ ਬਣਾਈ ਰੱਖਿਆ ਅਤੇ ਪ੍ਰਭੂ ਯਿਸੂ ਦੀ ਇਸ ਨਵੀਂ ਬਣੀ ਕਲੀਸੀਆ ਦੇ ਅਗਲੇ ਆਉਣ ਵਾਲੇ ਸਾਲਾਂ ਵਿਚ ਅਤੇ ਉਸ ਦੇ ਬਾਅਦ ਆਉਣ ਵਾਲੇ ਸਭ ਲੋਕਾਂ ਲਈ ਇਕ ਮਿਸਾਲ ਬਣ ਗਈ।

ਯਿਸੂ ਦੇ ਇਖ਼ਤਿਆਰ ਭਰੇ ਹੁਕਮ ਨੂੰ ਬੋਲ ਕੇ ਜਾਂ ਨਮੂਨਾ ਵਿਖਾ ਕੇ ਲੋਕਾਂ ਨੂੰ ਸਮਝਾਇਆ ਜਾ ਸਕਦਾ ਹੈ। ਇੱਥੇ ਸੰਦੇਸ਼ ਸਰੀਰਕ ਹਰਕਤ ਦੇ ਰਾਹੀਂ ਸਮਝਾਇਆ ਗਿਆ। ਬੇਸ਼ੱਕ ਹੋਰ ਵੀ ਗੱਲਬਾਤ ਕੀਤੀ ਗਈ ਪਰ ਯਕੀਨਨ ਹੀ ਇਸ ਔਰਤ ਦੇ ਮਨ ਨੂੰ ਪ੍ਰਭਾਵਿਤ ਕਰਨ ਲਈ ਸਰੀਰਕ ਕਿਰਿਆ ਨੂੰ ਵਿਖਾਉਣ ਨਾਲ ਬੁਨਿਆਦੀ ਸੰਦੇਸ਼ ਮਿਲ ਗਿਆ ਜਿਸ ਨਾਲ ਉਹ ਮਸੀਹ ਦਾ ਇਕਰਾਰ ਪ੍ਰਭੂ ਦੇ ਰੂਪ ਵਿਚ ਕਰਕੇ ਬਪਤਿਸਮੇ ਵਿਚ ਆਪਣੇ ਪਾਪਾਂ ਨੂੰ ਧੋ ਸਕੀ।[60]

**ਕਾਇਦੇ?** (6: 16)

ਇੱਕੀਵੀਂ ਸਦੀ ਦੀ ਇਕ ਮਾੜੀ ਗੱਲ ਇਹ ਹੈ ਕਿ ਬਹੁਤ ਸਾਰੇ ਜਵਾਨ, ਇੱਥੋਂ ਤਕ ਕਿ ਕ੍ਰਿਸਚਿਅਨ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਦਾਖਲ ਹੋਣ ਵਾਲੇ ਵਿਦਿਆਰਥੀ ਕਿਸੇ ਵੀ ਅਜਿਹੀ ਗੱਲ ਨੂੰ ਸੁਣਨ ਲਈ ਤਿਆਰ ਨਹੀਂ ਹਨ ਜਿਹਦਾ ਕਾਇਦੇ ਕਾਨੂੰਨ ਨਾਲ ਕੁਝ ਲੈਣ ਦੇਣ ਹੋਵੇ। ਪੌਲੁਸ ਨੇ ਭਾਵੇਂ ਮਸੀਹੀ ਲੋਕਾਂ ਉੱਤੇ ਮੂਸਾ ਦੀ ਸ਼ਰ੍ਹਾ ਦੇ ਲਾਗੂ ਹੋਣ ਤੋਂ ਇਨਕਾਰ ਕੀਤਾ, ਪਰ ਉਸ ਨੇ ਹੁਕਮ ਅਤੇ ਸਿੱਖਿਆਵਾਂ ਦਿੱਤੀਆਂ ਜਿਹੜੀਆਂ ਨਵੇਂ ਨੇਮ ਵਿਚ ਮੰਨੀਆਂ ਜਾਣੀਆਂ ਜ਼ਰੂਰੀ ਹਨ। 6: 16 ਵਿਚ ਖ਼ੁਦਾ ਦੀ ਪ੍ਰੇਰਣਾ ਪ੍ਰਾਪਤ ਰਸੂਲ ਨੇ ਅਸਲ ਵਿਚ ‘‘ਮਰਿਆਦਾ’’ ਸ਼ਬਦ ਦੀ ਅਸਲ ਵਰਤੋਂ ‘‘ਪਰਮੇਸ਼ੁਰ

ਦੇ ਇਸਰਾਏਲ'' ਭਾਵ ਕਲੀਸੀਆ ਦੇ ਅੱਡ ਕੀਤੇ ਹੋਏ ਲੋਕਾਂ ਨਾਲ ਇਸ ਅਰਥ ਵਿਚ ਕੀਤੀ ਜਿਵੇਂ ਨਵੇਂ ਜੰਮੇ ਹੋਏ ਬੱਚਿਆਂ ਲਈ ਕਰੀਦੀ ਹੈ।

''ਇਸ ਮਰਿਆਦਾ ਉੱਤੇ ਚੱਲਣ'' ਦੀ ਗੱਲ ਕਰਕੇ ਪੌਲੁਸ ਸਾਡੇ ਨਾਲ ਇਵੇਂ ਗੱਲ ਨਹੀਂ ਕਰ ਰਿਹਾ ਸੀ ਜਿਵੇਂ ਕਿ ਅਸੀਂ ਬੱਚੇ ਹੋਈਏ। ਆਪਣੇ ਰਸੂਲਾਂ ਨੂੰ ਦੁਨੀਆਂ ਵਿਚ ਖੁਸ਼ਖ਼ਬਰੀ ਪਹੁੰਚਾਉਣ ਅਤੇ ਕੌਮਾਂ ਨੂੰ ਚੇਲੇ ਬਨਾਉਣ ਦਾ ਹੁਕਮ ਦਿੰਦਿਆਂ ਪ੍ਰਭੂ ਯਿਸੂ ਨੇ ਇਹ ਸ਼ਬਦ ਜੋੜੇ ਸਨ, ''ਉਨ੍ਹਾਂ ਨੂੰ ਸਿਖਾਓ ਭਈ ਉਹ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਣਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ'' (ਮੱਤੀ 28:20ੳ)। ਇਸ ਤੋਂ ਛੁੱਟ ਇਨ੍ਹਾਂ ਸ਼ਬਦਾਂ ਦਾ ਪੱਕਾ ਐਲਾਨ ਹੈ, ''ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਮੈਨੂੰ ਦਿੱਤਾ ਗਿਆ ਹੈ। ਇਸ ਲਈ ਤੁਸੀਂ ਜਾ ਕੇ ...'' (ਮੱਤੀ 28:18, 19)।

ਬਾਈਬਲ ਵਿਚ ਪੌਲੁਸ ਨੇ ਰੋਮੀਆਂ 3:9–18 ਵਿਚ ਪੁਰਾਣੇ ਨੇਮ ਦੇ ਕਈ ਹਵਾਲੇ ਇਕੱਠੇ ਦੇ ਕੇ ਬੁਰਿਆਈਆਂ ਦੀ ਇਕ ਫ਼ਹਰਿਸਤ ਦਿੱਤੀ ਹੈ। ਸਿਰਫ਼ ਥੋੜ੍ਹੇ ਜਿਹੇ ਸੰਪਾਦਨ ਦੇ ਬਾਅਦ ਰੋਮੀਆਂ 1:18–32 ਸਾਡੀਆਂ ਮੌਜੂਦਾ ਅਖ਼ਬਾਰਾਂ ਵਿਚ ਪਾਈਆਂ ਜਾਣ ਵਾਲੀਆਂ ਬਹੁਤ ਸਾਰੀਆਂ ਗੱਲਾਂ ਨਾਲ ਮੇਲ ਖਾ ਸਕਦਾ ਹੈ।

ਹਰ ਸੱਭਿਅ ਸਮਾਜ ਜਾਂ ਸੰਗਠਨ ਦੇ ਲੋਕਾਂ ਵਿਚ ਢੁਕਵੇਂ ਰਵੱਈਏ ਨਾਲ ਕਾਇਦਿਆਂ ਨੂੰ ਮੰਨਣਾ ਜ਼ਰੂਰੀ ਹੁੰਦਾ ਹੈ। ਲੋਕਾਂ ਨੂੰ ਭਾਵੇਂ ਉਹ ਮਸੀਹੀ ਕਿਉਂ ਨਾ ਹੋਣ, ਕਾਇਦੇ ਕਾਨੂੰਨ ਦੀ ਲੋੜ ਹੁੰਦੀ ਹੈ। ਜਦ ਤਕ ਸਾਨੂੰ ਪੂਰੀ ਤਰ੍ਹਾਂ ਨਾਲ ਸਮਝਾਇਆ ਨਾ ਜਾਵੇ ਕਿ ਆਤਮਾ ਵਿਚ ਹੋਣ ਵਾਲੇ ਜੀਵਨ ਲਈ ਕਿਹੋ ਜਿਹਾ ਵਿਹਾਰ ਹੋਣਾ ਜ਼ਰੂਰੀ ਹੈ, ਤਦ ਤਕ ਅਸੀਂ ਜੀਵਨ ਦੇ ਆਤਮਿਕ ਵਿਹਾਰ ਨੂੰ ਕਦੇ ਸਮਝ ਨਹੀਂ ਪਾਵਾਂਗੇ ਜਾਂ ਅਜਿਹੇ ਲੋਕ ਨਹੀਂ ਬਣ ਪਾਵਾਂਗੇ ਜਿਨ੍ਹਾਂ ਨੂੰ ਸਾਡਾ ਸਿਰਜਣਹਾਰ ਨਵੇਂ ਸਿਰੇ ਤੋਂ ਬਨਾਉਣਾ ਚਾਹੁੰਦਾ ਹੈ। ਸਾਨੂੰ ਵੱਸ ਵਿਚ ਰੱਖਣ ਜਾਂ ਰੋਕਣ ਲਈ ਨਿਯਮ ਜ਼ਰੂਰੀ ਹੁੰਦੇ ਹਨ। ਇਸ ਦੇ ਉਲਟ ਉਹ ਸਾਨੂੰ ਭਰੱਸ਼ਟ ਅਤੇ ਗੁਮਰਾਹ ਲਾਲਸਾਵਾਂ ਤੋਂ ਮੁਕਤੀ ਦੁਆਉਂਦੇ, ਪਾਪ ਦੇ ਮੁਸ਼ਕਿਲ ਬੋਝ ਤੋਂ ਛੁਟਕਾਰਾ ਦੁਆਉਂਦੇ ਹਨ ਜੋ ਸਾਡੀਆਂ ਰੂਹਾਂ ਉੱਤੇ ਭਾਰ ਹੁੰਦਾ ਹੈ।

ਇਕ ਅਰਥ ਵਿਚ ''ਨਵੀਂ ਸਰਿਸ਼ਟ'' ਜਿਸ ਦੀ ਗੱਲ ਪੌਲੁਸ ਨੇ ਕੀਤੀ, ਸਾਡੇ ਪੁਰਖਿਆਂ ਦੀ ਅਦਨ ਵਾਲੀ ਹਾਲਤ ਨਾਲੋਂ ਕਿਤੇ ਬੇਹਤਰ ਹੈ, ਭਾਵੇਂ ਉਨ੍ਹਾਂ ਦੀ ਮੂਲ ਅਵਸਥਾ ਦੇ ਭੋਲੇਪਣ ਵਿਚ ਕੁਝ ਖੂਬਸੂਰਤੀ ਜ਼ਰੂਰ ਹੈ। ਆਪਣੇ ਬਚਕਾਨੇਪਣ ਵਿਚ ਉਹ ਉਨ੍ਹਾਂ ਖ਼ਤਰਨਾਕ ਨਤੀਜਿਆਂ ਦੀ ਕਲਪਨਾ ਵੀ ਨਹੀਂ ਕਰ ਸਕਦੇ ਸਨ ਜਿਹੜੇ ਉਨ੍ਹਾਂ ਦੇ ਹੁਕਮ ਤੋੜਨ ਤੇ ਉਨ੍ਹਾਂ ਉੱਤੇ ਪੈਣੇ ਸਨ। ਪਾਪ ਦਾ ਸੁਆਦ ਨਾ ਚੱਖਣ ਕਰਕੇ ਉਨ੍ਹਾਂ ਨੂੰ ਦੋਸ਼, ਕਿਰਪਾ ਅਤੇ ਛੁਟਕਾਰੇ ਦੀਆਂ ਧਾਰਣਾਵਾਂ ਦੀ ਸਮਝ ਨਹੀਂ ਹੋ ਸਕਣੀ ਸੀ।

ਹਾਂ ਸੁਰਗਲੋਕ ਦੇ ਬਾਗ ਵਿਚ ਵੀ ਨਿਯਮ ਹੈ ਸਨ, ਭਾਵ ਸੰਸਾਰ ਦੇ ਹਾਕਮ ਵੱਲੋਂ ਦਿੱਤੇ ਗਏ ਕਾਨੂੰਨ ਹੈ ਸਨ। ਆਪਣੇ ਭੋਲੇਪਣ ਵਿਚ ਪਹਿਲੇ ਮਰਦ ਅਤੇ ਔਰਤ ਨੇ ਖ਼ੁਦਾ ਦਾ ਹੁਕਮ ਤੋੜਿਆ, ਜਿਸ ਨੇ ਉਨ੍ਹਾਂ ਨੂੰ ਸਾਫ਼ ਸਾਫ਼ ਚਿਤਾਵਨੀ ਦਿੱਤੀ ਸੀ: ''ਬਾਗ ਦੇ ਹਰ ਬਿਰਛ ਤੋਂ ਤੂੰ ਨਿਸੰਗ ਖਾਈਂ। ਪਰ ਭਲੇ ਬੁਰੇ ਦੀ ਸਿਆਣ ਦੇ ਬਿਰਛ ਤੋਂ ਤੂੰ ਨਾ ਖਾਈਂ ਕਿਉਂ ਜੋ ਜਿਸ ਦਿਨ ਤੂੰ ਉਸ ਤੋਂ ਖਾਵੇਂ ਤੂੰ ਜ਼ਰੂਰ ਮਰੇਂਗਾ'' (ਉਤਪਤ 2:16ਅ, 17)।

### ''ਪਰਮੇਸ਼ੁਰ ਦਾ ਇਸਰਾਏਲ'' (6:16)

ਮਸ਼ਹੂਰ ਗਲਤਫ਼ਹਿਮੀ ਕਰਕੇ 6:16 ਵਿਚਲੇ ''ਪਰਮੇਸ਼ੁਰ ਦੇ ਇਸਰਾਏਲ'' ਦੇ ਹਵਾਲੇ ਨੂੰ ਸਪੱਸ਼ਟ ਕਰਨ ਦੀ ਲੋੜ ਹੈ। ਮਸੀਹੀ ਜਗਤ ਵਿਚ ਬਹੁਤ ਸਾਰੇ ਲੋਕ ਹਨ ਜਿਨ੍ਹਾਂ ਦਾ ਮੰਨਣਾ ਹੈ ਕਿ ਅਬਰਾਹਾਮ ਦੀ ਸਰੀਰਕ ਸੰਤਾਨ ਹੋਣ ਦੇ ਅਧਾਰ ਤੇ ਅੱਜ ਵੀ ਖ਼ੁਦਾ ਦੀ ਜ਼ਿੰਮੇਵਾਰੀ ਪੁਰਾਣੇ ਨੇਮ ਦੇ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਦੀ ਹੈ। ਇਸ ਸਿੱਖਿਆ ਨੂੰ ਮੰਨਣ ਵਾਲੇ ''ਸਰੀਰ ਦੇ ਸਰਬੰਧ ਕਰਕੇ ਇਸਰਾਏਲ'' ਵਾਕਅੰਸ਼[61] ਨੂੰ ਨਵੇਂ ਨੇਮ ਵਿਚ ਵਿਖਾਏ ਗਏ ਨਾਲੋਂ ਕਿਤੇ ਅੱਗੇ

ਬਦਲਵੇਂ ਰਾਹ ਕੱਢਣ ਲਈ ਖੋਜ ਕਰਨਾ ਚਾਹੁੰਦੇ ਹਨ।

ਪੌਲੁਸ ਨੇ ਇਹ ਸਾਫ਼ ਕਰ ਦਿੱਤਾ ਕਿ ਸੁੰਨਤ ਕੀਤਾ ਹੋਇਆ ਯਹੂਦੀ ਹੋਣਾ ਕਿਸੇ ਦੀ ਸਰੀਰਕ ਹਾਲਤ ਨਾਲ ਉਸ ਨੂੰ ਖ਼ੁਦਾ ਦੇ ਸਾਹਮਣੇ ਧਰਮੀ ਨਹੀਂ ਠਹਿਰਾਉਂਦਾ। 6:15 ਵਿਚ ਉਸ ਨੇ ਲਿਖਿਆ, ''ਕਿਉਂ ਜੋ ਨਾ ਤਾਂ ਸੁੰਨਤ, ਨਾ ਹੀ ਅਸੁੰਨਤ ਕੁਝ ਹੈ ਸਗੋਂ ਨਵੀਂ ਸਰਿਸ਼ਟ।'' ਇਹ ''ਨਵੀਂ ਸਰਿਸ਼ਟ'' ਸਿਰਫ਼ ਯਿਸੂ ਮਸੀਹ ਦੀ ਕੁਰਬਾਨੀ ਨਾਲ ਹੀ ਸੰਭਵ ਹੋਈ ਹੈ (6:14), ਜਿਸ ਨੂੰ ਆਗਿਆਕਾਰੀ ਵਿਸ਼ਵਾਸ ਨਾਲ ਮੰਨਿਆ ਜਾਣਾ ਜ਼ਰੂਰੀ ਹੈ (3:9–14, 23–29; 5:2–7; ਰਸੂਲਾਂ ਦੇ ਕਰਤੱਬ 15:1–11)।

ਇਹ ਦਾਅਵਾ ਕਰਨ ਵਾਲੇ ਗਲਤ ਹਨ ਕਿ ਉਹ ''ਪਰਮੇਸ਼ੁਰ ਦੇ ਇਸਰਾਏਲ'' ਦੇ ਲੋਕ ਹਨ ਕਿਉਂ ਜੋ ਸਰੀਰਕ ਤੌਰ ਤੇ ਅਬਰਾਹਾਮ ਦੀ ਸੰਤਾਨ ਹਨ (6:16)। ਜਿਹੜੀ ''ਮਰਿਆਦਾ'' ਇਹ ਤੈਅ ਕਰਦੀ ਹੈ ਕਿ ਖ਼ੁਦਾ ਦੀ ਨਜ਼ਰ ਵਿਚ ਅਸਲ ਇਸਰਾਏਲੀ ਕੌਣ ਹੈ, ਜਿਸ ਉੱਤੇ ਪੌਲੁਸ ਸ਼ਾਂਤੀ ਅਤੇ ਦਯਾ ਚਾਹੁੰਦਾ ਸੀ ਉਹ ਮਸੀਹ ਵਿਚ ''ਨਵੀਂ ਸਰਿਸ਼ਟ'' ਹੋਣਾ ਹੈ। ਜਿਨ੍ਹਾਂ ਦਾ ''ਮਸੀਹ ਵਿਚ ਬਪਤਿਸਮਾ'' ਹੋ ਚੁੱਕਿਆ ਹੈ ਉਹ ''ਨਵੇਂ ਜੀਵਨ ਦੇ ਰਾਹ'' ਚੱਲਣ ਲਈ ਜੀ ਉੱਠੇ ਹਨ (ਰੋਮੀਆਂ 6:3, 4), ਉਨ੍ਹਾਂ ਨੂੰ ਆਤਮਾ ਦੁਆਰਾ ਚੱਲਣ ਜ਼ਰੂਰੀ ਹੈ (ਗਲਾਤੀਆਂ 5:25)। ਜੇ ਕੋਈ ''ਆਤਮਾ ਦੀ ਅਗਵਾਈ ਨਾਲ ਚੱਲਦਾ'' ਹੈ ਤਾਂ ਉਹ ''ਸ਼ਰ੍ਹਾ ਦੇ ਮਤਹਿਤ ਨਹੀਂ'' ਰਹਿਆ (5:18)।

**ਕੈਨਨ** (6:16)

ਗਲਾਤੀਆਂ ਦੀ ਕਿਤਾਬ ਵਿਚ ਭਾਵੇਂ ''ਕੈਨਨ'' (ਪ੍ਰਮਾਣਿਕ) ਤੇ ਵਿਚਾਰ ਨਹੀਂ ਕੀਤਾ ਗਿਆ ਪਰ 6:16 ਵਿਚ ਇਸ ਨਾਲ ਮੇਲ ਖਾਂਦਾ ਯੂਨਾਨੀ ਸ਼ਬਦ ਮਿਲਦਾ ਹੈ। ''ਮਰਿਆਦਾ'' ਦਾ ਅਨੁਵਾਦ *kanōn* (ਕੈਨਨ) ਤੋਂ ਕੀਤਾ ਗਿਆ ਹੈ ਜੋ ਇਬਰਾਨੀ ਸ਼ਬਦ (*qaneh*, ਕਾਨੇ ''ਕੇਨ'' ਜਾਂ ''ਕਾਨਾ'') ਨਾਲ ਸਬੰਧਿਤ ਸਾਮੀ ਭਾਸ਼ਾ ਦਾ ਸ਼ਬਦ ਹੈ। ਕਾਨੇ ਦੀ ਵਰਤੋਂ ਕਈ ਵਾਰ ਨਾਪਣ ਵਾਲੀ ਛੜੀ ਦੇ ਰੂਪ ਵਿਚ ਕੀਤੀ ਜਾਂਦੀ ਹੈ। ਇਸ ਕਰਕੇ ਯੂਨਾਨੀ ਭਾਸ਼ਾ ਵਿਚ *kanōn* ਵਿਚ ''ਮਾਨਕ'' ਜਾਂ ''ਕਸੌਟੀ'' ਦੇ ਵਿਚਾਰ ਨੂੰ ਮੰਨਿਆ ਜਾਂਦਾ ਹੈ। ਆਰੰਭਕ ਮਸੀਹੀ ਸਦੀਆਂ ਦੌਰਾਨ ਇਸ ਸ਼ਬਦ ਦੀ ਵਰਤੋਂ ਪਹਿਲਾਂ ''ਮਸੀਹੀ ਵਿਸ਼ਵਾਸ ਦੀ ਮਰਿਆਦਾ ਦੀ ਡਾਕਟ੍ਰਿਨ ਸੰਬਧੀ ਅਤੇ ਇਖ਼ਲਾਕੀ ਸਮੱਗਰੀ ਲਈ'' ਕੀਤੀ ਜਾਂਦੀ ਸੀ। ਪਰ ਚੌਥੀ ਸਦੀ ਵਿਚ ਇਸ ਸ਼ਬਦ ਨੂੰ ਪੁਰਾਣੇ ਅਤੇ ਨਵੇਂ ਨੇਮਾਂ ਵਿਚ ਸ਼ਾਮਿਲ ਕਿਤਾਬਾਂ ਦੀ ਫ਼ਹਿਰਿਸਤ ਲਈ ਵਰਤਿਆ ਜਾਣ ਲੱਗਾ। ''ਅੱਜ ਇਹੀ ਅਰਥ ਪਾਇਆ ਜਾਂਦਾ ਹੈ: 'ਕੈਨਨ, ਦਸਤਾਵੇਜ਼ਾਂ ਦੇ ਉਸ ਸੰਗ੍ਰਹਿ ਨੂੰ ਕਿਹਾ ਜਾਂਦਾ ਹੈ ਜਿਹੜੇ ਪ੍ਰਮਾਣਿਕ ਬਾਈਬਲ ਵਿਚ ਹਨ।''[62]

ਪੁਰਾਣੇ ਨੇਮ ਦੇ ਕੈਨਨ ਬਣਨ ਦੀ ਆਖਰੀ ਤਰੀਕ ਦੇ ਰੂਪ ਵਿਚ, 400 ਈ.ਪੂ. ਅਤੇ 200 ਈਸਵੀ ਵਿਚ ਦੇ ਵੱਖੋ ਵੱਖ ਵਿਚਾਰ ਪਾਏ ਜਾਂਦੇ ਹਨ। ਡੀ. ਏ. ਕਾਰਸਨ, ਡਗਲਸ ਜੇ. ਮੂਅ, ਅਤੇ ਲਿਓਨ ਮੌਰਿਸ ਦਾ ਕਹਿਣਾ ਹੈ ਕਿ ਹੁਣ ਇਹ ਮੰਨਿਆ ਜਾਣ ਲੱਗਾ ਹੈ ਕਿ ਪਹਿਲੀ ਸਦੀ ਈ. ਪੂ. ਦੇ ਬਾਅਦ ਦੀ ਕੋਈ ਵੀ ਤਰੀਕ ਇਸ ਸਬੂਤ ਦੇ ਉਲਟ ਹੈ। ਇਹ ਲੇਖਕ ਇਸ ਦਾਅਵੇ ਨੂੰ ਰੱਦਦੇ ਸਨ ਕਿ ਕੁਧਰਮੀ ਮਾਰਸੀਅਨ ਨੇ ਦੂਜੀ ਸਦੀ ਈਸਵੀ ਦੇ ਮੱਧ ਦੇ ਨੇੜੇ ਤੇੜੇ ਨਵੇਂ ਨੇਮ ਦੇ ਕੈਨਨ ਦੀਆਂ ਪੁਸਤਕਾਂ ਦੀ ਪ੍ਰਮਾਣਿਕ ਮਸੀਹੀਅਤ ਦੀ ਪਹਿਲੀ ਸੂਚੀ ਪ੍ਰਕਾਸ਼ਿਤ ਕੀਤੀ:

> ਪੌਲੁਸ ਦੇ ਖ਼ਤ ਪਹਿਲਾਂ ਹੀ ਸੰਗਠਿਤ ਰੂਪ ਵਿਚ ਪ੍ਰਸਾਰਿਤ ਹੋ ਰਹੇ ਸਨ ਅਤੇ ਸੰਭਵ ਤੌਰ ਤੇ ਇੰਜੀਲ ਦੇ ਕੈਨਨ ਦੇ ਚਾਰੇ ਵਿਰਤਾਂਤ ਵੀ। ਬਹੁਤਾ ਅਹਿਮ, ਨਵੇਂ ਨੇਮ ਵਾਲੀ ਬਾਈਬਲ ਦਾ ਵਿਚਾਰ, ਜੋ ਯਕੀਨੀ ਤੌਰ ਤੇ ਦੂਜੀ ਸਦੀ ਦੇ ਸ਼ੁਰੂ ਵਿਚ ਚੰਗੀ ਤਰ੍ਹਾਂ ਨਾਲ ਕਾਇਮ ਹੋ ਚੁੱਕਿਆ ਸੀ, ਦੇਰ ਸਵੇਰ ਕੈਨਨ ਦੀ ਹੱਦ ਦੀਆਂ ਕੁਝ ਗੱਲਾਂ ਨੂੰ ਪਹਿਲਾਂ ਤੋਂ ਮੰਨ ਲੈਂਦਾ ਹੈ।[63]

ਯਿਸੂ ਨੇ ਲਿਖਤੀ ਰੂਪ ਵਿਚ ਅਜਿਹਾ ਕੁਝ ਵੀ ਨਹੀਂ ਦਿੱਤਾ ਹੈ ਜਿਹੜਾ ਸਾਡੇ ਤਕ ਪਹੁੰਚਿਆ ਹੋਵੇ। ਪਰ ਉਸ ਨੇ ਇਹ ਵਾਅਦਾ ਕੀਤਾ ਕਿ ਪਵਿੱਤਰ ਆਤਮਾ ਨੇ ਉਸ ਦੇ ਚੇਲਿਆਂ ਨੂੰ ਉਹ ਸਭ ਕੁਝ ਸਿਖਾਉਣਾ ਸੀ ਜਿਹੜਾ ਉਸ ਨੇ ਆਪਣੀ ਸੇਵਕਾਈ ਦੌਰਾਨ ਉਨ੍ਹਾਂ ਨੂੰ ਸਿਖਾਇਆ ਸੀ ਅਤੇ ''ਸਾਰੀ ਸਚਿਆਈ ਵਿਚ'' ਉਨ੍ਹਾਂ ਦੀ ਅਗਵਾਈ ਕਰਨੀ ਸੀ (ਯੂਹੰਨਾ 14:26; 16:12, 13)। ਇਹ ਵਾਅਦਾ ਉਨ੍ਹਾਂ ਬਾਰ੍ਹਾਂ ਨੂੰ ਦਿੱਤਾ ਗਿਆ ਸੀ ਜਿਨ੍ਹਾਂ ਦੇ ਉਸ ਨੇ ਪੈਰ ਧੋਤੇ ਸਨ (ਯੂਹੰਨਾ 13:1–10); ਕਿਉਂ ਜੋ ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਦੇ ਉਸ ਭਾਗ ਵਿਚ ਉਸ ਸਮੂਹ ਨਾਲ ਗੱਲਬਾਤ ਦਾ ਨਿਰਵਿਘਨ ਸੰਦਰਭ ਹੈ (ਯੂਹੰਨਾ 13–17)। ਇਸ ਕਰਕੇ ਯਿਸੂ ਨੇ ਆਪ ਖੁਸ਼ਖ਼ਬਰੀ ਦਾ ਐਲਾਨ ਬਿਨਾਂ ਕਿਸੇ ਰੁਕਾਵਟ ਦੇ (ਰਸੂਲਾਂ ਦੇ ਕਰਤੱਬ 1:1) ਅਤੇ ਫਿਰ ਇਸ ਦਾ ਹੋਰ ਮੁਕਾਸ਼ਫ਼ਾ ਅਤੇ ਵਰਤੋਂ ਅਤੇ ਪ੍ਰਾਸੰਗਿਕਤਾ ਰਸੂਲਾਂ ਨੂੰ ਦੇ ਦਿੱਤੀ ਜਿਨ੍ਹਾਂ ਨੂੰ ਉਸ ਨੇ ਇਸ ਵਾਸਤੇ ਚੁਣਿਆ ਸੀ (ਇਬਰਾਨੀਆਂ 2:3, 4)। ਇਲਹਾਮ ਪ੍ਰਾਪਤ ਹੋਰਨਾਂ ਲੇਖਕਾਂ ਦੇ ਨਾਲ ਰਸੂਲਾਂ ਨੇ ਨਵੇਂ ਨੇਮ ਦੇ ਸੰਦੇਸ਼ ਤੋਂ ਲਿਖਿਆ, ਜੋ ਕਿ ਅੱਜ ਮਸੀਹੀ ਵਿਸ਼ਵਾਸ ਦਾ ਪ੍ਰਮਾਣਿਕ ਅਧਾਰ ਹੈ (ਵੇਖੋ ਅਫ਼ਸੀਆਂ 2:20; 3:5)।

ਪੁਰਾਣੇ ਨੇਮ ਦੇ ਕੈਨਨ ਸਬੰਧੀ ਨਵੇਂ ਨੇਮ ਦੇ ਦੋ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਯਿਸੂ ਨੇ ਪੁਰਾਣੇ ਨੇਮ ਦੇ ਸਾਰੇ ਲੇਖਾਂ ਨੂੰ ਪਰਵਾਨਗੀ ਦਿੱਤੀ। ਪਹਿਲਾ ਤਾਂ ਲੂਕਾ 24:44 ਜਿਸ ਵਿਚ ਮਸੀਹ ਦੇ ਆਪਣੇ ਚੇਲਿਆਂ ਨੂੰ ਜੀ ਉੱਠਣ ਦੇ ਪਹਿਲੀ ਵਾਰ ਦਰਸ਼ਣ ਦੇਣ ਦੀ ਗੱਲ ਹੈ। ਉਸ ਮੌਕੇ ਤੇ ਉਸ ਨੇ ਕਿਹਾ, ''ਏਹ ਮੇਰੀਆਂ ਓਹੋ ਗੱਲਾਂ ਹਨ ਜਿਹੜੀਆਂ ਮੈਂ ਤੁਹਾਡੇ ਨਾਲ ਹੁੰਦਿਆਂ ਹੋਇਆ ਤੁਹਾਨੂੰ ਆਖੀਆਂ ਭਈ ਉਨ੍ਹਾਂ ਸਭਨਾਂ ਗੱਲਾਂ ਦਾ ਪੂਰਾ ਹੋਣਾ ਜ਼ਰੂਰੀ ਹੈ ਜੋ ਮੂਸਾ ਦੀ ਤੁਰੇਤ ਅਤੇ ਨਬੀਆਂ ਦੇ ਪੁਸਤਕਾਂ ਅਤੇ ਜ਼ਬੂਰਾਂ ਵਿਚ ਮੇਰੇ ਹੱਕ ਵਿਚ ਲਿਖੀਆਂ ਹੋਈਆਂ ਹਨ।'' ਤਿੰਨ ਭਾਗਾਂ ਵਾਲੀ ਇਸ ਵੰਡ ਦਾ ਹਵਾਲਾ ਦੇ ਕੇ ਯਿਸੂ ਇਹ ਸਮਝਾ ਰਿਹਾ ਸੀ ਕਿ ਉਸ ਦੀ ਮੌਤ ਅਤੇ ਜੀ ਉੱਠਣ ਨਾਲ ਪੂਰੀ ਇਬਰਾਨੀ ਬਾਈਬਲ ਨੂੰ ਪੂਰਾ ਕੀਤਾ ਗਿਆ। ਇਸ ਸੰਦਰਭ ਵਿਚ ਲੇਖਾਂ ਲਈ ''ਜ਼ਬੂਰਾਂ'' ਵਰਤਿਆ ਗਿਆ ਹੈ ਕਿਉਂ ਜੋ ਉਸੇ ਕਿਤਾਬ ਨਾਲ ਇਸ ਭਾਗ ਦੀ ਸ਼ੁਰੂਆਤ ਹੁੰਦੀ ਸੀ। ਇਸ ਤੋਂ ਇਲਾਵਾ ਮਸੀਹ ਨਾਲ ਸਬੰਧਿਤ ਹੋਰ ਨਬੂਵਤਾਂ, ਲੇਖਾਂ ਦੀ ਕਿਸੇ ਵੀ ਹੋਰ ਕਿਤਾਬ ਨਾਲੋਂ ਵਧ ਕੇ ਜ਼ਬੂਰਾਂ ਵਿਚ ਹੀ ਮਿਲਦੀਆਂ ਹਨ।

ਦੂਜਾ ਹਵਾਲਾ ਜਿਹੜਾ ਇਹ ਸੰਕੇਤ ਦਿੰਦਾ ਹੈ ਕਿ ਯਿਸੂ ਪੂਰੇ ਪੁਰਾਣੇ ਨੇਮ ਨੂੰ ਮੰਨਦਾ ਸੀ, ਮੱਤੀ 23:29–36 ਹੈ। ਇਹ ਦੱਸਦਾ ਹੈ ਕਿ ਉਸ ਨੇ ਖ਼ੁਦਾ ਦੇ ਨਬੀਆਂ ਦੇ ਨਾਲ ਯਹੂਦੀ ਆਗੂਆਂ ਦੀ ਬਦਸਲੂਕੀ ਦੇ ਦੋਸ਼ ਨੂੰ ਕਿਵੇਂ ਸਾਹਮਣੇ ਲਿਆਂਦਾ। ਇਸਰਾਏਲ ਦੇ ਇਤਿਹਾਸ ਵਿਚ ਸਦੀਆਂ ਤਕ ਇਹ ਪਾਪ ਹੁੰਦਾ ਰਿਹਾ ਸੀ। ਆਪਣੇ ਦੋਸ਼ ਤੋਂ ਭਾਵੇਂ ਉਹ ਅਣਜਾਣ ਸਨ ਪਰ ਇਹ ਲੋਕ ਆਪਣੇ ਵਡੇਰਿਆਂ ਨਾਲੋਂ ਕਿਸੇ ਵੀ ਤਰੀਕੇ ਨਾਲ ਚੰਗੇ ਨਹੀਂ ਸਨ। ਇਸ ਸੰਦਰਭ ਵਿਚ ਯਿਸੂ ਨੇ ਇਨ੍ਹਾਂ ਆਗੂਆਂ ਨੂੰ ਦੱਸਿਆ:

> ਇਸ ਲਈ ਵੇਖੋ ਮੈਂ ਨਬੀਆਂ ਅਤੇ ਗਿਆਨੀਆਂ ਅਤੇ ਗ੍ਰੰਥੀਆਂ ਨੂੰ ਤੁਹਾਡੇ ਕੋਲ ਭੇਜਦਾ ਹਾਂ। ਤੁਸੀਂ ਉਨ੍ਹਾਂ ਵਿੱਚੋਂ ਕਈਆਂ ਨੂੰ ਮਾਰ ਸੁੱਟੋਗੇ ਅਤੇ ਸਲੀਬ ਉੱਤੇ ਚੜ੍ਹਾਓਗੇ ਅਤੇ ਕਈਆਂ ਨੂੰ ਆਪਣੀਆਂ ਸਮਾਜਾਂ ਵਿੱਚੋ ਕੋਰੜੇ ਮਾਰੋਗੇ ਅਤੇ ਸ਼ਹਿਰ ਸ਼ਹਿਰ ਉਨ੍ਹਾਂ ਦੇ ਮਗਰ ਪਓਗੇ। ਤਾਂਕਿ ਧਰਮੀਆਂ ਦਾ ਜਿੰਨਾ ਲਹੂ ਧਰਤੀ ਉੱਤੇ ਵਹਾਇਆ ਗਿਆ ਹਾਬਲ ਧਰਮੀ ਦੇ ਲਹੂ ਤੋਂ ਲੈ ਕੇ ਬਰਕਯਾਹ ਦੇ ਪੁੱਤਰ ਜ਼ਕਰਯਾਹ ਦੇ ਲਹੂ ਤੀਕ ਜਿਹ ਨੂੰ ਤੁਸਾਂ ਹੈਕਲ ਅਤੇ ਜਗਵੇਦੀ ਦੇ ਵਿਚਕਾਰ ਮਾਰ ਦਿੱਤਾ ਸੱਭੋ ਤੁਹਾਡੇ ਜੁੰਮੇ ਆਵੇ (ਮੱਤੀ 23:34, 35)।

ਹਾਬਲ ਦੀ ਮੌਤ ਦੀ ਗੱਲ ਇਬਰਾਨੀ ਕੈਨਨ ਦੀ ਪਹਿਲੀ ਕਿਤਾਬ ਵਿਚ ਦਰਜ ਹੈ (ਉਤਪਤ 4:8), ਜਦ ਕਿ ਜ਼ਕਰਯਾਹ ਦੀ ਮੌਤ ਦੀ ਗੱਲ ਆਖਰੀ ਕਿਤਾਬ ਵਿਚ ਮਿਲਦੀ ਹੈ (2 ਇਤਿਹਾਸ 24:20,

21)। (ਦੂਜਾ ਇਤਿਹਾਸ ਇਬਰਾਨੀ ਬਾਈਬਲ ਦੀਆਂ ਕਿਤਾਬਾਂ ਵਿਚ ਆਖਰੀ ਹੈ।) ਜਿਸ ਕਰਕੇ ਯਿਸੂ ਨੇ ਸ਼ੁਰੂ ਤੋਂ ਲੈ ਕੇ ਅਖ਼ੀਰ ਤਕ ਸਿੱਧੇ ਤੌਰ ਤੇ ਪੂਰੇ ਪੁਰਾਣੇ ਨੇਮ ਦੇ ਕੈਨਨ ਤੇ ਆਪਣੀ ਮੰਜ਼ੂਰੀ ਦੀ ਮੋਹਰ ਲਾ ਦਿੱਤੀ।

ਮੱਤੀ 23:29-36 ਵੀ ਨਵੇਂ ਨੇਮ ਦੇ ਲਿਖੇ ਜਾਣ ਦੀ ਗੱਲ ਦੀ ਨਬੂਵਤ ਕਰਦਾ ਹੈ, ਜੋ ਕਿ ਚੇਲਿਆਂ ਦੇ ਜੀਵਨਕਾਲ (ਪਹਿਲੀ ਸਦੀ) ਵਿਚ ਪੂਰੀ ਹੋ ਜਾਣੀ ਸੀ। ਯਿਸੂ ਨੇ ਆਖਿਆ ਕਿ ਉਹ ''ਨਬੀਆਂ ਅਤੇ ਗਿਆਨੀਆਂ ਅਤੇ ਗ੍ਰੰਥੀਆਂ'' ਨੂੰ ਘੱਲਣ ਵਾਲਾ ਸੀ। ਜਿਵੇਂ ਇਸਰਾਏਲ ਦੇ ਆਗੂਆਂ ਨੇ ਪੁਰਾਣਾ ਨੇਮ ਲਿਖਣ ਵਾਲੇ ਨਬੀਆਂ ਨੂੰ ਸਤਾਇਆ ਸੀ, ਉਸੇ ਤਰ੍ਹਾਂ ਪਹਿਲੀ ਸਦੀ ਦੇ ਉਨ੍ਹਾਂ ਦੀਆਂ ਨਕਲਾਂ ਨੇ ਰਸੂਲਾਂ ਅਤੇ ਨਬੀਆਂ ਨੂੰ ਵਿਖਾਉਣਾ ਸੀ ਕਿ ਜਿਨ੍ਹਾਂ ਨੇ ਨਵਾਂ ਨੇਮ ਲਿਖਣਾ ਸੀ।

ਪੁਰਾਣੇ ਅਤੇ ਨਵੇਂ ਦੋਹਾਂ ਨੇਮਾਂ ਦਾ ਕੈਨਨ ਬਾਈਬਲ ਦੇ ਪ੍ਰਮਾਣਿਕ ਅਤੇ ਪੁਖ਼ਤਾ ਦਸਤਾਵੇਜ਼ ਦੇ ਰੂਪ ਵਿਚ ਕਿਵੇਂ ਮੰਨਿਆ ਜਾਣ ਲੱਗਾ, ਇਸ ਦਾ ਪੂਰਾ ਮਾਮਲਾ, ਬਾਈਬਲ ਅਧਿਐਨ ਦੀਆਂ ਅਸਾਨ ਗੱਲਾਂ ਵਿੱਚੋਂ ਨਹੀਂ ਹੈ। ਇਸੇ ਤਰ੍ਹਾਂ ਨਾਲ ਇਹ ਇਸ ਗੱਲ ਦਾ ਸਬੂਤ ਹੈ ਕਿ ਪੁਰਾਣੇ ਨੇਮ ਦਾ ਕੈਨਨ ਮਸੀਹ ਦੇ ਨੇਮ ਤੋਂ ਪਹਿਲਾਂ ਪੱਕਾ ਹੋ ਗਿਆ ਸੀ। ਇਸ ਤੋਂ ਇਲਾਵਾ ਨਵੇਂ ਨੇਮ ਦਾ ਕੈਨਨ ਚੌਥੀ ਸਦੀ ਦੇ ਅੰਤ ਤਕ ਬਣ ਗਿਆ। ਪਰ ਸਤਾਈਆਂ ਵਿੱਚੋਂ ਜ਼ਿਆਦਾਤਰ ਕਿਤਾਬਾਂ ਵਿੱਚੋਂ ਇਸ ਤੋਂ ਬਹੁਤ ਪਹਿਲਾਂ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੀ ਬਾਈਬਲ ਵਿਚ ਵਿਆਪਕ ਤੌਰ ਤੇ ਕਬੂਲਿਆ ਜਾਣ ਲੱਗਾ। ਇਨ੍ਹਾਂ ਕਿਤਾਬਾਂ ਵਿੱਚੋਂ ਜ਼ਿਆਦਾਤਰ ਮਿਊਰੇਟੋਰੀਅਮ ਫ੍ਰੈਗਮੈਂਟ ਵਿਚ ਮਿਲਦੀਆਂ ਹਨ ਜੋ ਸੰਭਵ ਤੌਰ ਤੇ ਦੂਜੀ ਸਦੀ ਦੇ ਅਖ਼ੀਰ ਦਾ ਹੈ।[64] ਕਿਤਾਬਾਂ ਦੀ ਪੂਰੀ ਫ਼ਹਰਿਸਤ (ਇਨ੍ਹਾਂ ਵਿੱਚੋਂ ਭਾਵੇਂ ਕਈ ਵਿਵਾਦ ਭਰੀਆਂ ਸਨ) ਕਲੀਸੀਆ ਦਾ ਇਤਿਹਾਸਕਾਰ ਯੂਸਬਿਯੁਸ ਦੇ ਲੇਖਾਂ ਵਿਚ ਮਿਲਦੀ ਹੈ ਜੋ ਕਿ ਚੌਥੀ ਸਦੀ ਦੇ ਸ਼ੁਰੂ ਦੇ ਹਨ।[65] ਸਤਾਈ ਕਿਤਾਬਾਂ ਦਾ ਕੈਨਨ ਅਥੇਨੇਸਿਯੁਸ ਦੇ ਉਣਤਾਲੀਵੇਂ ਪਰਬ ਪੱਤਰ ਵਿਚ ਮਿਲਦਾ ਹੈ (ਈਸਵੀ 367)।[66] ਇਸ ਕੈਨਨ ਨੂੰ ਕੌਂਸਿਲ ਆਫ਼ ਹਿੱਪੋ (ਈਸਵੀ 393) ਵਿਚ ਮਾਨਤਾ ਦਿੱਤੀ ਗਈ ਅਤੇ ਕਾਰਥੇਜ ਦੀ ਤੀਜੀ ਕੌਂਸਿਲ ਵਿਚ ਦੁਹਰਾਇਆ ਗਿਆ (ਈਸਵੀ 397)।[67]

**ਦਾਗ** (6:17)

ਗਲਾਤੀਆਂ ਦੇ ਨਾਂਅ ਆਪਣੇ ਖ਼ਤ ਦੇ ਅਖ਼ੀਰ ਵਿਚ ਆਉਂਦਿਆਂ ਆਉਂਦਿਆਂ ਪੌਲੁਸ ਨੇ ਲਿਖਿਆ ਕਿ ਉਹ ਆਪਣੀ ਦੇਹ ਵਿਚ ''ਯਿਸੂ ਦੇ ਦਾਗਾਂ ਨੂੰ ਲਈ ਫਿਰਦਾ'' ਹੈ। ''ਦਾਗ'' ਲਈ ਯੂਨਾਨੀ ਸ਼ਬਦ *stigma* (ਸਟਿਗਮਾ) ਹੈ, ਜਿਸ ਨੂੰ ਅੰਗ੍ਰੇਜ਼ੀ ਵਿਚ ਇਵੇਂ ਹੀ ਲਿਖਿਆ ਜਾਂਦਾ ਹੈ। ਅਜਿਹੇ ਦਾਗ ਖ਼ਾਸ ਤੌਰ ਤੇ ਬੇਇੱਜ਼ਤੀ ਦਾ ਨਿਸ਼ਾਨ ਹੁੰਦੇ ਸਨ। ਪਰ ਪੌਲੁਸ ਆਪਣੇ ਦਾਗਾਂ (ਨਿਸ਼ਾਨਾਂ ਅਤੇ ਸੱਟਾਂ) ਲਈ ਇਕ ਫ਼ਰਕ ਨਜ਼ਰੀਆ ਰੱਖਦਾ ਸੀ ਕਿਉਂ ਜੋ ਉਨ੍ਹਾਂ ਦਾ ਸਬੰਧ ਯਿਸੂ ਨਾਲ ਸੀ। ਦੂਜੇ ਲੋਕ ਭਾਵੇਂ ਉਨ੍ਹਾਂ ਤੋਂ ਭੱਜਦੇ ਹੋਣ ਪਰ ਉਹ ਉਨ੍ਹਾਂ ਦਾਗਾਂ ਨੂੰ ਮਸੀਹ ਦੇ ਦਾਸ ਦੇ ਰੂਪ ਵਿਚ ਆਪਣੀ ਵਫ਼ਾਦਾਰ ਸੇਵਾ ਦਾ ਸਬੂਤ ਮੰਨਦਾ ਸੀ।

ਦਾਗ ਨਾਲ ਵਿਅਕਤੀ, ਪਰਿਵਾਰ, ਸਮਾਜ ਜਾਂ ਲੋਕਾਂ ਦੀ ਕੌਮ ਦਾ ਨੁਕਸਾਨ ਹੋ ਸਕਦਾ ਹੈ। ਮੇਰੇ ਬਚਪਨ ਵਿਚ ਸਾਡੀ ਇਕ ਰਿਸ਼ਤੇਦਾਰ ਹੁੰਦੀ ਸੀ ਜਿਹੜੀ ਦੇਸ਼ ਦੇ ਉਸ ਹਿੱਸੇ ਵਿਚ ਜਾਂਦੀ ਹੁੰਦੀ ਸੀ ਜਿਹਦੇ ਲਈ ਕਿਹਾ ਜਾਂਦਾ ਸੀ ਕਿ ਉਹ ਸੇਹਤ ਲਈ ਚੰਗਾ ਹੈ। ਉਹ ਉੱਥੇ ''ਤੰਦਰੁਸਤੀ ਲਈ ਅਰਾਮ'' ਲਈ ਕਈ ਕਈ ਹਫ਼ਤੇ ਰਹਿੰਦੀ ਹੁੰਦੀ ਸੀ। ਪਰ ਜਦ ਅਸੀਂ ਬੱਚੇ ਉਸ ਤੋਂ ਪੁੱਛਦੇ ਕਿ ਉਹ ਉੱਥੇ ਕਿਉਂ ਜਾਂਦੀ ਹੈ ਤਾਂ ਉਹ ਕਦੇ ਸਿੱਧਾ ਜਵਾਬ ਨਹੀਂ ਦਿੰਦੀ ਸੀ ਜਿਸ ਨਾਲ ਸਾਡੀ ਜਿਗਿਆਸਾ ਹੋਰ ਵੀ ਵਧ ਜਾਂਦੀ ਸੀ। ਕਾਲਜ ਵਿਚ ਜਾਣ ਤੇ ਸਾਨੂੰ ਪਤਾ ਲੱਗਾ ਕਿ ਉਸ ਦੇ ਫੇਫੜਿਆਂ ਉੱਤੇ ''ਇਕ ਦਾਗ'' ਸੀ। ਅਖ਼ੀਰ ਵਿਚ ਪਤਾ ਲੱਗਾ ਕਿ ਉਸ ਨੂੰ ਟੀਬੀ ਸੀ (ਜਾਂ ਇਸ ਨੂੰ ਆਮ ਤੌਰ ਤੇ ''ਤਬਦਿਕ'' ਕਿਹਾ ਜਾਂਦਾ ਸੀ)। ਸਾਫ਼ ਤੌਰ ਤੇ ਉਸ ਨੂੰ ਜੋ ਵੀ ਰੋਗ ਸੀ ਅਖ਼ੀਰ ਵਿਚ ਉਹ ਠੀਕ ਹੋ

ਗਈ ਅਤੇ ਕਾਫ਼ੀ ਬਜ਼ੁਰਗ ਹੋ ਕੇ ਮਰੀ। ਇਸ ਨੂੰ ਲੁਕਾ ਕੇ ਰੱਖਣ ਦਾ ਕਾਰਣ ਸਾਨੂੰ ਪਤਾ ਲੱਗਿਆ, ਕਿ ਇਹ ਸੀ ਕਿ ਕਿਸੇ ਨੂੰ ਟੀਬੀ ਹੋਣ ਦਾ ਸ਼ੱਕ ਵੀ ਪੂਰੇ ਪਰਿਵਾਰ ਲਈ ''ਧੱਬਾ'' ਹੋ ਸਕਦਾ ਹੈ ਜੋ ਗਰੀਬੀ ਅਤੇ ਗੰਦਗੀ ਵਾਲੇ ਸਮਾਜ ਵਿਚ ਸਜ਼ਾ ਵਾਲਾ ਕੰਮ ਬਣ ਜਾਂਦਾ ਹੈ। ਟੀਬੀ ਵਾਲੇ ਆਦਮੀ ਨੂੰ ਕਈ ਸੰਗਠਨਾਂ ਜਾਂ ਸਮਾਜਿਕ ਰੁਤਬਿਆਂ ਤੇ ਜਾਣ ਜਾਂ ਕਈ ਨੌਕਰੀਆਂ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਕਈ ਮਾਮਲਿਆਂ ਵਿਚ ਨਸਲੀ ਫ਼ਰਕ ਕਿਸੇ ਲਈ ਉਹਦੀ ਜ਼ਿੰਦਗੀ ਭਰ ਦਾ ''ਦਾਗ'' ਹੋ ਸਕਦਾ ਹੈ।

1930 ਅਤੇ 1940 ਦੇ ਦਹਾਕਿਆਂ ਵਿਚ ਜਰਮਨੀ ਵਿਚ ਜੇ ਕਿਸੇ ਉੱਤੇ ਉਸ ਦੀਆਂ ਰਗਾਂ ਵਿਚ ਯਹੂਦੀ ਖ਼ੂਨ ਹੋਣ ਦਾ ਸ਼ੱਕ ਪੈ ਜਾਂਦਾ ਤਾਂ ਇਹ ਦਾਗ ਉਹਦੇ ਨਾਲ ਜੁੜ ਜਾਂਦਾ। ਯਹੂਦੀਆਂ ਦੇ ਵਿਰੋਧ ਨੇ ਇਕ ਖ਼ਤਰਨਾਕ ਬਿਮਾਰੀ ਦਾ ਕੰਮ ਕੀਤਾ ਜਿਸ ਨਾਲ ਚੰਗੇ ਭਲੇ ਲੱਖਾਂ ਤੰਦਰੁਸਤ ਲੋਕਾਂ ਨੂੰ ਮਾਰ ਸੁੱਟਿਆ ਗਿਆ ਸੀ। ਅਜਿਹਾ ਸਮਾਜਿਕ ''ਦਾਗ'' ਕਿਤੇ ਇਕ ਜਾਂ ਅਤੇ ਸਮੇਂ ਦੇ ਲੋਕਾਂ ਤਕ ਹੀ ਨਹੀਂ ਹੁੰਦਾ।

**ਮਸੀਹ ਲਈ ਦੁੱਖ ਝੱਲਣਾ** (6: 17)

ਪੌਲੁਸ ਨੇ ਮਸੀਹ ਦੇ ਦਾਸ ਦੇ ਰੂਪ ਵਿਚ ਆਪਣੇ ''ਦਾਗਾਂ'' ਨੂੰ ਖੁਸ਼ੀ ਖੁਸ਼ੀ ਝੱਲ ਲਿਆ (6: 17)। ਉਸ ਨੇ ਕੁਲੁੱਸੀਆਂ ਨੂੰ ਲਿਖਿਆ, ''ਹੁਣ ਮੈਂ ਆਪਣਿਆਂ ਉਹਨਾਂ ਦੁਖਾਂ ਵਿਚ ਜੋ ਤੁਹਾਡੇ ਲਈ ਝੱਲਦਾ ਹਾਂ ਅਨੰਦ ਹਾਂ ਅਤੇ ਮਸੀਹ ਦੀਆਂ ਬਿਪਤਾਂ ਦਾ ਘਾਟਾ ਮੈਂ ਉਸ ਦੀ ਦੇਹੀ ਅਰਥਾਤ ਕਲੀਸੀਆ ਦੇ ਲਈ ਆਪਣੇ ਸਰੀਰ ਵਿਚ ਪੂਰਾ ਕਰਦਾ ਹਾਂ'' (ਕੁਲੁੱਸੀਆਂ 1:24)। ਨਵੇਂ ਨੇਮ ਵਿਚ ਇਹ ਸਭ ਤੋਂ ਅਨੋਖੀਆਂ ਗੱਲਾਂ ਵਿੱਚੋਂ ਇਕ ਹੈ। ਪ੍ਰਭੂ ਲਈ ਸਿਰਫ਼ ਦੁੱਖ ਝੱਲਣਾ ਹੀ ਕਾਫ਼ੀ ਨਹੀਂ ਸੀ। ਪੌਲੁਸ ਨੂੰ ਵੀ ਯਿਸੂ ਦੀ ਖ਼ਾਤਰ ਤਕਲੀਫ਼ਾਂ ਅਤੇ ਮੁਸੀਬਤਾਂ ਝੱਲਣੀਆਂ ਪਈਆਂ। ਇਸ ਨਾਲ ਉਸ ਨੂੰ ਅਨੰਦ ਮਿਲਿਆ। ਉਹ ਆਪਣੇ ਹਿੱਸੇ ਦੀ ਸਰੀਰਕ ਤਕਲੀਫ਼ ਅਤੇ ਦੁੱਖ ਨੂੰ ਆਪਣੇ ਸਰੀਰ ਵਿਚ ਮਾਣਨ ਲਈ ਤਿਆਰ ਸੀ ਜੋ ਸੰਸਾਰ ਵਿਚ ਯਿਸੂ ਦੀ ਦੇਹ ਭਾਵ ਕਲੀਸੀਆ ਲਈ ਪਹਿਲਾਂ ਤੋਂ ਠਹਿਰਾਇਆ ਗਿਆ ਸੀ।

ਸਾਡੇ ਲਈ ਹੈਰਾਨੀ ਦੀ ਗੱਲ ਹੋ ਸਕਦੀ ਹੈ ਕਿ ਮਸੀਹੀ ਗੁਲਾਮਾਂ ਨੂੰ ਸੰਬੋਧਤ ਕਰਦਿਆਂ ਪੌਲੁਸ ਨੇ ਉਨ੍ਹਾਂ ਨੂੰ ਆਪਣੇ ਮਾਲਕਾਂ ਦੇ ਅਧੀਨ ਰਹਿਣ ਅਤੇ ਉਨ੍ਹਾਂ ਦੇ ਅਨਿਆਂ ਨੂੰ ਸਹਿਣ ਲਈ ਤਿਆਰ ਰਹਿਣ ਲਈ ਕਿਹਾ। ਉਸ ਨੇ ਲਿਖਿਆ:

> ਪਰ ਜੇ ਤੁਸੀਂ ਸੁਭ ਕਰਮਾਂ ਦੇ ਕਾਰਨ ਦੁਖ ਝੱਲ ਕੇ ਧੀਰਜ ਕਰੋ ਤਾਂ ਇਹ ਪਰਮੇਸ਼ੁਰ ਨੂੰ ਪਰਵਾਨ ਹੈ। ਕਿਉਂ ਜੋ ਤੁਸੀਂ ਇਸੇ ਕਾਰਨ ਸੱਦੇ ਗਏ ਇਸ ਲਈ ਜੋ ਮਸੀਹ ਵੀ ਤੁਹਾਡੇ ਨਮਿੱਤ ਦੁਖ ਝੱਲ ਕੇ ਇਕ ਨਮੂਨਾ ਤੁਹਾਡੇ ਲਈ ਛੱਡ ਗਿਆ ਭਈ ਤੁਸੀਂ ਉਹ ਦੀ ਪੈੜ ਉੱਤੇ ਤੁਰੋ (1 ਪਤਰਸ 2:20ਅ, 21)।

ਭਲਾ ਵਿਹਾਰ ਦਾ ਇਹ ਨਿਯਮ ਗੁਲਾਮਾਂ ਲਈ ਸੀ ਜਾਂ ਪੂਰੀ ਕਲੀਸੀਆ ਲਈ ਸੰਦੇਸ਼ ਸੀ? ਇਸ ਸਵਾਲ ਦਾ ਜਵਾਬ ਦੇਣ ਲਈ ਸਾਨੂੰ ਸਿਰਫ਼ ਇਸ ਤੱਥ ਵਿਚ ਪੌਲੁਸ ਦੇ ਅਨੰਦ ਕਰਨ ਦੇ ਸ਼ਬਦਾਂ ਨੂੰ ਯਾਦ ਰੱਖਣ ਦੀ ਲੋੜ ਹੈ ਕਿ ਖ਼ੁਦਾ ਨੇ ਸਾਨੂੰ ਆਪਣੀ ਸੰਤਾਨ ਦੇ ਰੂਪ ਵਿਚ ਕਬੂਲ ਕਰ ਲਿਆ ਹੈ– ''ਅਤੇ ਜੇ ਬਾਲਕ ਹਾਂ ਤਾਂ ਅਧਕਾਰੀ ਵੀ ਹਾਂ, ਪਰਮੇਸ਼ੁਰ ਦੇ ਅਧਕਾਰੀ ਅਤੇ ਮਸੀਹ ਦੇ ਨਾਲ ਸਾਂਝੇ ਅਧਕਾਰੀ ਪਰ ਤਦੇ ਜੇ ਅਸੀਂ ਉਹ ਦੇ ਨਾਲ ਦੁਖ ਝੱਲੀਏ ਭਈ ਉਹ ਦੇ ਨਾਲ ਅਸੀਂ ਵਡਿਆਏ ਜਾਈਏ'' (ਰੋਮੀਆਂ 8: 17)। ਇਹ ਸ਼ਬਦ ਯਕੀਨਨ ਪ੍ਰਾਚੀਨ ਸਮੇਂ ਦੇ ਗੁਲਾਮਾਂ ਲਈ ਹੀ ਨਹੀਂ

ਸਨ ਬਲਕਿ ਸਾਡੇ ਸਾਰਿਆਂ ਲਈ ਵੀ ਹਨ ਜਿਹੜੇ ਪ੍ਰਭੂ ਦਾ ਨਾਮ ਲੈਂਦੇ ਹਨ, ਜਿਵੇਂ ਪੌਲੁਸ ਲੈਂਦਾ ਸੀ, ਜੀ ਉੱਠਣ ਦੀ ਆਸ ਵਿਚ ਵਡਿਆਈ ਪਾਈਏ। ਮਸੀਹ ਦੇ ਗੁਲਾਮ ਦੇ ਰੂਪ ਵਿਚ ਉਸ ਦੀਆਂ ਅਣਥਕ ਮੇਹਨਤਾਂ ਅਤੇ ਉਮੀਦਾਂ ਦੇ ਮਗਰ ਪ੍ਰੇਰਣਾ ਦੇਣ ਵਾਲੀ ਸ਼ਕਤੀ ਇਹੀ ਸੀ। ਜਦ ਅਸੀਂ ਮਸੀਹ ਲਈ ਦੁੱਖ ਝੱਲਦੇ ਹਾਂ ਤਾਂ ਅਸੀਂ ਉਸ ਸਥਿਰਤਾ ਅਤੇ ਮਜ਼ਬੂਤੀ ਵਿਚ ਸਾਂਝੀ ਹੁੰਦੇ ਹਾਂ ਜਿਹਦੇ ਨਾਲ ਖ਼ੁਦਾ ਦੇ ਇਸ ਵੱਡੇ ਸੇਵਕ ਨੇ ਆਉਣ ਵਾਲੇ ਸੰਸਾਰ ਵਿਚ ਜੀ ਉੱਠਣ ਦੀ ਅਨੰਦ ਭਰੀ ਉਮੀਦ ਨਾਲ ਤਕਲੀਫ਼, ਦੁੱਖ ਅਤੇ ਮੌਤ ਦਾ ਸਾਹਮਣਾ ਕੀਤਾ।

---

ਟਿੱਪਣੀਆਂ

[1]ਯੂਹੰਨਾ 7:53–8:11 ਦੇ ਮੂਲ ਪਾਠਾਂ ਵਿਚ ਗਵਾਹੀਆਂ, ਯੂਨਾਨੀ ਹੱਥਲਿਖਤਾਂ ਮਿਲਦੀਆਂ ਹਨ, ਉਨ੍ਹਾਂ ਨੂੰ ਆਮ ਤੌਰ ਤੇ ਸਭ ਤੋਂ ਪੁਰਾਣੀਆਂ ਅਤੇ ਬੇਹਤਰੀਨ ਨਹੀਂ ਸਮਝਿਆ ਜਾਂਦਾ। ਫਿਰ ਵੀ ਇਹ ਬਚਨ ਕੁਝ ਪੁਰਾਣੇ ਲਾਤੀਨੀ ਅਤੇ ਸੀਰੀਆਈ ਹੱਥਲਿਖਤਾਂ ਵਿਚ ਮਿਲਦਾ ਹੈ। ਇਹ ਲਗਭਗ ਸਾਰੇ ਮੌਜੂਦਾ ਅੰਗ੍ਰੇਜ਼ੀ ਅਨੁਵਾਦਾਂ ਵਿਚ ਵੀ ਮਿਲਦਾ ਹੈ। [2]ਕੈਨਥ ਐਲ. ਬੋਲਸ, *ਗਲੇਸ਼ੀਅੰਸ ਐਂਡ ਇਫ਼ਿਸੀਅੰਸ,* ਦ ਕਾਲੇਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲਿਸਿੰਗ ਕੰ., 1993), 160. [3]ਰੌਬਰਟ ਐਲ. ਜੌਨਸਨ, *ਦ ਲੈਟਰ ਆਫ਼ ਪੌਲਸ ਟੂ ਦ ਗਲੇਸ਼ੀਅੰਜ਼,* ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ, ਟੈਕਸਸ: ਆਰ. ਬੀ. ਸਵੀਟ ਕੰ. 1969), 166. [4]ਵੇਖੋ ਰੋਮੀਆਂ 15:1; 1 ਕੁਰਿੰਥੀਆਂ 8:13; 2 ਕੁਰਿੰਥੀਆਂ 11:28, 29; ਗਲਾਤੀਆਂ 6:1. [5]ਵੇਖੋ ਰੋਮੀਆਂ 12:3; 1 ਕੁਰਿੰਥੀਆਂ 8:2; 2 ਕੁਰਿੰਥੀਆਂ 10:12, 18. [6]ਜੌਨਸਨ, 167. [7]ਜ਼ਿਨੋਫੋਨ *ਮੈਮੋਰੇਬਿਲੀਆ* 3.13.6. [8]ਕਿਸੇ ਨਗਰ ਵਿਚ ਪ੍ਰਚਾਰ ਕਰਨ ਦੇ ਦੌਰਾਨ ਪੌਲੁਸ ਨੇ ਸਥਾਨਕ ਲੋਕਾਂ ਤੋਂ ਕਿਸੇ ਪ੍ਰਕਾਰ ਦੀ ਮਦਦ ਨਹੀਂ ਲਈ (1 ਕੁਰਿੰਥੀਆਂ 9:18)। ਉਹ ਚਾਹੁੰਦਾ ਸੀ ਕਿ ਉਹ ਦੀ ਨਕਲ ਕਰਨ ਲਈ ਆਪਣੇ ਹੱਥਾਂ ਨਾਲ ਕੰਮ ਕਰਨ ਦਾ ਨਮੂਨਾ ਦੇਵੇ (ਰਸੂਲਾਂ ਦੇ ਕਰਤੱਬ 20:33–35; 1 ਥੱਸਲੁਨੀਕੀਆਂ 2:9; 2 ਥੱਸਲੁਨੀਕੀਆਂ 3:7–9), ਅਤੇ ਇਸ ਝੂਠੀ ਅਲੋਚਨਾ ਤੋਂ ਬਚਣਾ ਚਾਹੁੰਦਾ ਸੀ ਕਿ ਉਹ ਸਿਰਫ਼ ਪੈਸੇ ਲਈ ਪ੍ਰਚਾਰ ਕਰਦਾ ਹੈ। ਜਦੋਂ ਇਨ੍ਹਾਂ ਗੱਲਾਂ ਦਾ ਕੋਈ ਸਵਾਲ ਨਹੀਂ ਸੀ ਤਾਂ ਉਹਨੇ ਹੋਰਨਾਂ ਨਗਰਾਂ ਦੀਆਂ ਕਲੀਸੀਆਵਾਂ ਤੋਂ ਕੋਈ ਮਦਦ ਨਹੀਂ ਲੈਣੀ ਸੀ (2 ਕੁਰਿੰਥੀਆਂ 11:7–9; ਫ਼ਿਲਿੱਪੀਆਂ 4:10–20)। [9]ਵੇਖੋ 1 ਕੁਰਿੰਥੀਆਂ 3:18; ਅਫ਼ਸੀਆਂ 5:6; 2 ਥੱਸਲੁਨੀਕੀਆਂ 2:3; 1 ਯੂਹੰਨਾ 3:7. [10]ਵਾਲਟਰ ਬਾਉਰ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ ਤੀਜੀ, ਸੋਧ ਅਤੇ ਸੰਪਾ. ਫ਼੍ਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 660.

[11]ਬੇਨ ਵਿਦ੍ਰਿੰਗਟਨ III, *ਗ੍ਰੇਸ ਇਨ ਗਲੇਸ਼ੀਆ: ਏ ਕਮੈਂਟਰੀ ਆਨ ਸੇਂਟ ਪੌਲਸ ਲੈਟਰ ਟੂ ਦ ਗਲੇਸ਼ੀਅੰਸ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1998), 431. [12]ਰਿਚਰਡ ਐਨ. ਲੌਂਗਨੇਕਰ, *ਗਲੇਸ਼ੀਅੰਸ* ਵਰਡ ਬਿਬਲੀਕਲ ਕਮੈਂਟਰੀ, ਜਿਲਦ 41 (ਨੈਸ਼ਵਿੱਲ: ਥੌਮਸ ਨੈਲਸਨ ਪਬਲੀਸ਼ਰਜ਼, 1990), 280–81. [13]ਬਾਉਰ, 272. ਇਕ ਹੋਰ ਸੰਭਾਵਿਤ ਪਰਿਭਾਸ਼ਾ ''ਅਸੀਂ ਹੌਸਲਾ ਨਹੀਂ ਹਾਰਦੇ'' ਹੈ। (ਵੇਖੋ ਲੂਕਾ 18:1; 2 ਕੁਰਿੰਥੀਆਂ 4:1, 16; ਅਫ਼ਸੀਆਂ 3:13; 2 ਥੱਸਲੁਨੀਕੀਆਂ 3:13.) [14]ਉੱਥੇ ਹੀ, 694. [15]ਇਸ ਕਿਰਿਆ ਦਾ ਸ਼ਾਬਦਿਕ ਰੂਪ γράφω (*graphō*) ਹੈ ਜਿਸਦਾ ਅਰਥ ਹੈ, ''ਲਿਖ।'' [16]ਇਸ ਉਪਯੋਗ ਨੂੰ ''ਪਿਆਰੇ'' ਸ਼ਬਦ ਦੇ ਨਾਲ ਖਤ ਦੀ ਸ਼ੁਰੂਆਤ ਕਰਨ ਦੇ ਨਾਲ ਮਿਲਾਇਆ ਜਾ ਸਕਦਾ ਹੈ। ਅੱਜ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਸੰਬੋਧਨ ਲਈ ਇਸੇ ਸ਼ੈਲੀ ਦੀ ਵਰਤੋਂ ਕਰਦੇ ਹਨ, ਭਾਵੇਂ ਉਨ੍ਹਾਂ ਲੋਕਾਂ ਨੂੰ ਲਿਖ ਰਹੇ ਹੋਈਏ ਜਿਨ੍ਹਾਂ ਨੂੰ ਅਸੀਂ ਨਿੱਜੀ ਤੌਰ ਤੇ ਨਹੀਂ ਜਾਣਦੇ। [17]NASB ਵਿਚ ਭਾਵੇਂ ਇਹ

ਸਾਫ਼ ਨਹੀਂ ਹੈ ਪਰ ਰੋਮੀਆਂ 16:22 ਵਿਚ ਤਰਤਿਯੁਸ ਨੇ ਗਲਾਤੀਆਂ 6:11 ਵਿਚ ਪੌਲੁਸ ਵਾਂਗ ਖਤ ਦੇ ਅਨਿਰਦਿਸ਼ਕਾਲ ਦੀ ਵਰਤੋਂ ਕੀਤੀ। ਮੁੱਖ ਅੰਤਰ ਇਹ ਹੈ ਕਿ ਤਰਤਿਯੁਸ ਨੇ ਨਿਰਦੇਸ਼ਾਤਮਕ ਕਿਰਿਆ ਦੀ ਬਜਾਇ ਕ੍ਰਿਦੰਤ ਰੂਪ ਦੀ ਵਰਤੋਂ ਕੀਤੀ। [18]ਵੱਖੋ ਵੱਖ ਵਿਦਵਾਨਾਂ ਵੱਲੋਂ ਪੌਲੁਸ ਨੇ ''ਵੱਡੇ ਵੱਡੇ ਅੱਖਰਾਂ'' ਨੂੰ ਉਸ ਦੇ ''ਟਹਲੂ ਦੇ ਹੱਥ'' ਕਿਹਾ, ਉਸ ਦੀ ''ਕਮਜ਼ੋਰ ਨਜ਼ਰ'' ਜਾਂ ''ਆਪਣੀ ਗੱਲ ਤੇ ਜ਼ੋਰ ਦੇਣ'' ਦੀ ਇੱਛਾ ਦੱਸਿਆ ਗਿਆ (ਬੋਲਸ, 168)। [19]ਐਵਰੇਟ ਫਰਗਯੁਸਨ, ਬੈਕਗ੍ਰਾਉਂਡਸ ਆਫ਼ ਅਰਲੀ ਕ੍ਰਿਸਚਿਐਨਿਟੀ, 2 ਸੰਪਾ. (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1993), 121. [20]ਰਸੂਲਾਂ ਦੇ ਕਰਤੱਬ 15:22–18:5 ਵਿਚ ਜਿਸ ਨੂੰ ''ਸੀਲਾਸ'' ਦੇ ਰੂਪ ਵਿਚ ਜਾਣਿਆ ਗਿਆ, ਇਹ ''ਸਿਲਵਾਨੁਸ'' ਥੱਸਲੁਨੀਕੀਆਂ ਦੇ ਪਾਠਕਾਂ ਲਈ ਪੌਲੁਸ ਨੇ ਕਲਰਕ ਦਾ ਕੰਮ ਕੀਤਾ (ਵੇਖੋ 1 ਥੱਸਲੁਨੀਕੀਆਂ 1:1; 2 ਥੱਸਲੁਨੀਕੀਆਂ 1:1)। ਉਹ ਯਕੀਨਨ 1 ਪਤਰਸ 5:12 ਵਾਲੇ ਖਤ ਦਾ ਕਲਰਕ ਹੀ ਹੈ।

[21]ਵੇਖੋ 1 ਕੁਰਿੰਥੀਆਂ 16:21; ਕੁਲੁੱਸੀਆਂ 4:18; ਫਿਲੇਮੋਨ 19 ਵਿਚ ਪੌਲੁਸ ਦੀ ਆਪਣੀ ਲਿਖਾਈ ਨੇ ਦੋ ਕੰਮ ਕੀਤੇ। ਇਸ ਨਾਲ ਖ਼ਤ ਦੀ ਪ੍ਰਮਾਣਿਕਤਾ ਬਣ ਗਈ ਅਤੇ ਉਸ ਨੇ ਪ੍ਰੋਨੋਟ ਤੇ ਉਸ ਦੇ ਦਸਤਖਤ ਦਾ ਕੰਮ ਕੀਤਾ (ਉਨੇਸਿਮੁਸ ਵੱਲੋਂ ਫਿਲੇਮੋਨ ਨੂੰ ਪਹੁੰਚਾਈ ਗਈ ਕਿਸੇ ਵੀ ਘਾਟੇ ਨੂੰ ਪੂਰਾ ਕਰਨ ਲਈ)। [22]ਲਿਓਨ ਮੌਰਿਸ, *ਦ ਐਪਿਸਟਲਜ਼ ਆਫ਼ ਪੌਲ ਟੂ ਦ ਥੱਸਲੋਨੀਅੰਸ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1956), 151. [23]ਬਾਉਰ, 411. [24]ਵੇਖੋ ਰਸੂਲਾਂ ਦੇ ਕਰਤੱਬ 2:38, 39; ਰੋਮੀਆਂ 2:28, 29; 9:6–8; ਕੁਲੁੱਸੀਆਂ 2:11–14. [25]ਐਫ਼. ਐਫ਼. ਬਰੂਸ, *ਦ ਐਪਿਸਟਲ ਟੂ ਦ ਗਲੇਸ਼ੀਅੰਸ,* ਦ ਨਿਊ ਇੰਟਰਨੈਸ਼ਨਲ ਗ੍ਰੀਕ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ.,1982), 269. [26]ਸਿਸੇਰੋ *ਇਨ ਡਿਫੈਂਸ ਆਫ਼ ਰੇਬਿਰਸ* 5.16. [27]ਜੇ. ਬੀ. ਲਾਈਟਫੁਟ, *ਦ ਐਪਿਸਟਲ ਆਫ਼ ਸੇਂਟ ਪੌਲ ਟੂ ਦ ਗਲੇਸ਼ੀਅੰਸ,* ਕਲਾਸਿਕ ਕਮੈਂਟਰੀ ਲਾਇਬ੍ਰੇਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1957), 223. ਬਰੂਸ ਨੇ ਇਹ ਵੀ ਦਾਅਵਾ ਕੀਤਾ ਕਿ ਇੱਥੇ ਪੜਨਾਉਂ ਦਾ ਪੂਰਵਪਦ ''ਸਲੀਬ'' ਦੇ ਹੋਣ ਦੀ ਵਧੇਰੇ ਸੰਭਾਵਨਾ ਹੈ। (ਬਰੂਸ, *ਗਲੇਸ਼ੀਅੰਸ,* 271.) [28]ਵੇਖੋ ਰੋਮੀਆਂ 14; 15; 1 ਕੁਰਿੰਥੀਆਂ 8:1–13; 10:31–33. [29]ਯੂਹੰਨਾ 3:5 ਵਿਚ ''ਜਲ'' ਸਚਮੁਚ ਵਿਚ ਪਾਣੀ ਹੈ ਅਤੇ ਪਾਣੀ ਤੋਂ ਛੁੱਟ ਇਸ ਦਾ ਕੋਈ ਹੋਰ ਅਰਥ ਬਨਾਉਣ ਦਾ ਕੋਈ ਤਰਕ ਨਹੀਂ ਹੈ। ਬਾਈਬਲ ਦੇ ਅਨੁਸਾਰ ਬਪਤਿਸਮਾ ਸਿਰਫ਼ ਪਾਣੀ ਵਿਚ ''ਦਫ਼ਨਾਏ ਗਏ'' (ਰੋਮੀਆਂ 6:4; ਕੁਲੁੱਸੀਆਂ 2:11, 12)। ਯਕੀਨਨ ਹੀ ਪ੍ਰਭੂ ਦਾ ਆਪਣਾ, ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਤਿਆਰੀ ਦੇ ਕੰਮ ਦਾ ਅਤੇ ਰਸੂਲਾਂ ਦੇ ਕਰਤੱਬ ਵਿਚ ਗ੍ਰੇਟ ਕਮਿਸ਼ਨ ਦੇ ਬਪਤਿਸਮੇ ਦੇ ਕਈ ਨਮੂਨਿਆਂ ਦਾ ਇਹੀ ਤਰੀਕਾ ਸੀ। ਅਸੀਂ ਉਨ੍ਹਾਂ ਲਈ ਪਰੇਸ਼ਾਨ ਹਾਂ ਜਿਹੜੇ ਅੱਜ ਮਸੀਹ ਦੇ ਸੰਦੇਸ਼ ਦਾ ਪ੍ਰਚਾਰ ਕਰਦੇ ਹਨ ਅਤੇ ਇਸ ਵਿਸ਼ੇ ਤੇ ਜਾਂ ਤਾਂ ਚੁੱਪ ਰਹਿੰਦੇ ਹਨ ਜਾਂ ਬਹੁਤ ਜ਼ਿਆਦਾ ਕਾਲਪਨਿਕ ਵਿਆਖਿਆਵਾਂ ਲੱਭਦੇ ਹਨ, ਜਿਹੜੀਆਂ ਯਿਸੂ ਦੇ ਰਸੂਲਾਂ ਵੱਲੋਂ ਕੀਤੇ ਜਾਣ ਵਾਲੇ ਪ੍ਰਚਾਰ ਅਤੇ ਵਿਹਾਰ ਦੋਹਾਂ ਤੋਂ ਬਚਣ ਲਈ ਹਨ। [30]ਵੇਖੋ *ਪ੍ਰਾਸੰਗਿਕਤ: ਕੈਨਨ,* ਸਫ਼ੇ 153–55.

[31]NASB ਦੇ ਵਾਂਗ ਹੋਰ ਕਈ ਅੰਗ੍ਰੇਜ਼ੀ ਅਨੁਵਾਦਾਂ ਵਿਚ 6:16 ਵਿਚ ਇਸ ਨੂੰ ਵਿਸ਼ੇਸ਼ ***kai*** ਕੀਤਾ ਗਿਆ ਹੈ (KJV; ASV; NKJV; NAB; NJB; NEB; GNT; NRSV; CJB; ESV)। [32]ਬਾਉਰ, 495; ਐਫ਼. ਬਲਾਸ ਐਂਡ ਏ. ਡੇਬਰੱਨਰ, *ਏ ਗ੍ਰੀਕ ਗ੍ਰਾਮਰ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਅਨੁ. ਅਤੇ ਸੋਧ. ਹੌਬਰਟ ਡਬਲਯੂ. ਫੰਕ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 1961), 228 (ਨੰ. 442.9)। [33]ਇਸ ਵਾਕਅੰਸ਼ ਦਾ ਅਨੁਵਾਦ ''*ਭਾਵ,* ਪਰਮੇਸ਼ੁਰ ਦਾ ਇਸਰਾਏਲ'' ਅਰਥਾਤ ''ਪਰਮੇਸ਼ੁਰ ਦਾ ਇਸਰਾਏਲ'' ਵੀ ਕੀਤਾ ਜਾ ਸਕਦਾ ਹੈ। ਹੋਰ ਅਨੁਵਾਦ ਯੋਜਕ ਨੂੰ ਵੱਖ ਕਰਕੇ ਕਿਸੇ ਅਰਥ ਤੇ ਪਹੁੰਚਦੇ ਹਨ (RSV; REB; CEV; NLT)। [34]ਆਰ. ਐਲਨ ਕੋਲ, *ਦ ਐਪਿਸਟਲ ਆਫ਼ ਪੌਲ ਟੂ ਦ ਗਲੇਸ਼ੀਅੰਸ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ.

ਈਰਡਮੈਂਸ ਪਬਲੀਸ਼ਿੰਗ ਕੰ., 1965), 183–84. [35]ਜਸਟਿਨ ਮਾਰਟਿਰ *ਡਾਇਲੌਗ ਵਿਦ ਟ੍ਰਾਅਫੋ* 11. [36]ਜੌਨ ਕ੍ਰਿਸੋਸਟੋਮ *ਕਮੈਂਟਰੀ ਆਨ ਗਲੇਸ਼ੀਅੰਸ* 6.15, 16. [37]''ਇਸਰਾਏਲ'' ਦੇ ਰੂਪ ਵਿਚ ਕਲੀਸੀਆ ਦਾ ਇਕ ਹੋਰ ਸੰਭਾਵਿਤ ਹਵਾਲਾ ਰੋਮੀਆਂ 11:26 ਵਿਚ ਮਿਲਦਾ ਹੈ, ਭਾਵੇਂ ਇਸ ਵਚਨ ਦੀ ਵਿਆਖਿਆ ਔਖੀ ਹੈ। [38]ਲੌਂਗਨੇਕਰ, 300. [39]ਯਕੀਨਨ ਯਹੂਦੀ ਲੋਕ ਗੁਲਾਮਾਂ ਤੇ ਮੋਹਰ ਜਾਂ ਠੱਪਾ ਨਹੀਂ ਲਾਉਂਦੇ ਸਨ। ਪਰ ਉਮਰ ਭਰ ਲਈ ਆਪਣੀ ਮਰਜ਼ੀ ਨਾਲ ਗੁਲਾਮ ਬਣਨ ਨੂੰ ਚੁਣਨ ਵਾਲਿਆਂ ਦੇ ਇਕ ਕੰਨ ਵਿਚ ਆਰ ਨਾਲ ਛੇਦ ਕਰਕੇ ''ਕੰਨ ਨੂੰ ਵਿੰਨ੍ਹੇ'' ਜਾਣ ਕਰਕੇ ਨਿਸ਼ਾਨ ਲਾਇਆ ਜਾਂਦਾ ਸੀ (ਕੂਚ 21:5, 6; ਵਿਵਸਥਾ ਸਾਰ 15:16, 17)। [40]''ਹਲੀਮੀ'' (***prautēs***) ਦੇ ਵਿਹਾਰ ਦਾ ਜਿਸਦਾ ਅਨੁਵਾਦ ''ਦੀਨਤਾ'' ਜਾਂ ''ਨਰਮ ਸੁਭਾਅ'' ਵੀ ਕੀਤਾ ਜਾਂਦਾ ਹੈ, ਉਨ੍ਹਾਂ ਲੋਕਾਂ ਵਿਚ ਹੋਣੀ ਜ਼ਰੂਰੀ ਹੈ ਜਿਹੜੇ ਕਲੀਸੀਆ ਦੇ ਅਨੁਸ਼ਾਸਨ ਵਰਗੇ ਗੰਭੀਰ ਮਾਮਲਿਆਂ ਨੂੰ ਵੇਖਦੇ ਸਨ। ਜਿਵੇਂ ਕਿ ਪਹਿਲਾਂ ਕਿਹਾ ਗਿਆ ਸੀ, ''ਸੰਭਾਲੋ'' ਲਈ ਯੂਨਾਨੀ ਸ਼ਬਦ (***katartizō***) ਦਾ ਅਰਥ ਬੁਨਿਆਦੀ ਤੌਰ ਤੇ ਟੁੱਟੀ ਜਾਂ ਫਟ ਗਈ ਚੀਜ਼ ਨੂੰ ''ਠੀਕ ਕਰਨਾ,'' ''ਮੁਰੰਮਤ ਕਰਨਾ'' ਹੈ, ਜਿਵੇਂ ਮੱਛੀਆਂ ਫੜ੍ਹਨ ਤੋਂ ਬਾਅਦ ਯਾਕੂਬ ਅਤੇ ਯੂਹੰਨਾ ''ਆਪਣਿਆਂ ਜਾਲਾਂ ਨੂੰ ਸੁਧਾਰਦੇ ਸਨ'' (ਮੱਤੀ 4:21)। ਇਸ ਦੀ ਆਤਮਿਕ ਪ੍ਰਸੰਗਿਕਤਾ 1 ਕੁਰਿੰਥੀਆਂ 1:10 ਅਤੇ 1 ਥੱਸਲੁਨੀਕੀਆਂ 3:10 ਵਿਚ ਮਿਲਦੀ ਹੈ, ਜਿੱਥੇ ਇਸ ਦੀ ਵਰਤੋਂ ਕਲੀਸੀਆ ਦੇ ਸਬੰਧ ਲਈ ਕੀਤੀ ਗਈ ਹੈ, ਜਿਵੇਂ ''ਸੁਧਾਰਣ'' ਦੀ ਲੋੜ ਹੈ ਤਾਂ ਜੋ ਸੰਸਾਰ ਵਿਚ ਚੰਗੀ ਤਰ੍ਹਾਂ ਨਾਲ ਕੰਮ ਕਰ ਸਕੀਏ ਅਤੇ ਉਸ ਦੇ ਮਿਸ਼ਨ ਨੂੰ ਪੂਰਾ ਕਰ ਸਕੀਏ। ਜਿਵੇਂ ਜਾਲ ਦੇ ਪਾਟ ਜਾਣ ਤੇ ਮੱਛੀ ਨਹੀਂ ਫੜ੍ਹੀ ਜਾ ਸਕਦੀ ਉਸੇ ਤਰ੍ਹਾਂ ਫੁੱਟ ਅਤੇ ਦਲਬੰਦੀ ਦੇ ਕਾਰਣ ਡੁੱਬੇ ਹੋਏ ਲੋਕਾਂ ਨੂੰ ''ਫੜ੍ਹਨ'' ਦੇ ਪਰਮੇਸ਼ੁਰ ਦੇ ਕੰਮ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ (ਵੇਖੋ ਮੱਤੀ 5:14–16; ਯੂਹੰਨਾ 13:34, 35)।

[41]ਕਲੀਸੀਆ ਦੇ ਅਨੁਸ਼ਾਸਨ ਅਤੇ ਸੰਗਤੀ ਵਿੱਚੋਂ ਕੱਢੇ ਜਾਣ ਦੇ ਸਬੰਧ ਵਿਚ, ਵੇਖੋ 1 ਕੁਰਿੰਥੀਆਂ 5:5, 11; 2 ਥੱਸਲੁਨੀਕੀਆਂ 3:6, 13–15; ਤੀਤੁਸ 3:9–11; 2 ਯੂਹੰਨਾ 9, 10. [42]ਕਈ ਹੋਰ ਅਨੁਵਾਦਾਂ ਦੇ ਨਾਲ–ਨਾਲ NASB ਵਿਚ ਇਨ੍ਹਾਂ ਦੋਹਾਂ ਵਾਕਾਂ ਦਾ ਅਨੁਵਾਦ ਨਿਸ਼ਚਿਤ ਉਪਪਦ ''the'' ਦੇ ਨਾਲ ਕੀਤਾ ਗਿਆ ਹੈ, ਭਾਵੇਂ ਯੂਨਾਨੀ ਧਰਮਗ੍ਰੰਥ ਵਿਚ ਇਹ ਨਹੀਂ ਮਿਲਦਾ। [43]ਹੈਨਰੀ ਜੌਰਜ ਲਿੱਡਲੇ ਐਂਡ ਰੌਬਰਟ ਸਕਾਟ, *ਏ ਗ੍ਰੀਕ–ਇੰਗਲਿਸ਼ ਲੈਕਸਿਕਨ,* 9ਵਾਂ ਸੰਸ. ਵਾਧੂ ਭਾਗ ਨਾਲ ਸੋਧ ਅਤੇ ਹੋਰ ਵਿਸਤਾਰ, ਸੋਧ. ਹੈਨਰੀ ਸਟੁਅਰਟ ਜੌਨਸ ਐਂਡ ਰੌਡਰਿਕ ਜੈਕਨੀਜ਼ (ਆਕਸਫ਼ੋਰਡਃ ਕਲੇਰੇਂਡਨ ਪ੍ਰੈੱਸ, 1968), 570. [44]*ਥਿਓਲੋਜਿਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ, ਸੰਪਾ. ਗਰਹਰਡ ਕਿੱਟਲ,* ਅਨੁ. ਅਤੇ ਸੰਪਾ. ਜਿਉਫਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1967), 4:1087 ਵਿਚ ਡਬਲਯੂ. ਗਟਘੋਰ ''ἔννομος,'' [45]ਵੇਖੋ ਮੱਤੀ 22:36–40; ਯੂਹੰਨਾ 13:34, 35; ਰੋਮੀਆਂ 13:8–10; ਯਾਕੂਬ 2:8, 12. [46]ਵੇਖੋ ਮੱਤੀ 16:27; 25:31–46; 2 ਕੁਰਿੰਥੀਆਂ 5:10; ਅਫ਼ਸੀਆਂ 6:5–9; ਪ੍ਰਕਾਸ਼ ਦੀ ਪੋਥੀ 20:11–13; 22:12. [47]*ਥਿਓਲੋਜਿਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ,* ਸੰਪਾ. ਗਰਹਰਡ ਕਿੱਟਲ, ਅਨੁ. ਅਤੇ ਸੰਪਾ. ਜਿਉਫਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1967), 4:1086 ਵਿਚ ਡਬਲਯੂ. ਗਟਬੋਰਡ, ''ἀνομία.'' [48]ਵੇਖੋ ਮੱਤੀ 7:12; 22:36–40; ਰੋਮੀਆਂ 13:8–10. [49]ਵੇਖੋ ਰਸੂਲਾਂ ਦੇ ਕਰਤੱਬ 2:44–47; 4:32–37; 6:1–6. [50]ਫ੍ਰੇਡ ਏ. ਫਿਲਮੋਰ, ''ਸੋਇੰਗ ਦ ਸੀਡ ਆਫ਼ ਦ ਕਿੰਗਡਮ,'' *ਸੌਂਗਜ਼ ਆਫ਼ ਫੇਥ ਐਂਡ ਪ੍ਰੇਜ਼,* ਸੰਕਲਨ ਅਤੇ ਸੰਪਾ. ਅਲਟੋਨ ਐਚ. ਹੌਵਰਡ (ਵੇਸਟ ਮੋਨਰੋ, ਲੂਈਸਿਆਨਾਃ ਹੌਵਰਡ ਪਬਲੀਸ਼ਿੰਗ ਕੰ., 1994)।

[51]ਨੋਲਸ ਸ਼ਾਅ ''ਬ੍ਰਿੰਗਿੰਗ ਇਨ ਦ ਸ਼ੀਵਸ,'' *ਸੌਂਗਸ ਆਫ਼ ਦ ਚਰਚ,* ਅਨੁ ਅਤੇ ਸੰਪਾ. ਆਲਟਨ ਐਚ. ਹੌਵਰਡ (ਵੈਸਟ ਮੋਨਰੋ, ਲੂਈਸਿਆਨਾਃ ਹੌਵਰਡ ਪਬਲੀਸ਼ਿੰਗ ਕੰ., 1977)। [52]ਵੇਖੋ ਗਲਾਤੀਆਂ 1:6–10; ਰੋਮੀਆਂ 16:17; 1 ਤਿਮੋਥਿਉਸ 6:3–5; 2 ਯੂਹੰਨਾ 10. [53]ਵੇਖੋ ਰੋਮੀਆਂ 14:1—15:7;

1 ਕੁਰਿੰਥੀਆਂ 8:1–13; 10:23–33. [54]ਵੇਖੋ ਰਸੂਲਾਂ ਦੇ ਕਰਤੱਬ 24:17; ਰੋਮੀਆਂ 15:25–28; 1 ਕੁਰਿੰਥੀਆਂ 16:1, 2; 2 ਕੁਰਿੰਥੀਆਂ 8; 9. [55]ਵੇਖੋ ਯਸਾਯਾਹ 22:22; ਮੱਤੀ 16:18, 19; ਰਸੂਲਾਂ ਦੇ ਕਰਤੱਬ 2:14, 37–41. [56]''ਪਤਰਸ'' ਅਰਾਮੀ ਨਾਮ ''ਕੈਫ਼ਾ'' ਦਾ ਯੂਨਾਨੀ ਸ਼ਬਦ ਸੀ। ਦੋਹਾਂ ਦਾ ਅਰਥ ''ਚੱਟਾਨ'' ਹੁੰਦਾ ਹੈ। [57]ਵੇਖੋ ਵਿਵਸਥਾ ਸਾਰ 10:12–16; 30:4–6; ਯਿਰਮਿਯਾਹ 9:25, 26; ਫ਼ਿਲਿੱਪੀਆਂ 3:2, 3; ਕੁਲੁੱਸੀਆਂ 2:11–14. [58]ਗ੍ਰੀਕ ਆਰਥੋਡਾਕਸ ਚਰਚ ਨੂੰ ਭਾਵੇਂ ਡੁਬਕੀ ਦੇ ਰੂਪ ਵਿਚ ਬਪਤਿਸਮੇ ਦੇ ਅਰਥ ਦੀ ਸਹੀ ਸਮਝ ਹੈ, ਪਰ ਇਨ੍ਹਾਂ ਦੇ ਲੋਕ ਆਮ ਤੌਰ ਤੇ ਗਲਤ ਲੋਕਾਂ ਨੂੰ (ਨਵਜੰਮੇ ਬੱਚਿਆਂ ਨੂੰ ਜਿਹੜੇ ਪਾਪ ਤੋਂ ਅਣਜਾਨ ਹਨ ਅਤੇ ਨਿਹਚਾ ਨਹੀਂ ਕਰ ਸਕਦੇ) ਬਪਤਿਸਮਾ ਦੇ ਦਿੰਦੇ ਹਨ। [59]ਵੇਖੋ ਰੋਮੀਆਂ 6:1–8; ਗਲਾਤੀਆਂ 3:26–29; ਕੁਲੁੱਸੀਆਂ 2:9–13. [60]ਵੇਖੋ ਰਸੂਲਾਂ ਦੇ ਕਰਤੱਬ 2:21, 37–41; 22:16; 1 ਕੁਰਿੰਥੀਆਂ 6:11; ਇਬਰਾਨੀਆਂ 10:19–23.

[61]1 ਕੁਰਿੰਥੀਆਂ 10:18 ਦੀ ਯੂਨਾਨੀ ਲਿਖਤ ਵਿਚ ਇਹ ਵਾਕਅੰਸ਼ ਮਿਲਦਾ ਹੈ। ਗਲਾਤੀਆਂ 4:23, 29 ਵਿਚ ਵੀ ਇਹੀ ਵਿਚਾਰ ਮਿਲਦਾ ਹੈ। [62]ਡੀ. ਏ. ਕਾਰਸਨ, ਡਗਲਸ ਜੇ. ਮੂ, ਐਂਡ ਲਿਓਨ ਮੌਰਿਸ, *ਐਨ ਇੰਟ੍ਰੋਡਕਸ਼ਨ ਟੂ ਦ ਨਿਊ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੋਂਡਰਵਨ ਪਬਲੀਸ਼ਿੰਗ ਹਾਊਸ, 1992), 487. [63]ਉੱਥੇ ਹੀ, 492. [64]ਐਫ. ਐਫ. ਬਰੂਸ, *ਦ ਕੈਨਨ ਆਫ਼ ਸਕ੍ਰਿਪਚਰ* (ਡਾਊਨਰਜ਼ ਗ੍ਰੋਵ, ਇਲਿਨੋਇ: ਇੰਟਰਵਰਸਿਟੀ ਪ੍ਰੈੱਸ, 1988), 158–61. [65]ਯੂਸਬਿਯੁਸ *ਐਕਲੇਸਟਿਕਲ ਹਿਸਟਰੀ,* 3.3. [66]ਅਥੇਨੇਸਿਉਸ *ਲੈਟਰ* 39.5. [67]ਬਰੂਸ, *ਕੈਨਨ,* 232–33.